Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
RE/MAX
Outstanding Agents Outstanding Results
Gurjatinder S. Randhawa
REALTOR CA DRE licence # 01490567
916-320-9444

Vol. 19, Issue- 860, 26 June to 02 July, 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਤੋਂ ਵੱਡੀ ਗਿਣਤੀ 'ਚ ਗੈਰ ਕਾਨੂੰਨੀ ਪ੍ਰਵਾਸੀ ਕੀਤੇ ਜਾਣਗੇ ਡਿਪੋਰਟ!

■ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਨੂੰ ਰੱਖਿਆ ਬਰਕਰਾਰ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਤੋਂ ਵੱਡੀ ਗਿਣਤੀ 'ਚ ਗੈਰ ਕਾਨੂੰਨੀ ਪ੍ਰਵਾਸੀ ਡਿਪੋਰਟ ਕੀਤੇ ਜਾਣਗੇ। ਬੀਤੇ ਦਿਨੀਂ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਹੁਕਮ ਨੂੰ ਬਰਕਰਾਰ ਰੱਖਿਆ। ਇਹ ਫੈਸਲਾ ਬਹੁਗਿਣਤੀ ਜੱਜਾਂ ਨੇ ਦਿੱਤਾ। ਇਸ ਤੋਂ ਪਹਿਲਾਂ ਬੋਸਟਨ ਜ਼ਿਲ੍ਹਾ ਜੱਜ ਬ੍ਰਾਇਨ ਮਰਫੀ ਨੇ ਟਰੰਪ ਪ੍ਰਸ਼ਾਸਨ ਦੇ ਹੁਕਮ 'ਤੇ 'ਰੋਕ' ਲਗਾਉਂਦਿਆਂ ਕਿਹਾ ਸੀ ਕਿ ਭਾਵੇਂ ਉਹ ਪ੍ਰਵਾਸੀ ਗੈਰ-ਕਾਨੂੰਨੀ ਤੌਰ 'ਤੇ ਆਏ ਹੋਣ, ਉਨ੍ਹਾਂ ਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਇਸਨੂੰ ਅਸਵੀਕਾਰਨਯੋਗ ਮੰਨਿਆ ਅਤੇ ਟਰੰਪ ਪ੍ਰਸ਼ਾਸਨ ਦੇ ਹੁਕਮ ਨੂੰ ਬਰਕਰਾਰ ਰੱਖਿਆ।

ਇਸ ਤੋਂ ਬਾਅਦ ਗ੍ਰਹਿ ਸੁਰੱਖਿਆ ਵਿਭਾਗ ਦੇ ਬੁਲਾਰੇ ਟ੍ਰਿਸੀਆ ਮੈਕਲਾਫਲਿਨ ਨੇ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਭੇਜਣ ਦੀ ਪ੍ਰਕਿਰਿਆ ਹੁਣ ਤੁਰੰਤ ਸ਼ੁਰੂ ਹੋ ਜਾਵੇਗੀ। ਜਸਟਿਸ ਸੋਨੀਆ ਸੋਟੋਮੇਅਰ ਅਤੇ ਸੁਪਰੀਮ ਕੋਰਟ ਦੇ ਬੈਂਚ ਦੇ ਕਈ ਹੋਰ ਜੱਜਾਂ ਨੇ ਬੋਸਟਨ ਅਦਾਲਤ ਦੇ ਫੈਸਲੇ ਨੂੰ ਸਵੀਕਾਰਯੋਗ ਮੰਨਿਆ, ਪਰ ਅੰਤ ਵਿਚ ਬਹੁਮਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ। ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਕੁਝ ਮਾਹਰਾਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਆਦੇਸ਼ ਢੁੱਕਵਾਂ ਹੈ ਕਿਉਂਕਿ 'ਕਿਸੇ ਵੀ ਦੇਸ਼ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ।'

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੀ ਬੁਲਾਰਾ ਟ੍ਰਿਸੀਆ ਮੈਕਬੋਡੀਨ ਨੇ ਸੁਪਰੀਮ ਕੋਰਟ ਦੇ ਆਦੇਸ਼ ਨੂੰ ਦੇਸ਼ ਦੀ ਸੁਰੱਖਿਆ ਅਤੇ ਇਸ ਦੇ ਲੋਕਾਂ ਦੀ ਸੁਰੱਖਿਆ ਲਈ ਇਕ ਜਿੱਤ ਕਿਹਾ, ਇਸ ਤੋਂ ਪਹਿਲਾਂ ਦੱਖਣੀ ਸੁਡਾਨੀ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਲੈ ਕੇ ਜਾਣ ਵਾਲੇ ਜਹਾਜ਼ ਨੂੰ ਜਿਬੂਤੀ ਵਿਚ ਉਤਾਰਨਾ ਪਿਆ ਕਿਉਂਕਿ ਬੋਸਟਨ ਦੀ ਇੱਕ ਅਦਾਲਤ ਨੇ ਫੈਸਲਾ ਸੁਣਾਇਆ ਸੀ ਕਿ ਉਨ੍ਹਾਂ ਨੂੰ ਵਾਪਸ ਅਮਰੀਕਾ ਲਿਜਾਣਾ ਪੈ ਸਕਦਾ ਹੈ। ਜਹਾਜ਼ ਨੂੰ ਜਿਬੂਤੀ ਵਿਚ ਉਨ੍ਹਾਂ ਗਰੀਬ ਸੁਡਾਨੀ ਲੋਕਾਂ ਨੂੰ ਸਟੀਮਰਾਂ ਦੇ ਲੋਹੇ ਦੇ ਡੱਬਿਆਂ ਵਿਚ ਰੱਖਣ ਦੇ ਇਰਾਦੇ ਨਾਲ ਰੱਖਿਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਲਗਭਗ ਤੇਜ਼ ਗਰਮੀ ਵਿਚ ਭੁੰਨਿਆ ਜਾ ਰਿਹਾ ਸੀ।

■ ਬਾਕੀ ਖਬਰ ਸਫਾ 19 'ਤੇ

## ਪੰਜਾਬ ਕੈਬਨਿਟ 'ਚ ਫੇਰਬਦਲ ਦੀ ਤਿਆਰੀ

■ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ 'ਚ ਕੀਤਾ ਜਾਵੇਗਾ ਸ਼ਾਮਲ

■ ਹੋਰ ਵਿਧਾਇਕ ਵੀ ਬਣ ਸਕਦੇ ਹਨ ਮੰਤਰੀ

**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਜਿੱਤ ਤੋਂ ਬਾਅਦ ਸੂਬੇ 'ਚ ਦੋ-ਚਾਰ ਦਿਨਾਂ 'ਚ ਪੰਜਾਬ ਮੰਤਰੀ ਮੰਡਲ ਦਾ ਵਿਸਥਾਰ ਕਰ ਦਿੱਤਾ ਜਾਵੇਗਾ। ਇਹ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ 'ਚ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ 'ਆਪ' ਦੇ ਲੁਧਿਆਣਾ ਪੱਛਮੀ ਹਲਕੇ ਤੋਂ ਜਿੱਤ ਹਾਸਲ ਕਰਨ ਵਾਲੇ ਸੰਜੀਵ ਅਰੋੜਾ ਨੂੰ ਵੀ ਮੰਤਰੀ ਮੰਡਲ 'ਚ ਸ਼ਾਮਲ ਕੀਤਾ ਜਾਵੇਗਾ। ਉਪ-ਚੋਣ ਤੋਂ ਪਹਿਲਾਂ ਹੀ ਇਸ ਦਾ ਵਾਅਦਾ ਕੀਤਾ ਗਿਆ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੂੰ ਉਦਯੋਗ ਵਿਭਾਗ ਦਿੱਤਾ ਜਾ ਸਕਦਾ ਹੈ ਕਿਉਂਕਿ ਉਹ ਖ਼ੁਦ ਉੱਘੇ ਉਦਯੋਗਪਤੀ ਹਨ ਤੇ ਉਨ੍ਹਾਂ ਨੇ ਇਸ ਵਰਗ ਲਈ ਕਈ ਉਪਰਾਲੇ ਵੀ ਕੀਤੇ ਹਨ। ਇਸ ਸਮੇਂ ਉਦਯੋਗ ਵਿਭਾਗ ਤਰੁਨਪ੍ਰੀਤ ਸਿੰਘ ਸੌਂਦ ਕੋਲ ਹੈ, ਜਿਨ੍ਹਾਂ ਕੋਲ ਹੋਰ ਵੀ ਬਹੁਤ ਸਾਰੇ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਹੈ। ਇਸ ਲਈ ਉਨ੍ਹਾਂ ਤੋਂ ਇਸ ਵਿਭਾਗ ਦੀ ਜ਼ਿੰਮੇਵਾਰੀ ਵਾਪਸ ਲੈ ਕੇ ਅਰੋੜਾ ਨੂੰ ਮੌਕਾ ਦਿੱਤਾ ਜਾ ਸਕਦਾ ਹੈ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ 'ਚ ਚੋਣ ਪ੍ਰਚਾਰ ਕਰਦੇ ਹੋਏ 'ਆਪ' ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਤੋਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾਉਣ ਦਾ ਐਲਾਨ ਕੀਤਾ ਸੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁਝ ਹੋਰ ਚੰਗੇ ਚਿਹਰਿਆਂ ਨੂੰ ਸਰਕਾਰ ਵਿਚ ਜਗ੍ਹਾ ਦਿੱਤੀ ਜਾ ਸਕਦੀ ਹੈ ਕਿਉਂਕਿ 2027 'ਚ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਹੋਣੀਆਂ ਹਨ, ਜਿਨ੍ਹਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਅਗਲੇ ਡੇਢ ਸਾਲਾਂ ਦੌਰਾਨ ਤੇਜ਼-ਤਰਾਰ ਢੰਗ ਨਾਲ ਕੰਮ ਕਰਨਾ ਪਵੇਗਾ।

ਪੰਜਾਬ 'ਚ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਨੂੰ ਲੈ ਕੇ 'ਆਪ' ਲੀਡਰਸ਼ਿਪ ਜ਼ਿਆਦਾ ਪ੍ਰਸੰਨ ਨਹੀਂ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਸੰਜੀਵ ਅਰੋੜਾ ਨੂੰ ਮੰਤਰੀ ਬਣਾਉਂਦੇ ਸਮੇਂ ਪੰਜਾਬ ਮੰਤਰੀ ਮੰਡਲ 'ਚ ਹੋਰ ਵੀ ਫੇਰਬਦਲ ਕੀਤਾ ਜਾਂਦਾ ਹੈ ਜਾਂ ਫਿਰ ਇਕੱਲੇ ਸੰਜੀਵ ਅਰੋੜਾ ਨੂੰ ਹੀ ਮੰਤਰੀ ਮੰਡਲ 'ਚ ਸ਼ਾਮਲ ਕੀਤਾ ਜਾਵੇਗਾ।

ਜਲੰਧਰ ਪੱਛਮੀ ਵਿਧਾਨ ਸਭਾ ਸੀਟ ਦੀ ਜਦੋਂ ਉਪ-ਚੋਣ ਹੋਈ ਸੀ, ਤਾਂ ਉਸ ਵੇਲੇ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਮੋਹਿੰਦਰ ਭਗਤ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨਗੇ ਅਤੇ ਉਪ-ਚੋਣ 'ਚ ਜਿੱਤਣ ਤੋਂ ਕੁਝ ਸਮਾਂ ਬਾਅਦ ਹੀ ਮੋਹਿੰਦਰ ਭਗਤ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ ਸੀ।

## ਲੁਧਿਆਣਾ ਜ਼ਿਮਨੀ ਚੋਣ ਪਿੱਛੋਂ ਪੰਜਾਬ ਕਾਂਗਰਸ 'ਚ ਅਸਤੀਫਿਆਂ ਦਾ ਦੌਰ ਸ਼ੁਰੂ

■ ਪਰਗਟ ਸਿੰਘ ਤੇ ਕਿੱਕੀ ਢਿੱਲੋਂ ਨੇ ਦਿੱਤਾ ਅਸਤੀਫ਼ਾ



**ਚੰਡੀਗੜ੍ਹ, (ਪੰਜਾਬ ਮੇਲ)-** ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੇ ਨਤੀਜੇ ਮਗਰੋਂ ਪੰਜਾਬ ਦੀ ਸਿਆਸਤ ਹੋਰ ਵੀ ਜ਼ਿਆਦਾ ਭੱਖ ਗਈ ਹੈ। ਹਾਰ ਮਗਰੋਂ ਪੰਜਾਬ ਕਾਂਗਰਸ ਦੇ ਵਿਚ ਅਸਤੀਫ਼ਿਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਾਰਟੀ ਦੇ ਸੀਨੀਅਰ ਲੀਡਰਾਂ ਪਰਗਟ ਸਿੰਘ ਅਤੇ ਕਿੱਕੀ ਢਿੱਲੋਂ ਵੱਲੋਂ ਮੀਤ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੇ ਵੀ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਜਾਣਕਾਰੀ ਮੁਤਾਬਕ ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਅਤੇ ਫ਼ਰੀਦਕੋਟ ਤੋਂ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੇ ਆਲ-ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਅਤੇ ਪੰਜਾਬ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਆਪਣੇ ਅਸਤੀਫ਼ੇ ਭੇਜ ਦਿੱਤੇ ਹਨ। ਫ਼ਿਲਹਾਲ ਇਸ ਬਾਰੇ ਕਿਸੇ ਵੀ ਕਾਂਗਰਸੀ ਲੀਡਰ ਨੇ ਕੋਈ ਬਿਆਨ ਨਹੀਂ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਕਿੱਕੀ ਢਿੱਲੋਂ ਇਸ ਵੇਲੇ ਆਸਟ੍ਰੇਲੀਆ ਵਿਚ ਹਨ ਤੇ ਉਨ੍ਹਾਂ ਨੇ ਈ-ਮੇਲ ਰਾਹੀਂ ਆਪਣਾ ਅਸਤੀਫ਼ਾ ਭੇਜਿਆ ਹੈ।

ਇੱਥੇ ਦੱਸ ਦਈਏ ਕਿ ਲੁਧਿਆਣਾ ਜ਼ਿਮਨੀ ਚੋਣਾਂ 'ਚ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਤੋਂ 10 ਹਜ਼ਾਰ ਤੋਂ ਵੀ ਵੱਧ ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ। ਇਸ ਤੋਂ ਬਾਅਦ ਆਸ਼ੂ ਨੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਨ੍ਹਾਂ ਚੋਣਾਂ ਦੇ ਪ੍ਰਚਾਰ ਦੌਰਾਨ ਕਾਂਗਰਸ ਦੀ ਧੜੇਬੰਦੀ ਇਕ ਵਾਰ ਫ਼ਿਰ ਖੁੱਲ੍ਹ ਕੇ ਸਾਹਮਣੇ ਆਈ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਸਣੇ ਕਈ ਵੱਡੇ ਲੀਡਰਾਂ ਨੇ ਆਸ਼ੂ ਦੇ ਹੱਕ ਵਿਚ ਖੁੱਲ੍ਹ ਕੇ ਚੋਣ ਪ੍ਰਚਾਰ ਨਹੀਂ ਕੀਤਾ। ਆਸ਼ੂ ਦੇ ਚੋਣ ਪ੍ਰਚਾਰ ਦੀ ਕਮਾਨ ਕਾਂਗਰਸ ਦੇ ਦੂਜੇ ਧੜੇ ਵੱਲੋਂ ਸੰਭਾਲੀ ਗਈ ਸੀ, ਜਿਸ ਵਿਚ ਪਰਗਟ ਸਿੰਘ ਤੇ ਕਿੱਕੀ ਢਿੱਲੋਂ ਵੀ ਸ਼ਾਮਲ ਸਨ।

## ਨਿਊਯਾਰਕ ਸਿਟੀ ਦੇ ਮੇਅਰ ਅਹੁਦੇ ਲਈ ਭਾਰਤੀ-ਅਮਰੀਕੀ ਹੋਵੇਗਾ ਡੈਮੋਕ੍ਰੇਟਿਕ ਉਮੀਦਵਾਰ

■ ਭਾਰਤੀ-ਅਮਰੀਕੀ ਨੂੰ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਇਮਰੀ ਚੋਣ 'ਚ ਜੇਤੂ ਐਲਾਨਿਆ



**ਨਿਊਯਾਰਕ, (ਪੰਜਾਬ ਮੇਲ)-** ਭਾਰਤੀ-ਅਮਰੀਕੀ ਜ਼ੋਹਰਾਨ ਮਮਦਾਨੀ ਨੇ ਬੀਤੀ ਰਾਤ ਨਿਊਯਾਰਕ ਸਿਟੀ ਦੇ ਮੇਅਰ ਅਹੁਦੇ ਲਈ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਇਮਰੀ ਚੋਣ ਵਿੱਚ ਜਿੱਤ ਦਾ ਐਲਾਨ ਕੀਤਾ। ਇਸ ਚੋਣ ਵਿਚ ਉਨ੍ਹਾਂ ਦੇ ਵਿਰੋਧੀ ਐਂਡਰਿਊ ਕੁਓਮੋ ਨੇ ਹਾਰ ਮੰਨ ਲਈ ਹੈ। ਹਾਲਾਂਕਿ ਇਸ ਚੋਣ ਦਾ ਅੰਤਿਮ ਫੈਸਲਾ 'ਰੈਂਕਡ ਚੁਆਇਸ ਵੋਟਿੰਗ' (ਆਰ.ਸੀ.ਵੀ.) ਰਾਹੀਂ ਹੋਵੇਗਾ, ਪਰ 33 ਸਾਲਾ ਡੈਮੋਕ੍ਰੇਟਿਕ ਨੇਤਾ ਮਮਦਾਨੀ ਦੌੜ ਵਿਚ ਸਭ ਤੋਂ ਅੱਗੇ ਹਨ।

ਆਰ.ਸੀ.ਵੀ. ਇੱਕ ਚੋਣ ਪ੍ਰਣਾਲੀ ਹੈ, ਜਿਸ ਵਿਚ ਵੋਟਰ ਉਮੀਦਵਾਰਾਂ ਨੂੰ ਉਨ੍ਹਾਂ ਦੇ ਵੋਟ ਪੱਤਰਾਂ 'ਤੇ ਤਰਜੀਹ ਦੇ ਆਧਾਰ 'ਤੇ ਦਰਜਾ ਦਿੰਦੇ ਹਨ। ਮਮਦਾਨੀ ਨੇ ਸਮਰਥਕਾਂ ਨੂੰ ਦਿੱਤੇ ਭਾਸ਼ਣ ਵਿਚ ਕਿਹਾ, "ਅਸੀਂ ਇਤਿਹਾਸ ਰਚ ਦਿੱਤਾ ਹੈ। ਮੈਂ ਨਿਊਯਾਰਕ ਸਿਟੀ ਦੇ ਮੇਅਰ ਅਹੁਦੇ ਲਈ ਤੁਹਾਡੀ ਡੈਮੋਕ੍ਰੇਟਿਕ ਪਾਰਟੀ ਦਾ ਉਮੀਦਵਾਰ ਹੋਵਾਂਗਾ।" ਜਿਨਸੀ ਸ਼ੋਸ਼ਣ ਦੇ ਮਾਮਲੇ ਤੋਂ ਬਾਅਦ ਵਾਪਸੀ ਕਰਨ ਦੀ ਕੋਸ਼ਿਸ਼ ਕਰ ਰਹੇ ਕੁਓਮੋ ਨੇ ਸਮਰਥਕਾਂ ਨੂੰ ਦੱਸਿਆ ਕਿ ਉਸਨੇ ਮਮਦਾਨੀ ਨੂੰ ਫ਼ੋਨ ਕੀਤਾ ਸੀ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਸੀ। ਕੁਓਮੋ ਨੇ ਸਮਰਥਕਾਂ ਨੂੰ ਕਿਹਾ, "ਅੱਜ ਰਾਤ ਉਸਦੀ ਰਾਤ ਹੈ। ਉਹ ਇਸਦਾ ਹੱਕਦਾਰ ਹੈ। ਉਹ ਜਿੱਤ ਗਿਆ।" ਜੇਕਰ ਮਮਦਾਨੀ ਇਹ ਚੋਣ ਜਿੱਤ ਜਾਂਦਾ ਹੈ, ਤਾਂ ਉਹ ਨਿਊਯਾਰਕ ਸਿਟੀ ਦੇ ਪਹਿਲੇ ਮੁਸਲਿਮ ਅਤੇ ਭਾਰਤੀ-ਅਮਰੀਕੀ ਮੇਅਰ ਬਣ ਜਾਣਗੇ।

ਮੌਜੂਦਾ ਮੇਅਰ ਏਰਿਕ ਐਡਮਜ਼ ਨੇ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਇਮਰੀ ਚੋਣ ਵਿਚ ਹਿੱਸਾ ਨਹੀਂ ਲਿਆ ਅਤੇ ਇੱਕ ਸੁਤੰਤਰ ਉਮੀਦਵਾਰ ਵਜੋਂ ਦੁਬਾਰਾ ਚੋਣ ਲੜ ਰਹੇ ਹਨ। ਨਿਊਯਾਰਕ ਸਿਟੀ ਦੇ 'ਬੋਰਡ ਆਫ਼ ਇਲੈਕਸ਼ਨਜ਼' ਦੇ ਅਣਅਧਿਕਾਰਤ ਨਤੀਜਿਆਂ ਅਨੁਸਾਰ ਮਮਦਾਨੀ ਨੂੰ ਐਂਡਰਿਊ ਕੁਓਮੋ ਨਾਲੋਂ ਜ਼ਿਆਦਾ ਬੈਲਟ 'ਤੇ ਤਰਜੀਹ ਦਿੱਤੀ ਗਈ ਸੀ। 'ਰੈਂਕਡ ਚੁਆਇਸ ਵੋਟਿੰਗ' ਵਿਚ ਗਿਣੀਆਂ ਜਾਣ ਵਾਲੀਆਂ ਵੋਟਾਂ ਦੀ ਗਿਣਤੀ ਹੋਰ ਘੱਟ ਸਕਦੀ ਹੈ, ਜਿਸ ਕਾਰਨ ਮਮਦਾਨੀ ਦੀ ਲੀਡ ਵਧੇਰੇ ਨਿਸ਼ਚਿਤ ਮੰਨੀ ਜਾ ਰਹੀ ਹੈ।

■ ਬਾਕੀ ਖਬਰ ਸਫਾ 19 'ਤੇ

## ਅਮਰੀਕਾ ਵੱਲੋਂ ਵਰਲਡਵਾਈਡ ਟਰੈਵਲ ਐਡਵਾਈਜ਼ਰੀ ਜਾਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਵਧ ਰਹੇ ਤਣਾਅ ਵਿਚਕਾਰ ਸੰਯੁਕਤ ਰਾਜ ਅਮਰੀਕਾ ਨੇ ਵਿਦੇਸ਼ ਵਿਚ ਅਮਰੀਕੀ ਨਾਗਰਿਕਾਂ ਲਈ "ਵਿਸ਼ਵਵਿਆਪੀ ਸਾਵਧਾਨੀ" ਯਾਤਰਾ ਸਲਾਹ ਜਾਰੀ ਕੀਤੀ ਹੈ। ਇਸ ਐਡਵਾਈਜ਼ਰੀ ਕਾਰਨ ਯਾਤਰਾ ਵਿਚ ਵਿਘਨ ਪਿਆ ਹੈ ਅਤੇ ਮੱਧ ਪੂਰਬ ਵਿਚ ਹਵਾਈ ਖੇਤਰ ਬੰਦ ਹੋ ਗਿਆ ਹੈ। ਇਸ ਦੇ ਨਾਲ ਹੀ ਅਮਰੀਕਾ ਨੇ ਸਾਊਦੀ ਅਰਬ, ਤੁਰਕੀ, ਇਰਾਕ, ਯੂ.ਏ.ਈ., ਜਾਰਡਨ ਲਈ ਵੀ ਸੁਰੱਖਿਆ ਚੇਤਾਵਨੀ ਜਾਰੀ ਕੀਤੀ ਹੈ। ਲੇਬਨਾਨ ਲਈ ਏ ਲੈਵਲ 4: ਯਾਤਰਾ ਨਾ ਕਰਨ ਦੀ ਸਲਾਹ ਵੀ ਜਾਰੀ ਕੀਤੀ ਗਈ। ਇਹ ਵੇਰਵੇ ਅਮਰੀਕੀ ਵਿਦੇਸ਼ ਵਿਭਾਗ ਦੇ ਕੌਂਸਲਰ ਮਾਮਲਿਆਂ ਦੇ ਅਧਿਕਾਰਤ ਖਾਤੇ ਦੁਆਰਾ ਸਾਂਝੇ ਕੀਤੇ ਗਏ।

■ ਬਾਕੀ ਖਬਰ ਸਫਾ 19 'ਤੇ

## ਟਰੰਪ ਪ੍ਰਸ਼ਾਸਨ ਵਲੋਂ ਵਿਦੇਸ਼ੀ ਵਿਦਿਆਰਥੀਆਂ ਲਈ ਨਵਾਂ ਨਿਯਮ ਕੀਤਾ ਗਿਆ ਲਾਗੂ

■ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਸੋਸ਼ਲ ਮੀਡੀਆ ਪ੍ਰੋਫ਼ਾਈਲ ਦੀ ਜਾਂਚ ਕਰਵਾਉਣੀ ਹੋਵੇਗੀ ਲਾਜ਼ਮੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵਿਦਿਆ ਵੀਜ਼ਾ 'ਤੇ ਲਾਈ ਗਈ ਰੋਕ ਹਟਾ ਦਿੱਤੀ ਹੈ। ਹੁਣ ਵਿਦਿਆਰਥੀ ਅਮਰੀਕਾ ਜਾ ਕੇ ਪੜ੍ਹਾਈ ਜਾਰੀ ਰੱਖ ਸਕਣਗੇ। ਹਾਲਾਂਕਿ, ਟਰੰਪ ਪ੍ਰਸ਼ਾਸਨ ਵਲੋਂ ਇਸ ਨਾਲ ਜੁੜੀ ਇੱਕ ਨਵੀਂ ਸ਼ਰਤ ਵੀ ਲਾਗੂ ਕੀਤੀ ਗਈ ਹੈ, ਜੋ ਕਈ ਵਿਦਿਆਰਥੀਆਂ ਨੂੰ ਪਸੰਦ ਨਾ ਆਵੇ।

ਨਵੇਂ ਨਿਯਮਾਂ ਦੇ ਤਹਿਤ ਅਮਰੀਕਾ ਵਿਚ ਪੜ੍ਹਾਈ ਕਰਨ ਦੀ ਇੱਛਾ ਰੱਖਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਸੋਸ਼ਲ ਮੀਡੀਆ ਪ੍ਰੋਫ਼ਾਈਲ ਦੀ ਜਾਂਚ ਕਰਵਾਉਣੀ ਲਾਜ਼ਮੀ ਹੋਵੇਗੀ। ਇਸਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵਿਅਕਤੀ ਅਮਰੀਕਾ ਵਿਰੋਧੀ ਵਿਚਾਰਧਾਰਾ ਜਾਂ ਸੰਦੇਸ਼ ਫੈਲਾਉਣ ਵਾਲਾ ਨਾ ਹੋਵੇ। ਮਈ ਦੇ ਅਖੀਰ 'ਚ ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਅਸਥਾਈ ਤੌਰ 'ਤੇ ਵੀਜ਼ਾ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਸੀ।

■ ਬਾਕੀ ਖਬਰ ਸਫਾ 19 'ਤੇ

NewGen ADVISORY

# TRUCK STOP INVESTMENT

# ਟਰੱਕ ਸਟੋਪ ਦਾ ਮਾਲਕ ਬਣਨ ਦਾ ਸੁਨਹਿਰੀ ਮੌਕਾ

*Located In Yreka, CA*

**Auction Bidding Starts: June 23 - 25, 2025**

## ਵਾਈਰੇਕਾ, ਕੈਲੀਫੋਰਨੀਆ 'ਚ ਟਰੱਕ ਸਟਾਪ ਦੀ ਨੀਲਾਮੀ 'ਚ ਹਿੱਸਾ ਲੈ ਕੇ ਉਠਾਓ ਫਾਇਦਾ

Scan Here For More Information →



- Six fueling bays
- Eight MPD Mobil gas station
- Two quick service restaurants
- Liquor store
- **High fuel sales:** over 2.6M gallons sold annually
- **Diversified Revenue:** gas station (including C-store sales) generates approximately $6M+ in annual revenue
- **Manager's apartment:** houses six, on-site
- **Extensive truck amenities:** high-capacity parking and DEF pumps
- **Growth potential:** Potential for additional quick service restaurants (QSRs), tire/lube services, or drive-thruenhancements
- Expansive 8,500 SF travel hub + 1,800 SF storage hub



Dinesh "Dan" Rama
(C): 602.478.9636
dan.rama@newgenadv.com

Johanna Cuevas
(C): 805.557.8689
jcuevas@newgenadv.com

BOR: Andrew Post | NewGen Advisory CA, Inc. | #1960611

Designed By Punjab Mail USA

"Sound Mind in the Sound Body" ੧ਓ ਸਤਿਗੁਰ ਪ੍ਰਸਾਦਿ ॥ Health is Wealth

# 15th Children Summer Sports Camp-2025

# ੧5ਵਾਂ ਬੱਚਿਆਂ ਦਾ ਖੇਡ ਕੈਂਪ-2025

**ਉਦਘਾਟਨ :** 5 ਜੁਲਾਈ 2025, ਦਿਨ ਸ਼ਨਿੱਚਰਵਾਰ

**ਸਮਾਪਤੀ ਸਮਾਰੋਹ :** 24 ਅਗਸਤ 2025, ਦਿਨ ਐਤਵਾਰ

**Wilson Play Fields Kent WA. 13028 SE. 251st. Kent, WA - 98030**

Every Saturday - Sunday 5PM to 7PM

**Free Entry**



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।

ਖੁੱਲ੍ਹਾ ਸੱਦਾ ਹੁੰਮ-ਹੁਮਾ ਕੇ ਪਹੁੰਚੋ

Free Sporst Kits-Refreshment

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ

ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ









Designed By Punjab Mail USA

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।



ਸਵਾਗਤ ਕਰਤਾ : *Sikhs of Seattle*

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ



ਗੁਰਚਰਨ ਸਿੰਘ ਢਿੱਲੋਂ 206-412-1559



ਗੁਰਦੀਪ ਸਿੰਘ ਸਿੱਧੂ 206-697-8155


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
17th Annual Women Festival
Free Entry
Only For Ladies
Tiyaan Teej Diyan
ਤੀਆਂ ਤੀਜ ਦੀਆਂ
August 9th, Saturday, 2025
(2.00pm to 6.00 pm)
ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਿਹਰ 2.00 ਤੋਂ ਸ਼ਾਮ 6.00 ਵਜੇ ਤੱਕ)
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Team Enter and Information
916-240-6969, 916-753-5933, 916-897-4414
Elk Grove Regional Park, 9950 Elk Grove Florin Rd, Elk Grove CA 95624
Designed By Punjab Mail USA
TV Coverage by PUNJAB MAIL USA TV Channel



# VALLEJO TEEYAN MELA 2025

## Sunday July 20th, 2025 from 12-6pm

Hosted By



Asha Sharma

Organizer



Sunita Verma

Only for Ladies and Children

At Dan Foley Cultural Center

(Behind Sutter Solano Hospital)
1498 N Camino Alto, Vallejo, CA 94589

Special Attractions include Mehndi, Indian Clothing and Jewelry Booths.



Come and enjoy a day filled with entertainment and festiveties, including Punjabi Folk songs and dances, Gidha, Boliyan and much more...

To Participate Rent Space for a booth, or Sponsor, Please Contact:

SUNITA VERMA : 707-853-9006

Email: sonalideep@gmail.com

Copyright@Punjab Mail USA

"Let us make your event a dream come true"

TOUCH OF ELEGANCE DECOR
Cristy
510-672-8118

Flamingo Banquet Hall & Catering

ARIA
FINE DINING, BAR, CATERING & BANQUET HALLS

ANTIOCH Taphouse & Restaurant
Pardeep - Paul
(510) 325-8433



Catering up to 5000 guest anywhere in California with full services

CHINNA JEWELLERS INC



Inderjit Singh
7454 Stockton Blvd Suite A,
Sacramento, CA 95823



D D Sharma
Real Estate Consultant
DRE #01744678
707-365-9385(cell)

Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com

Residential, Loan Mod, Short Sale & Commercial Real Estate

# ਅਮਰੀਕੀ ਹਮਲਿਆਂ ਨੇ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਕਈ ਮਹੀਨੇ ਪਿੱਛੇ ਧੱਕਿਆ: ਰਿਪੋਰਟ

- ਵ੍ਹਾਈਟ ਹਾਊਸ ਨੇ ਖੁਫੀਆ ਸਮੀਖਿਆ ਨੂੰ ਟਰੰਪ ਤੇ ਹੋਰਨਾਂ ਸਿਖਰਲੇ ਅਧਿਕਾਰੀਆਂ ਦੇ ਦਾਅਵਿਆਂ ਦੇ ਉਲਟ ਦੱਸਿਆ
- ਅਮਰੀਕੀ ਰੱਖਿਆ ਮੰਤਰੀ ਹੇਗਸੇਥ ਨੇ ਆਪਣੇ ਸਟੈਂਡ ਨੂੰ ਦੁਹਰਾਇਆ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵੱਲੋਂ ਕੀਤੀ ਇਕ ਮੁੱਢਲੀ ਖੁਫੀਆ ਸਮੀਖਿਆ ਤੋਂ ਪਤਾ ਲੱਗਾ ਹੈ ਕਿ ਅਮਰੀਕਾ ਵੱਲੋਂ ਪਿਛਲੇ ਹਫ਼ਤੇ ਦੇ ਅਖੀਰ ਵਿਚ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਨਾਲ ਤਹਿਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨਿਆਂ ਲਈ ਪਿੱਛੇ ਧੱਕਿਆ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਮੁੱਢਲੀ ਰਿਪੋਰਟ ਰੱਖਿਆ ਖੁਫੀਆ ਏਜੰਸੀ ਵੱਲੋਂ ਤਿਆਰ ਕੀਤੀ ਗਈ ਸੀ, ਜੋ ਪੈਂਟਾਗਨ ਦੀ ਖੁਫ਼ੀਆ ਸ਼ਾਖਾ ਹੈ ਤੇ 18 ਅਮਰੀਕੀ ਖੁਫੀਆ ਏਜੰਸੀਆਂ ਵਿਚੋਂ ਇਕ ਹੈ। ਸੂਤਰਾਂ ਨੇ ਕਲਾਸੀਫਾਈਡ ਜਾਣਕਾਰੀ ਨਾਲ ਜੁੜੇ ਮਸਲਿਆਂ 'ਤੇ ਚਰਚਾ ਕਰਨ ਲਈ ਨਾਮ ਨਾ ਛਾਪਣ ਦੀ ਬੇਨਤੀ ਕੀਤੀ ਹੈ।

ਤਿੰਨ ਸੂਤਰਾਂ ਮੁਤਾਬਕ ਇਸ ਖੁਫੀਆ ਸਮੀਖਿਆ ਤੋਂ ਪਤਾ ਲੱਗਾ ਹੈ ਕਿ ਇਰਾਨ ਆਪਣਾ ਪ੍ਰਮਾਣੂ ਪ੍ਰੋਗਰਾਮ ਅਗਲੇ ਕੁਝ ਮਹੀਨਿਆਂ ਵਿਚ ਸ਼ੁਰੂ ਕਰ ਸਕਦਾ ਹੈ ਤੇ ਇਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਇਹ ਅਗਲੇ ਇਕ ਜਾਂ ਦੋ ਮਹੀਨਿਆਂ ਵਿਚ ਸ਼ੁਰੂ ਹੋ ਸਕਦਾ ਹੈ। ਇਹ ਕਲਾਸੀਫਾਈਡ ਸਮੀਖਿਆ ਰਾਸ਼ਟਰਪਤੀ ਡੋਨਲਡ ਟਰੰਪ ਤੇ ਰੱਖਿਆ ਸਕੱਤਰ ਪੀਟ ਹੇਗਸੇਥ ਸਮੇਤ ਸਿਖਰਲੇ ਅਮਰੀਕੀ ਅਧਿਕਾਰੀਆਂ ਦੇ ਬਿਆਨਾਂ ਦੇ ਉਲਟ ਹੈ। ਟਰੰਪ ਸਣੇ ਇਨ੍ਹਾਂ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਹਫ਼ਤੇ ਕੀਤੇ ਹਮਲਿਆਂ, ਜਿਸ ਵਿਚ ਬੰਕਰ-ਬਸਟਿੰਗ ਬੰਬਾਂ ਅਤੇ ਹੋਰ ਰਵਾਇਤੀ ਹਥਿਆਰਾਂ ਦੀ ਵਰਤੋਂ ਕੀਤੀ ਗਈ ਸੀ, ਨੇ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਅਸਲ ਵਿਚ ਖਤਮ ਕਰ ਦਿੱਤਾ ਹੈ।



ਇਰਾਨ ਵਿਚ ਇਸਫਹਾਨ ਸਥਿਤ ਪ੍ਰਮਾਣੂ ਪਲਾਟ ਦੀ ਉਪਗ੍ਰਹਿ ਤੋਂ ਲਈ ਤਸਵੀਰ।

ਟਰੰਪ ਪ੍ਰਸ਼ਾਸਨ ਨੇ ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਦੱਸਿਆ ਕਿ ਉਸ ਵੱਲੋਂ ਪਿਛਲੇ ਹਫ਼ਤੇ ਦੇ ਅਖੀਰ ਵਿਚ ਕੀਤੇ ਹਮਲਿਆਂ ਨੇ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ 'ਤਬਾਹ' ਕਰ ਦਿੱਤਾ ਹੈ। ਇਸ ਸਮੀਖਿਆ ਰਿਪੋਰਟ ਬਾਰੇ ਟਿੱਪਣੀ ਲਈ ਬੇਨਤੀ ਕਰਨ 'ਤੇ ਵ੍ਹਾਈਟ ਹਾਊਸ ਨੇ ਬੁਲਾਰੇ ਕੈਰੋਲੀਨ ਲੀਵਿਟ ਵੱਲੋਂ ਦਿੱਤੇ ਇੱਕ ਬਿਆਨ ਵੱਲ ਇਸ਼ਾਰਾ ਕੀਤਾ, ਜਿਸ ਨੇ ਸਭ ਤੋਂ ਪਹਿਲਾਂ ਮੁਲਾਂਕਣ ਰਿਪੋਰਟ ਦਿੱਤੀ ਸੀ, ਕਿ ਕਥਿਤ 'ਸਿੱਟਾ' ਪੂਰੀ ਤਰ੍ਹਾਂ ਗਲ਼ਤ ਸੀ। ਉਨ੍ਹਾਂ ਕਿਹਾ, "ਹਰ ਕੋਈ ਜਾਣਦਾ ਹੈ ਕਿ ਜਦੋਂ ਤੁਸੀਂ 30,000 ਪੌਂਡ ਦੇ 14 ਬੰਬਾਂ ਨੂੰ ਉਨ੍ਹਾਂ ਦੇ ਨਿਸ਼ਾਨਿਆਂ 'ਤੇ ਸੁੱਟਦੇ ਹੋ ਤਾਂ ਕੀ ਹੁੰਦਾ ਹੈ: ਪੂਰੀ ਤਰ੍ਹਾਂ ਤਬਾਹੀ।"

ਇੱਕ ਅਮਰੀਕੀ ਅਧਿਕਾਰੀ ਜਿਸ ਨੇ ਸਮੀਖਿਆ ਰਿਪੋਰਟ ਪੜ੍ਹੀ, ਨੇ ਨੋਟ ਕੀਤਾ ਕਿ ਇਸ ਵਿਚ ਕਈ ਚੇਤਾਵਨੀਆਂ ਅਤੇ 'ਜੇਕਰ' ਹਨ ਅਤੇ ਕਿਹਾ ਕਿ ਆਉਣ ਵਾਲੇ ਦਿਨਾਂ ਅਤੇ ਹਫ਼ਤਿਆਂ ਵਿਚ ਇੱਕ ਹੋਰ ਸੁਧਰੀ ਹੋਈ ਰਿਪੋਰਟ ਦੀ ਉਮੀਦ ਕੀਤੀ ਜਾ ਰਹੀ ਹੈ। ਸਮੀਖਿਅਕਾਂ ਨੇ ਕਿਹਾ ਕਿ, ਜੇਕਰ ਮੁਲਾਂਕਣ ਉਪਗ੍ਰਹਿ ਦੀਆਂ ਤਸਵੀਰਾਂ 'ਤੇ ਆਧਾਰਿਤ ਸੀ, ਤਾਂ ਡੂੰਘੇ ਦੱਬੇ ਫੋਰਡੋ ਸਥਿਤ ਪ੍ਰਮਾਣੂ ਟਿਕਾਣੇ (ਯੂਰੇਨੀਅਮ ਸੰਸ਼ੋਧਨ ਸਹੂਲਤ) ਨੂੰ ਪੁੱਜੇ ਨੁਕਸਾਨ ਦੀ ਹੱਦ ਦਾ ਖੁਲਾਸਾ ਕਰਨਾ ਜ਼ਰੂਰੀ ਨਹੀਂ ਹੋਵੇਗਾ। ਟਰੰਪ ਨੇ ਕਿਹਾ ਸੀ ਕਿ ਇਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣ ਲਈ ਹਮਲੇ ਜ਼ਰੂਰੀ ਸਨ। ਇਰਾਨ ਹਾਲਾਂਕਿ ਇਸ ਗੱਲ ਤੋਂ ਇਨਕਾਰ ਕਰਦਾ ਰਿਹ ਹੈ। ਉਸ ਦਾ ਕਹਿਣਾ ਹੈ ਕਿ ਉਸ ਦਾ ਪ੍ਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਉਦੇਸ਼ਾਂ ਲਈ ਹੈ।

# ਮਹਾਦੋਸ਼ ਦਾ ਸਾਹਮਣਾ ਕਰ ਰਹੇ ਟਰੰਪ ਨੂੰ ਵੱਡੀ ਰਾਹਤ

- ਪ੍ਰਤੀਨਿਧ ਸਭਾ ਵੱਲੋਂ ਟਰੰਪ 'ਤੇ ਮਹਾਦੋਸ਼ ਲਗਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਭਾਰੀ ਵੋਟਿੰਗ

ਵਾਸ਼ਿੰਗਟਨ, (ਪੰਜਾਬ ਮੇਲ)- ਮਹਾਦੋਸ਼ ਦਾ ਸਾਹਮਣਾ ਕਰ ਰਹੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡੀ ਰਾਹਤ ਮਿਲੀ ਹੈ। ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਨੇ ਮੰਗਲਵਾਰ ਨੂੰ ਸੰਸਦੀ ਪ੍ਰਵਾਨਗੀ ਤੋਂ ਬਿਨਾਂ ਈਰਾਨ ਵਿਰੁੱਧ ਫੌਜੀ ਕਾਰਵਾਈ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਮਹਾਦੋਸ਼ ਲਗਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਭਾਰੀ ਵੋਟਿੰਗ ਕੀਤੀ। ਇਸ ਸਬੰਧ ਵਿਚ ਪ੍ਰਸਤਾਵ ਨੂੰ 344 ਵੋਟਾਂ ਦੇ ਵਿਰੁੱਧ ਅਤੇ 79 ਦੇ ਹੱਕ ਵਿਚ ਵੋਟਾਂ ਪਈਆਂ। ਇਹ ਪ੍ਰਸਤਾਵ ਟੈਕਸਾਸ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਐਲ ਗ੍ਰੀਨ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ 'ਤੇ ਸੰਖੇਪ ਚਰਚਾ ਹੋਈ ਅਤੇ ਉਨ੍ਹਾਂ ਦੀ ਪਾਰਟੀ ਦੇ ਅੰਦਰ ਵੰਡ ਹੋ ਗਈ।

ਡੈਮੋਕ੍ਰੇਟਿਕ ਪਾਰਟੀ ਦੇ ਕਈ ਸੰਸਦ ਮੈਂਬਰਾਂ ਨੇ ਪ੍ਰਸਤਾਵ ਵਿਰੁੱਧ ਵੋਟਿੰਗ ਕੀਤੀ। ਗ੍ਰੀਨ ਨੇ ਵੋਟਿੰਗ ਤੋਂ ਪਹਿਲਾਂ ਕਿਹਾ, "ਮੈਂ ਇਹ ਇਸ ਲਈ ਕਰ ਰਿਹਾ ਹਾਂ ਕਿਉਂਕਿ ਕਿਸੇ ਵੀ ਵਿਅਕਤੀ ਨੂੰ ਅਮਰੀਕੀ ਸੰਸਦ ਨਾਲ ਸਲਾਹ ਕੀਤੇ ਬਿਨਾਂ 30 ਕਰੋੜ ਲੋਕਾਂ ਨੂੰ ਯੁੱਧ ਵਿਚ ਸੁੱਟਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।" ਮੈਨੂੰ ਲੱਗਦਾ ਹੈ ਕਿ ਜਾਂ ਤਾਂ ਸੰਵਿਧਾਨ ਸਾਰਥਕ ਸਾਬਤ ਹੋਵੇਗਾ ਜਾਂ ਇਹ ਅਰਥਹੀਣ ਹੋ ਜਾਵੇਗਾ।" ਟਰੰਪ 'ਤੇ ਮਹਾਦੋਸ਼ ਲਗਾਉਣ ਦੀ ਇਹ ਪਹਿਲੀ ਕੋਸ਼ਿਸ਼ ਨਹੀਂ ਹੈ, ਪਰ ਇਹ ਦਰਸਾਉਂਦਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੇ ਬਹੁਤ ਸਾਰੇ ਮੈਂਬਰ ਉਨ੍ਹਾਂ ਦੇ ਪ੍ਰਸ਼ਾਸਨ ਤੋਂ ਅਸਹਿਜ ਹਨ, ਖਾਸ ਕਰਕੇ ਈਰਾਨ ਦੇ ਪ੍ਰਮਾਣੂ ਕੇਂਦਰਾਂ 'ਤੇ ਅਚਾਨਕ ਹਮਲੇ ਤੋਂ ਬਾਅਦ, ਜੋ ਕਿ ਪੱਛਮੀ ਏਸ਼ੀਆ ਦੇ ਮਾਮਲਿਆਂ ਵਿਚ ਇੱਕ ਜੋਖਮ ਭਰਿਆ ਦਖਲ ਹੈ। ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਨੇ ਗ੍ਰੀਨ ਦੀ ਸਿੱਧੇ ਤੌਰ 'ਤੇ ਆਲੋਚਨਾ ਨਹੀਂ ਕੀਤੀ, ਸਗੋਂ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਧਿਆਨ ਹੋਰ ਮੁੱਦਿਆਂ 'ਤੇ ਹੈ।

ਮਹਾਦੋਸ਼ ਦੇ ਮਾਮਲਿਆਂ ਵਿਚ ਆਮ ਤੌਰ 'ਤੇ ਪਾਰਟੀ ਲੀਡਰਸ਼ਿਪ ਵੱਲੋਂ ਕਿਸੇ ਖਾਸ ਤਰੀਕੇ ਨਾਲ ਵੋਟ ਪਾਉਣ ਦਾ ਕੋਈ ਦਬਾਅ ਨਹੀਂ ਹੁੰਦਾ। ਕੈਲੀਫੋਰਨੀਆ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਅਤੇ ਪ੍ਰਤੀਨਿਧੀ ਸਭਾ ਵਿਚ ਡੈਮੋਕ੍ਰੇਟਿਕ ਕਾਕਸ ਦੇ ਚੇਅਰਮੈਨ ਪੀਟ ਐਗੁਇਲਰ ਨੇ ਆਉਣ ਵਾਲੇ ਦਿਨਾਂ ਵਿਚ ਸੰਸਦ ਵਿਚ ਪਾਸ ਹੋਣ ਵਾਲੇ ਟਰੰਪ ਦੇ ਵੱਡੇ ਟੈਕਸ ਛੋਟ ਪੈਕੇਜ ਦਾ ਹਵਾਲਾ ਦਿੰਦੇ ਹੋਏ ਕਿਹਾ, "ਮੈਨੂੰ ਲੱਗਦਾ ਹੈ ਕਿ ਇਸ ਤੋਂ ਇਲਾਵਾ ਕਿਸੇ ਹੋਰ ਚੀਜ਼ 'ਤੇ ਧਿਆਨ ਕੇਂਦਰਿਤ ਕਰਨਾ ਇੱਕ




FOR SALE & PURCHASE OF ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਇਰਾਨ-ਇਜ਼ਰਾਈਲ ਵੱਲੋਂ ਇਕ ਦੂਜੇ ’ਤੇ ਜੰਗਬੰਦੀ ਦਾ ਉਲੰਘਣ ਕਰਨ ਦੇ ਦੋਸ਼

- ਇਜ਼ਰਾਈਲ ਨੇ ਇਰਾਨ ’ਤੇ ਮਿਜ਼ਾਈਲਾਂ ਦਾਗ਼ਣ ਦਾ ਲਾਇਆ ਦੋਸ਼
- ਇਰਾਨ ਦੀ ਫੌਜ ਨੇ ਦੋਸ਼ਾਂ ਤੋਂ ਕੀਤਾ ਇਨਕਾਰ
- ਅਮਰੀਕਾ ਅਤੇ ਕਤਰ ਦੀ ਵਿਚੋਲਗੀ ਨਾਲ ਕੀਤੀ ਗਈ ਜੰਗਬੰਦੀ



ਬੀਰਸ਼ੇਬਾ ’ਚ ਇਰਾਨ ਵੱਲੋਂ ਦਾਗ਼ੀਆਂ ਗਈਆਂ ਮਿਜ਼ਾਈਲਾਂ ਕਾਰਨ ਸੜੇ ਹੋਏ ਵਾਹਨ।

**ਬੀਰਸ਼ੇਬਾ (ਇਜ਼ਰਾਈਲ), (ਪੰਜਾਬ ਮੇਲ)-** ਇਰਾਨ ਅਤੇ ਇਜ਼ਰਾਈਲ ਵਿਚਕਾਰ 12 ਦਿਨਾਂ ਤੋਂ ਜਾਰੀ ਜੰਗ ਰੋਕਣ ਦੀਆਂ ਕੋਸ਼ਿਸ਼ਾਂ ’ਤੇ ਉਸ ਸਮੇਂ ਪਾਣੀ ਪੈਂਦਾ ਨਜ਼ਰ ਆਇਆ ਜਦੋਂ ਇਜ਼ਰਾਈਲ ਨੇ ਇਰਾਨ ’ਤੇ ਮਿਜ਼ਾਈਲਾਂ ਦਾਗ਼ਣ ਦਾ ਦੋਸ਼ ਲਾਉਂਦਿਆਂ ਢੁੱਕਵਾਂ ਜਵਾਬ ਦੇਣ ਦਾ ਅਹਿਦ ਲਿਆ। ਉਂਝ ਇਰਾਨ ਦੀ ਫੌਜ ਨੇ ਇਜ਼ਰਾਈਲ ’ਤੇ ਮਿਜ਼ਾਈਲਾਂ ਦਾਗ਼ਣ ਤੋਂ ਇਨਕਾਰ ਕੀਤਾ ਪਰ ਉੱਤਰੀ ਇਜ਼ਰਾਈਲ ਦੇ ਕਈ ਇਲਾਕਿਆਂ ’ਚ ਧਮਾਕੇ ਸੁਣੇ ਗਏ ਅਤੇ ਸਾਇਰਨ ਵਜਦੇ ਰਹੇ। ਇਸ ਤੋਂ ਪਹਿਲਾਂ ਇਜ਼ਰਾਈਲ ਅਤੇ ਇਰਾਨ ਨੇ ਜੰਗ ਰੋਕਣ ਦੀ ਯੋਜਨਾ ਨੂੰ ਸਵੀਕਾਰ ਕਰ ਲਿਆ ਸੀ। ਜਾਣਕਾਰੀ ਮੁਤਾਬਕ ਕਤਰ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਯਤਨਾਂ ਸਦਕਾ ਜੰਗਬੰਦੀ ਸਮਝੌਤਾ ਸਿਰੇ ਚੜ੍ਹਿਆ ਹੈ। ਇਜ਼ਰਾਇਲੀ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਜੰਗਬੰਦੀ ਦੀ ਉਲੰਘਣਾ ਦੇ ਦੋਸ਼ ਲਾਉਂਦਿਆਂ ਤਹਿਰਾਨ ’ਤੇ ਮੁੜ ਜ਼ੋਰਦਾਰ ਹਮਲੇ ਕਰਨ ਲਈ ਫੌਜ ਨੂੰ ਨਿਰਦੇਸ਼ ਦਿੱਤੇ। ਇਰਾਨ ਵੱਲੋਂ ਕਤਰ ’ਚ ਸੋਮਵਾਰ ਰਾਤ ਅਮਰੀਕੀ ਫੌਜੀ ਅੱਡੇ ’ਤੇ ਸੀਮਤ ਮਿਜ਼ਾਈਲ ਹਮਲੇ ਕਰਨ ਮਗਰੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਤੜਕੇ ਜੰਗਬੰਦੀ ਦੇ ਸਮਝੌਤੇ ਦਾ ਐਲਾਨ ਕੀਤਾ ਸੀ। ਟਰੰਪ ਦੀ ਪੋਸਟ ਅਤੇ ਜੰਗਬੰਦੀ ਸ਼ੁਰੂ ਹੋਣ ਦਰਮਿਆਨ ਇਜ਼ਰਾਈਲ ਨੇ ਵੱਡੇ ਤੜਕੇ ਇਰਾਨ ’ਚ ਕਈ ਥਾਵਾਂ ’ਤੇ ਹਵਾਈ ਹਮਲੇ ਕੀਤੇ, ਜਿਸ ਦਾ ਇਰਾਨ ਨੇ ਮਿਜ਼ਾਈਲਾਂ ਦਾਗ਼ ਕੇ ਜਵਾਬ ਦਿੱਤਾ। ਹਮਲਿਆਂ ਕਾਰਨ ਇਜ਼ਰਾਈਲ ’ਚ ਚਾਰ ਵਿਅਕਤੀ ਮਾਰੇ ਗਏ। ਇਕ ਅਧਿਕਾਰੀ ਨੇ ਕਿਹਾ ਕਿ ਇਰਾਨ ਨੇ ਦੋ ਮਿਜ਼ਾਈਲਾਂ ਦਾਗ਼ੀਆਂ ਸਨ ਅਤੇ ਦੋਹਾਂ ਨੂੰ ਹਵਾ ’ਚ ਹੀ ਫੁੰਡ ਦਿੱਤਾ ਗਿਆ ਸੀ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜੰਗਬੰਦੀ ਸਵੀਕਾਰ ਕਰ ਲਈ, ਜਦਕਿ ਇਰਾਨੀ ਸਰਕਾਰੀ ਟੀ.ਵੀ. ਨੇ ਕਿਹਾ ਕਿ ਜੰਗ ਰੁਕ ਗਈ ਹੈ। ਸਾਊਦੀ ਅਰਬ ਅਤੇ ਮਿਸਰ ਸਮੇਤ ਖ਼ਿੱਤੇ ਦੇ ਕਈ ਆਗੂਆਂ ਵੱਲੋਂ ਟਰੰਪ ਦੇ ਜੰਗਬੰਦੀ ਬਾਰੇ ਐਲਾਨ ਦਾ ਸਵਾਗਤ ਕੀਤਾ ਗਿਆ। ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਟਰੰਪ ਨਾਲ ਤਾਲਮੇਲ ਬਣਾ ਕੇ ਇਰਾਨ ਨਾਲ ਦੁਵੱਲੀ ਜੰਗਬੰਦੀ ਲਈ ਰਾਜ਼ੀ ਹੋ ਗਿਆ ਹੈ। ਉਨ੍ਹਾਂ ਇਜ਼ਰਾਈਲ ਦੀ ਸੁਰੱਖਿਆ ਕੈਬਨਿਟ ਨੂੰ ਕਿਹਾ ਕਿ ਮੁਲਕ ਨੇ ਇਰਾਨ ਦੇ ਪਰਮਾਣੂ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮਾਂ ਦੇ ਖ਼ਤਰੇ ਨੂੰ ਖ਼ਤਮ ਕਰਕੇ ਆਪਣੇ ਸਾਰੇ ਜੰਗੀ ਨਿਸ਼ਾਨੇ ਹਾਸਲ ਕਰ ਲਏ ਹਨ। ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਨੇ ਇਰਾਨ ਦੇ ਫੌਜੀ ਅਧਿਕਾਰੀਆਂ ਅਤੇ ਕਈ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਤੇ ਤਹਿਰਾਨ ਦੇ ਆਸਮਾਨ ’ਤੇ ਕਬਜ਼ਾ ਕਰ ਲਿਆ।

# ਅਮਰੀਕਾ ’ਚ ਗੁਜਰਾਤੀ-ਭਾਰਤੀ ਜਿਨਸੀ ਸ਼ੋਸ਼ਣ ਦੇ ਦੋਸ਼ ’ਚ ਗ੍ਰਿਫ਼ਤਾਰ




**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਆਇਓਵਾ ਰਾਜ ਵਿਚ ਇੱਕ 24 ਸਾਲਾ ਗੁਜਰਾਤੀ-ਭਾਰਤੀ ਵਿਅਕਤੀ ਨੂੰ ਇੱਕ ਨਾਬਾਲਗ ਲੜਕੀ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉੱਤਰੀ ਲਿਬਰਟੀ ਦੇ ਰਹਿਣ ਵਾਲੇ ਹੇਤ ਪਟੇਲ ਨੂੰ 23 ਜੂਨ ਨੂੰ ਇੱਕ 15 ਸਾਲਾ ਲੜਕੀ ਨਾਲ ਛੇੜਛਾੜ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਤੇ ਇਸ ਮਾਮਲੇ ਵਿਚ ਮੁਲਜ਼ਮ ’ਤੇ ਕਲਾਸ ਸੀ ਦੇ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ।

ਦੋਸ਼ੀ ਹੇਤ ਪਟੇਲ ਅਤੇ ਉਸ ਦੇ ਜੇਲ੍ਹ ਰਿਕਾਰਡ ਅਨੁਸਾਰ ਫਿਲਹਾਲ ਉਸ ’ਤੇ ਕੋਈ ਜ਼ਮਾਨਤ ਨਹੀਂ ਲਗਾਈ ਗਈ ਹੈ। ਪੁਲਿਸ ਰਿਪੋਰਟ ਅਨੁਸਾਰ ਹੇਤ ਪਟੇਲ ਨੇ ਅਗਸਤ 2023 ਅਤੇ ਅਪ੍ਰੈਲ 2024 ਵਿਚਕਾਰ ਪੀੜਤਾ ਨਾਲ ਘਰ ਵਿਚ ਕਥਿਤ ਹਰਕਤ ਕੀਤੀ ਸੀ। ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਹੇਤ ਪਟੇਲ ਦੇ ਘਰ ’ਤੇ ਹੋਇਆ ਸੀ ਜਾਂ ਪੀੜਤਾ ਦੇ ਘਰ। ਇਸ ਤੋਂ ਇਲਾਵਾ ਹੇਤ ਪਟੇਲ ਸੰਯੁਕਤ ਰਾਜ ਅਮਰੀਕਾ ਵਿਚ ਕਿਸ ਸਥਿਤੀ ਵਿਚ ਰਹਿ ਰਿਹਾ ਹੈ, ਇਸ ਬਾਰੇ ਕੋਈ ਵੇਰਵਾ ਨਹੀਂ ਮਿਲ ਸਕਿਆ। ਇਸ ਗੁਜਰਾਤੀ-ਭਾਰਤੀ ਨੌਜਵਾਨ ਵਿਰੁੱਧ ਲੱਗੇ ਦੋਸ਼ ਜੇਕਰ ਅਦਾਲਤ ਵਿਚ ਸਾਬਤ ਹੁੰਦੇ ਹਨ, ਤਾਂ ਉਸ ਨੂੰ ਵੱਧ ਤੋਂ ਵੱਧ ਦਸ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਹੇਤ ਪਟੇਲ ਨੇ ਅਗਸਤ 2023 ਵਿਚ ਪੀੜਤ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸਦਾ ਮਤਲਬ ਇਹ ਵੀ ਹੈ ਕਿ ਉਹ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ, ਹਾਲਾਂਕਿ ਪੁਲਿਸ ਵੱਲੋਂ ਇਸ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ ਕਿ ਕੀ ਉਹ ਪੀੜਤਾ ਨੂੰ ਪਹਿਲੇ ਤੋ ਜਾਣਦਾ ਸੀ ਜਾਂ ਨਹੀ, ਜੇਕਰ ਹੇਤ ਪਟੇਲ ਅਮਰੀਕੀ ਨਾਗਰਿਕ ਨਹੀਂ ਹੈ, ਤਾਂ ਉਸਨੂੰ ਇਸ ਅਪਰਾਧ ਲਈ ਦੇਸ਼ ਨਿਕਾਲਾ ਵੀ ਦਿੱਤਾ ਜਾ ਸਕਦਾ ਹੈ, ਕਿਉਂਕਿ ਜਿਸ ਅਪਰਾਧ ਦੇ ਉਸ ’ਤੇ ਦੋਸ਼ ਹੈ, ਉਹ ਇੱਕ ਗੰਭੀਰ ਅਪਰਾਧ ਹੈ ਅਤੇ ਇਹ ਦੇਸ਼ ਨਿਕਾਲਾ ਯੋਗ ਅਪਰਾਧਾਂ ਦੀ ਸ਼੍ਰੇਣੀ ਵਿਚ ਵੀ ਆਉਂਦਾ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਵੱਲੋਂ ਕਨਿਸ਼ਕ ਹਾਦਸੇ ਦੀ 40ਵੀਂ ਬਰਸੀ ਮੌਕੇ ਪੀੜਤਾਂ ਨੂੰ ਸ਼ਰਧਾਂਜਲੀ

- ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਅੱਤਵਾਦ ਖਿਲਾਫ਼ ਲੜਨ ਦੀ ਪ੍ਰਤੀਬੱਧਤਾ ਦੁਹਰਾਈ



ਮਾਰਕ ਕਾਰਨੀ।

**ਓਟਵਾ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ 40 ਸਾਲ ਪਹਿਲਾਂ ਏਅਰ ਇੰਡੀਆ ਦੀ ਉਡਾਣ 182 ਕਨਿਸ਼ਕ ’ਚ ਹੋਇਆ ਬੰਬ ਧਮਾਕਾ ‘ਅੱਤਵਾਦ ਖ਼ਿਲਾਫ਼ ਲੜਨ ਤੇ ਕੈਨੇਡਾ ਵਾਸੀਆਂ ਨੂੰ ਸੁਰੱਖਿਅਤ ਰੱਖਣ ਦੀ ਸਾਡੀ ਪ੍ਰਤੀਬੱਧਤਾ ਦੀ ਯਾਦ ਦਿਵਾਉਂਦਾ ਹੈ।’ ਕਾਰਨੀ ਨੇ ਇਹ ਟਿੱਪਣੀ ਕਨਿਸ਼ਕ ਬੰਬ ਧਮਾਕੇ ਦੀ 40ਵੀਂ ਬਰਸੀ ਮੌਕੇ ਕੀਤੀ। ਇਸ ਲਈ ਬੀਤੇ ਦਿਨ ਪੂਰੇ ਕੈਨੇਡਾ ’ਚ ਭਾਈਚਾਰੇ ਦੇ ਮੈਂਬਰਾਂ, ਭਾਰਤੀ ਮਿਸ਼ਨਾਂ ਤੇ ਹੋਰ ਲੋਕਾਂ ਵੱਲੋਂ ਡਾਉ’ਜ਼ ਲੇਕ ਸਥਿਤ ਏਅਰ ਇੰਡੀਆ ਯਾਦਗਾਰ ਸਮੇਤ ਕਈ ਥਾਵਾਂ ’ਤੇ ਸ਼ਰਧਾਂਜਲੀ ਸਮਾਗਮ ਕਰਵਾਏ ਗਏ।

ਜ਼ਿਕਰਯੋਗ ਹੈ ਕਿ ਮਾਂਟਰੀਅਲ-ਨਵੀਂ ਦਿੱਲੀ ਜਾ ਰਹੀ ਏਅਰ ਇੰਡੀਆ ਕਨਿਸ਼ਕ ਉਡਾਣ-182 ਵਿਚ 23 ਜੂਨ 1985 ਨੂੰ ਬਰਤਾਨੀਆ ਦੇ ਹੀਥਰੋ ਹਵਾਈ ਅੱਡੇ ’ਤੇ ਉਤਰਨ ਤੋਂ 45 ਮਿੰਟ ਪਹਿਲਾਂ ਕੈਨੇਡਾ ਵਿਚਲੇ ਅੱਤਵਾਦੀਆਂ ਵੱਲੋਂ ਰੱਖੇ ਬੰਬ ’ਚ ਧਮਾਕਾ ਹੋ ਗਿਆ ਸੀ, ਜਿਸ ’ਚ ਜਹਾਜ਼ ਵਿਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਇਨ੍ਹਾਂ ’ਚ ਘੱਟੋ-ਘੱਟ 280 ਕੈਨੇਡਿਆਈ ਨਾਗਰਿਕ ਸਨ, ਜਿਨ੍ਹਾਂ ’ਚੋਂ ਵਧੇਰੇ ਭਾਰਤੀ ਮੂਲ ਦੇ ਸਨ। ਕਾਰਨੀ ਨੇ ਐਕਸ ’ਤੇ ਕਿਹਾ, ‘40 ਸਾਲ ਪਹਿਲਾਂ ਕੈਨੇਡਾ ਨੇ ਆਪਣੇ ਇਤਿਹਾਸ ਦੇ ਸਭ ਤੋਂ ਭਿਆਨਕ ਅੱਤਵਾਦੀ ਹਮਲੇ ਦਾ ਸਾਹਮਣਾ ਕੀਤਾ ਸੀ। ਅਸੀਂ ਏਅਰ ਇੰਡੀਆ ਬੰਬ ਧਮਾਕੇ ਦੇ 268 ਕੈਨੇਡਿਆਈ ਪੀੜਤਾਂ ਤੇ ਅੱਤਵਾਦੀ ਹਮਲੇ ’ਚ ਮਾਰੇ ਗਏ ਸਾਰੇ ਲੋਕਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ। ਇਹ ਹਿੰਸਕ ਅੱਤਵਾਦ ਨਾਲ ਲੜਨ ਤੇ ਕੈਨੇਡਿਆਈ ਲੋਕਾਂ ਨੂੰ ਸੁਰੱਖਿਅਤ ਰੱਖਣ ਦੀ ਸਾਡੀ ਪ੍ਰਤੀਬੱਧਤਾ ਦੀ ਇੱਕ ਗੰਭੀਰ ਯਾਦ ਦਿਵਾਉਂਦਾ ਹੈ।’ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਐਕਸ ’ਤੇ ਲਿਖਿਆ, ‘ਇਹ ਅੱਤਵਾਦੀ ਹਮਲਾ ਸਾਡੇ ਦੇਸ਼ ਦੇ ਇਤਿਹਾਸ ’ਚ ਸਭ ਤੋਂ ਘਾਤਕ ਹੈ, ਜਿਸ ਨੂੰ ਕਦੀ ਭੁੱਲਣਾ ਨਹੀਂ ਚਾਹੀਦਾ। ਅਸੀਂ ਪੀੜਤਾਂ ਨੂੰ ਯਾਦ ਕਰਦੇ ਹਾਂ ਅਤੇ ਸਾਡੀ ਹਮਦਰਦੀ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਹੈ, ਜਿਨ੍ਹਾਂ ਦਹਾਕਿਆਂ ਤੱਕ ਸੋਗ ਮਨਾਇਆ ਹੈ।’ ਉਨ੍ਹਾਂ ਕਿਹਾ, ‘ਕੈਨੇਡਾ ਅੱਤਵਾਦ ਤੇ ਹਿੰਸਕ ਕੱਟੜਵਾਦ ਦੇ ਖਤਰਿਆਂ ਦਾ ਪਤਾ ਲਾਉਣ, ਰੋਕਣ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ ਆਪਣੇ ਸਹਿਯੋਗੀਆਂ ਤੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ।’

# ਅਮਰੀਕਾ ’ਚ ਬਜ਼ੁਰਗਾਂ ਨੂੰ ਠੱਗਣ ਵਾਲੇ ਦੋ ਭਾਰਤੀ ਵਿਦਿਆਰਥੀਆਂ ਨੂੰ ਕੈਦ

**ਹਿਊਸਟਨ, (ਪੰਜਾਬ ਮੇਲ)-** ਅਮਰੀਕਾ ਵਿਚ ਪੜ੍ਹਾਈ ਕਰਨ ਵਾਲੇ ਦੋ ਭਾਰਤੀ ਵਿਦਿਆਰਥੀਆਂ ਨੂੰ ਬਜ਼ੁਰਗਾਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕਰਨ ਦੇ ਵੱਖ-ਵੱਖ ਮਾਮਲਿਆਂ ਵਿਚ ਸਜ਼ਾ ਸੁਣਾਈ ਗਈ ਹੈ। ਵਿਦਿਆਰਥੀ ਵੀਜ਼ਾ ’ਤੇ ਅਮਰੀਕਾ ਵਿਚ ਰਹਿ ਰਹੇ ਕਿਸ਼ਨ ਰਾਜੇਸ਼ਕੁਮਾਰ ਪਟੇਲ (20) ਵੱਲੋਂ ਮਨੀ ਲਾਂਡਰਿੰਗ ਦੀ ਸਾਜ਼ਿਸ਼ ਰਚਣ ਦਾ ਅਪਰਾਧ ਕਬੂਲ ਕੀਤੇ ਜਾਣ ਤੋਂ ਬਾਅਦ ਇਸ ਹਫ਼ਤੇ ਉਸ ਨੂੰ 63 ਮਹੀਨੇ (ਪੰਜ ਸਾਲ ਤੋਂ ਵੱਧ) ਕੈਦ ਦੀ ਸਜ਼ਾ ਸੁਣਾਈ ਗਈ। ਅਮਰੀਕਾ ਦੇ ਨਿਆਂ ਵਿਭਾਗ (ਡੀ.ਓ.ਜੇ.) ਮੁਤਾਬਕ ਪਟੇਲ ਨੇ ਖ਼ੁਦ ਨੂੰ ਸਰਕਾਰੀ ਅਧਿਕਾਰੀ ਦੱਸ ਕੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਇਆ ਅਤੇ ਡਰ ਦਿਖਾ ਕੇ ਉਨ੍ਹਾਂ ਕੋਲੋਂ ਨਕਦੀ ਅਤੇ ਸੋਨੇ ਦੇ ਗਹਿਣੇ ਠੱਗ ਲਏ। ਇਕ ਜਾਂਚ ਵਿਚ ਪਾਇਆ ਗਿਆ ਕਿ ਉਸ ਨੇ ਘੱਟੋ ਘੱਟ 25 ਬਜ਼ੁਰਗਾਂ ਤੋਂ 26,94,156 ਡਾਲਰ ਠੱਗੇ। ਪਟੇਲ ਨੂੰ 24 ਅਗਸਤ 2024 ਨੂੰ ਟੈਕਸਾਸ ਦੇ ਗਰੇਨਾਈਟ ਸ਼ੋਲਜ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 29 ਅਗਸਤ ਤੋਂ ਉਹ ਸੰਘੀ ਹਿਰਾਸਤ ’ਚ ਹੈ। ਅਧਿਕਾਰੀ ਨੇ ਦੱਸਿਆ ਕਿ ਪਟੇਲ ਦੇ ਸਹਿ-ਪ੍ਰਤੀਵਾਦੀ ਭਾਰਤੀ ਨਾਗਰਿਕ ਧਰੁੱਵ ਰਾਜੇਸ਼ਭਾਈ ਮੰਗੂਕੀਆ ਨੇ 16 ਜੂਨ ਨੂੰ ਆਪਣਾ ਅਪਰਾਧ ਕਬੂਲ ਕਰ ਲਿਆ ਪਰ ਉਸ ਨੂੰ ਕਿੰਨੀ ਸਜ਼ਾ ਸੁਣਾਈ ਗਈ, ਇਸ ਬਾਰੇ ਜਾਣਕਾਰੀ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

# ਸੀਜ਼ਫਾਇਰ ਮਗਰੋਂ ਕਤਰ, ਯੂ.ਏ.ਈ., ਆਬੂ-ਧਾਬੀ, ਇਰਾਕ, ਤੇ ਕੁਵੈਤ ਨੇ ਮੁੜ ਖੋਲ੍ਹਿਆ ਏਅਰਸਪੇਸ

**ਨਵੀਂ ਦਿੱਲੀ, (ਪੰਜਾਬ ਮੇਲ)-** ਬੀਤੇ ਦਿਨਾਂ ਤੋਂ ਈਰਾਨ-ਇਜ਼ਰਾਈਲ ਵਿਚਾਲੇ ਚੱਲ ਰਹੀ ਜੰਗ ਕਾਰਨ ਇਲਾਕੇ ’ਚ ਸਥਿਤੀ ਤਣਾਅਪੂਰਨ ਬਣੀ ਹੋਈ ਹੈ। ਇਸ ਦੌਰਾਨ ਜਦੋਂ ਈਰਾਨ ਨੇ ਕਤਰ ਤੇ ਇਰਾਕ ’ਚ ਸਥਿਤ ਅਮਰੀਕੀ ਏਅਰਬੇਸਾਂ ’ਤੇ ਹਮਲਾ ਕੀਤਾ ਸੀ, ਤਾਂ ਸਥਿਤੀ ਹੋਰ ਗੰਭੀਰ ਹੋ ਗਈ ਸੀ, ਜਿਸ ਕਾਰਨ ਕਈ ਦੇਸ਼ਾਂ ਨੇ ਆਪਣੇ ਏਅਰਬੇਸ ਬੰਦ ਕਰ ਦਿੱਤੇ ਸਨ। ਇਸ ਤਣਾਅ ਦੀ ਸਥਿਤੀ ਦਰਮਿਆਨ ਕਤਰ, ਯੂ.ਏ.ਈ., ਆਬੂ-ਧਾਬੀ, ਇਰਾਕ, ਤੇ ਕੁਵੈਤ ਨੇ ਆਪਣੇ ਏਅਰਬੇਸ ਬੰਦ ਕਰ ਦਿੱਤੇ ਸਨ, ਜਿਸ ਕਾਰਨ ਕਈ ਫਲਾਈਟਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਹਾਲਾਂਕਿ ਹੁਣ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਸੀਜ਼ਫਾਇਰ ਦਾ ਐਲਾਨ ਹੋ ਗਿਆ ਹੈ ਤਾਂ ਇਨ੍ਹਾਂ ਦੇਸ਼ਾਂ ਨੇ ਮੁੜ ਆਪਣੇ ਏਅਰਬੇਸ ਖੋਲ੍ਹ ਦਿੱਤੇ ਹਨ ਤੇ ਫਲਾਈਟਾਂ ਨੂੰ ਉਡਾਣ ਭਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ 12 ਦਿਨਾਂ ਤੱਕ ਚੱਲੀ ਜੰਗ ਤੋਂ ਬਾਅਦ ਆਖ਼ਿਰਕਾਰ ਈਰਾਨ ਤੇ ਇਜ਼ਰਾਈਲ ਵਿਚਾਲੇ ਜੰਗਬੰਦੀ ਹੋ ਗਈ ਹੈ, ਜਿਸ ਦੀ ਪੁਸ਼ਟੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤੀ ਹੈ। ਉਨ੍ਹਾਂ ਨੇ ਆਪਣੇ ਟਰੁੱਥ ਸੋਸ਼ਲ ਅਕਾਊਂਟ ’ਤੇ ਪੋਸਟ ਪਾ ਕੇ ਲਿਖਿਆ ਕਿ ਸੀਜ਼ਫਾਇਰ ਲਾਗੂ ਹੋ ਗਿਆ ਹੈ ਤੇ ਹੁਣ ਇਸ ਦੀ ਉਲੰਘਣਾ ਨਾ ਕੀਤੀ ਜਾਵੇ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਈਰਾਨ ਤੋਂ ਹੁਣ ਤੱਕ 3,170 ਲੋਕਾਂ ਦੀ ਹੋਈ ਵਤਨ ਵਾਪਸੀ

ਨਵੀਂ ਦਿੱਲੀ, (ਪੰਜਾਬ ਮੇਲ)- ਈਰਾਨ ਅਤੇ ਇਜ਼ਰਾਈਲ ਵਿਚ ਫਸੇ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਲਈ ਪਿਛਲੇ ਹਫ਼ਤੇ ਆਪ੍ਰੇਸ਼ਨ ਸਿੰਧੂ ਸ਼ੁਰੂ ਕੀਤਾ ਗਿਆ ਸੀ। 24 ਜੂਨ ਨੂੰ ਸਵੇਰੇ 12.01 ਵਜੇ, ਮਸ਼ਹਦ ਤੋਂ ਇੱਕ ਉਡਾਣ 282 ਭਾਰਤੀਆਂ ਨੂੰ ਲੈ ਕੇ ਦਿੱਲੀ ਪਹੁੰਚੀ, ਜਿਸ ਨਾਲ ਕੱਢੇ ਗਏ ਲੋਕਾਂ ਦੀ ਕੁੱਲ ਗਿਣਤੀ 2,858 ਹੋ ਗਈ ਹੈ। ਮੰਗਲਵਾਰ ਨੂੰ ਦੂਤਘਰ ਵੱਲੋਂ 1,100+ ਨਾਗਰਿਕਾਂ ਨੂੰ ਕੱਢੇ ਜਾਣ ਨਾਲ ਇਹ ਗਿਣਤੀ ਵਧ ਗਈ ਹੈ, ਜਿਸ ਨਾਲ ਕੁੱਲ ਗਿਣਤੀ 3,170 ਹੋ ਗਈ ਹੈ।



ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲ ਰਹੇ ਫੌਜੀ ਟਕਰਾਅ ਵਿਚ ਜੰਗਬੰਦੀ ਦੇ ਐਲਾਨ ਤੋਂ ਬਾਅਦ ਈਰਾਨ ਵਿਚ ਭਾਰਤੀ ਦੂਤਘਰ ਨੇ ਮੰਗਲਵਾਰ ਨੂੰ 'ਆਪ੍ਰੇਸ਼ਨ ਸਿੰਧੂ' ਤਹਿਤ ਸ਼ੁਰੂ ਕੀਤੇ ਗਏ ਨਾਗਰਿਕਾਂ ਦੀ ਨਿਕਾਸੀ ਪ੍ਰਕਿਰਿਆ ਨੂੰ ਪੜਾਅਵਾਰ ਬੰਦ ਕਰਨਾ ਸ਼ੁਰੂ ਕਰ ਦਿੱਤਾ। ਇਸ ਤਹਿਤ ਨਵੇਂ ਨਾਂ ਦਰਜ ਕਰਨ ਲਈ ਖੋਲ੍ਹਿਆ ਗਿਆ ਰਜਿਸਟ੍ਰੇਸ਼ਨ ਡੈਸਕ ਵੀ ਬੰਦ ਕਰ ਦਿੱਤਾ ਗਿਆ ਹੈ।

ਦੂਤਘਰ ਨੇ ਆਪਣੀ ਐਕਸ (ਪਹਿਲਾਂ ਟਵਿੱਟਰ) ਪੋਸਟ ਵਿਚ ਕਿਹਾ ਹੈ ਕਿ ਭਾਰਤ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਜੇਕਰ ਕੋਈ ਅਣਕਿਆਸਾ ਖ਼ਤਰਾ ਪੈਦਾ ਹੁੰਦਾ ਹੈ, ਤਾਂ ਆਪਣੀ ਰਣਨੀਤੀ ਬਦਲਣ ਲਈ ਪੂਰੀ ਤਰ੍ਹਾਂ ਤਿਆਰ ਰਹੇਗਾ।

ਦੂਤਘਰ ਨੇ ਉਡਾਣਾਂ ਦੀ ਯੋਜਨਾ ਬਣਾ ਰਹੇ ਭਾਰਤੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਫਿਲਹਾਲ ਉੱਥੇ ਹੀ ਰਹਿਣ, ਜਿੱਥੇ ਉਹ ਹਨ ਅਤੇ ਸਥਿਤੀ 'ਤੇ ਨੇੜਿਓਂ ਨਜ਼ਰ ਰੱਖਣ। ਖਾਸ ਤੌਰ 'ਤੇ ਮਸ਼ਹਦ ਵਿਚ ਰਹਿਣ ਵਾਲਿਆਂ ਨੂੰ ਸਦਰ ਹੋਟਲ ਵਿਚ ਜਾਣ ਦੀ ਸਲਾਹ ਦਿੱਤੀ ਗਈ ਹੈ ਕਿਉਂਕਿ ਮਿਸ਼ਨ ਦੇ ਤਹਿਤ ਹੋਰ ਹੋਟਲਾਂ ਦੇ ਕਮਰੇ ਖਾਲੀ ਕੀਤੇ ਜਾ ਰਹੇ ਹਨ। ਸਦਰ ਹੋਟਲ ਦੇ ਕਮਰੇ ਵੀ 26 ਜੂਨ ਦੀ ਰਾਤ ਤੱਕ ਦੋ ਹੋਰ ਰਾਤਾਂ ਲਈ ਰਾਖਵੇਂ ਰੱਖੇ ਗਏ ਹਨ, ਤਾਂ ਜੋ ਨਾਗਰਿਕਾਂ ਨੂੰ ਸਥਿਤੀ ਸਪੱਸ਼ਟ ਹੋਣ ਤੱਕ ਠਹਿਰਨ ਲਈ ਸਮਾਂ ਮਿਲ ਸਕੇ।

ਦੂਤਘਰ ਨੇ ਕਿਹਾ ਹੈ ਕਿ ਜੇਕਰ ਕਿਸੇ ਵੀ ਭਾਰਤੀ ਨਾਗਰਿਕ ਨੂੰ ਸਲਾਹ ਜਾਂ ਸਹਾਇਤਾ ਦੀ ਲੋੜ ਹੈ, ਤਾਂ ਉਹ ਟੈਲੀਗ੍ਰਾਮ ਚੈਨਲ ਜਾਂ 24×7 ਹੈਲਪਲਾਈਨ ਰਾਹੀਂ ਸੰਪਰਕ ਕਰ ਸਕਦੇ ਹਨ। ਇਹ ਚੈਨਲ ਅਤੇ ਹੈਲਪਲਾਈਨਾਂ "ਅਗਲੇ ਕੁਝ ਦਿਨਾਂ ਲਈ" ਉਪਲਬਧ ਰਹਿਣਗੀਆਂ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਕਤਰ ਸਥਿਤ ਅਮਰੀਕੀ ਅੰਬੈਸੀ ਵੱਲੋਂ ਆਪਣੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

ਦੋਹਾ, (ਪੰਜਾਬ ਮੇਲ)- ਮੱਧ ਪੂਰਬ 'ਚ ਵੱਧ ਰਹੇ ਜੰਗੀ ਤਣਾਅ ਅਤੇ ਅਣਅਲਾਨੇ ਖਤਰੇ ਦੇ ਮੱਦੇਨਜ਼ਰ, ਕਤਰ ਸਥਿਤ ਅਮਰੀਕੀ ਅੰਬੈਸੀ ਨੇ ਸਾਵਧਾਨੀ ਵਰਤਦਿਆਂ ਆਪਣਿਆਂ ਨਾਗਰਿਕਾਂ ਨੂੰ ਘਰ ਦੇ ਅੰਦਰ ਹੀ ਰਹਿਣ ਦੀ ਸਖ਼ਤ ਸਲਾਹ ਦਿੱਤੀ ਹੈ। ਇਹ ਸਲਾਹ ਅਗਲੇ ਹੁਕਮ ਤੱਕ ਲਾਗੂ ਰਹੇਗੀ। ਦੂਤਾਵਾਸ ਵੱਲੋਂ ਜਾਰੀ ਅਧਿਕਾਰਿਕ ਸੁਨੇਹੇ ਵਿਚ ਕਿਹਾ, "ਹਾਲਾਤ ਵਿਚ ਅਚਾਨਕ ਬਦਲਾਅ ਆ ਸਕਦਾ ਹੈ, ਇਸ ਲਈ ਸਾਰੇ ਅਮਰੀਕੀ ਨਾਗਰਿਕ ਜਿੱਥੇ ਹਨ, ਉਥੇ ਹੀ ਰਹਿਣ, ਬਿਨਾਂ ਜ਼ਰੂਰਤ ਦੇ ਘਰ ਤੋਂ ਬਾਹਰ ਨਾ ਨਿਕਲਣ ਅਤੇ ਸਰਕਾਰੀ ਅਧਿਕਾਰੀਆਂ ਦੀ ਹਦਾਇਤਾਂ ਦਾ ਪਾਲਣ ਕਰਨ।"

ਇਹ ਸਾਵਧਾਨੀ ਇਜ਼ਰਾਈਲ-ਈਰਾਨ ਟਕਰਾਅ ਅਤੇ ਮੱਧ ਪੂਰਬ ਵਿਚ ਫੌਜੀ ਤਹਿਰੀਕਾਂ ਦੇ ਵਧਣ ਤੋਂ ਬਾਅਦ ਆਈ ਹੈ। ਇਲਾਕੇ 'ਚ ਅਮਰੀਕੀ ਠਿਕਾਣਿਆਂ ਅਤੇ ਦੂਤਾਵਾਸਾਂ ਨੂੰ ਲਕੜੀ ਵਾਂਗ ਲੱਭਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਅੰਬੈਸੀ ਨੇ ਅਮਰੀਕੀ ਨਾਗਰਿਕਾਂ ਨੂੰ ਕਿਹਾ ਹੈ ਕਿ ਉਹ ਆਪਣੀ ਟ੍ਰੈਵਲ ਡਾਕੂਮੈਂਟੇਸ਼ਨ ਤਿਆਰ ਰੱਖਣ। ਐਮਰਜੈਂਸੀ ਨੰਬਰਾਂ ਨੂੰ ਐਕਸੈੱਸ 'ਚ ਰੱਖਣ ਅਤੇ ਤਾਜ਼ਾ ਅਪਡੇਟਸ ਲਈ ਦੂਤਾਵਾਸ ਦੀ ਵੈੱਬਸਾਈਟ ਜਾਂ ਸੋਸ਼ਲ ਮੀਡੀਆ ਦੇਖਦੇ ਰਹਿਣ।

ਇਸ ਐਡਵਾਈਜ਼ਰੀ ਨਾਲ ਸਾਫ਼ ਹੋ ਗਿਆ ਹੈ ਕਿ ਮੱਧ ਪੂਰਬ ਦੀ ਸੁਰੱਖਿਆ ਸਥਿਤੀ ਬਹੁਤ ਗੰਭੀਰ ਹੋ ਰਹੀ ਹੈ, ਜਿਸ ਦਾ ਪ੍ਰਭਾਵ ਸਿਰਫ਼ ਇਜ਼ਰਾਈਲ ਅਤੇ ਇਰਾਨ ਤੱਕ ਸੀਮਿਤ ਨਹੀਂ, ਸਗੋਂ ਇਲਾਕੇ ਦੇ ਹੋਰ ਦੇਸ਼ਾਂ 'ਤੇ ਵੀ ਪੈ ਰਿਹਾ ਹੈ।

## ਅਮਰੀਕੀ ਸੰਸਦ ਮੈਂਬਰ ਵੱਲੋਂ ਡੋਨਾਲਡ ਟਰੰਪ ਨੋਬਲ ਪੁਰਸਕਾਰ ਲਈ ਨਾਮਜ਼ਦ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ ਲਿਆਉਣ ਵਿਚ ਉਨ੍ਹਾਂ ਦੀ ਭੂਮਿਕਾ ਲਈ 2025 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਅਮਰੀਕੀ ਹਾਊਸ ਪ੍ਰਤੀਨਿਧੀ ਬੱਡੀ ਕਾਰਟਰ ਨੇ ਨੋਬਲ ਸ਼ਾਂਤੀ ਪੁਰਸਕਾਰ ਕਮੇਟੀ ਨੂੰ ਇੱਕ ਪੱਤਰ ਲਿਖਿਆ ਹੈ, ਜਿਸ ਵਿਚ ਮੱਧ ਪੂਰਬ ਦੇ ਸੰਘਰਸ਼ ਨੂੰ ਹੱਲ ਕਰਨ ਵਿਚ ਟਰੰਪ ਦੀ ਭੂਮਿਕਾ ਦਾ ਵਰਣਨ ਕੀਤਾ ਗਿਆ ਹੈ।

ਇੱਕ ਰਿਪੋਰਟ ਦੇ ਅਨੁਸਾਰ, ਕਾਰਟਰ ਨੇ ਕਿਹਾ, "ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਨੇ ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਨੂੰ ਖਤਮ ਕਰਨ ਵਿਚ ਮਦਦ ਕੀਤੀ ਅਤੇ ਦੁਨੀਆਂ ਦੇ ਸਭ ਤੋਂ ਵੱਡੇ ਰਾਜ-ਪ੍ਰਯੋਜਿਤ ਅੱਤਵਾਦੀ ਦੇਸ਼ ਨੂੰ ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਤੋਂ ਰੋਕਿਆ।"

ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਅਮਰੀਕਾ ਦੇ ਅੰਦਰ ਡੋਨਾਲਡ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀ ਮੰਗ ਕੀਤੀ ਗਈ ਹੈ। ਇਸ ਸਾਲ ਦੇ ਸ਼ੁਰੂ ਵਿਚ, ਅਮਰੀਕੀ ਸੰਸਦ ਮੈਂਬਰ ਡੈਰੇਲ ਈਸਾ ਨੇ ਵੀ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਸੀ, ਉਨ੍ਹਾਂ ਦੀ 2024 ਦੀ ਚੋਣ ਜਿੱਤ ਦੇ ਵਿਸ਼ਵਵਿਆਪੀ ਪ੍ਰਭਾਵ ਦਾ ਹਵਾਲਾ ਦਿੰਦੇ ਹੋਏ।

ਈਰਾਨ ਅਤੇ ਇਜ਼ਰਾਈਲ ਵਿਚਕਾਰ 12 ਦਿਨਾਂ ਦੀ ਲਗਾਤਾਰ ਜੰਗ ਤੋਂ ਬਾਅਦ, ਮੰਗਲਵਾਰ (24 ਜੂਨ 2025) ਨੂੰ ਅਮਰੀਕਾ ਅਤੇ ਕਤਰ ਦੀ ਵਿਚੋਲਗੀ ਨਾਲ ਜੰਗਬੰਦੀ ਕੀਤੀ ਗਈ। ਟਰੰਪ ਨੇ ਕਿਹਾ, "ਸਾਰਿਆਂ ਨੂੰ ਵਧਾਈਆਂ, ਈਰਾਨ ਅਤੇ ਇਜ਼ਰਾਈਲ ਵਿਚਕਾਰ ਇੱਕ ਸੰਪੂਰਨ ਅਤੇ ਅੰਤਿਮ ਜੰਗਬੰਦੀ 'ਤੇ ਸਹਿਮਤੀ ਬਣ ਗਈ ਹੈ। ਇਜ਼ਰਾਈਲ ਅਤੇ ਈਰਾਨ ਲਗਭਗ ਇੱਕੋ ਸਮੇਂ ਮੇਰੇ ਕੋਲ ਆਏ ਅਤੇ ਸ਼ਾਂਤੀ ਦੀ ਬੇਨਤੀ ਕੀਤੀ। ਮੈਨੂੰ ਪਤਾ ਸੀ ਕਿ ਹੁਣ ਸਮਾਂ ਆ ਗਿਆ ਹੈ। ਦੁਨੀਆਂ ਅਤੇ ਪੱਛਮੀ ਏਸ਼ੀਆ ਅਸਲ ਜੇਤੂ ਹਨ।"

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀ ਸਿਫਾਰਸ਼ ਵੀ ਕੀਤੀ। ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਰਸਮੀ ਤੌਰ 'ਤੇ ਨਾਰਵੇ ਵਿਚ ਨੋਬਲ ਸ਼ਾਂਤੀ ਪੁਰਸਕਾਰ ਕਮੇਟੀ ਨੂੰ ਇੱਕ ਪੱਤਰ ਭੇਜਿਆ ਹੈ, ਜਿਸ ਵਿਚ ਹਾਲ ਹੀ ਵਿਚ ਭਾਰਤ-ਪਾਕਿਸਤਾਨ ਫੌਜੀ ਟਕਰਾਅ ਦੌਰਾਨ ਫੈਸਲਾਕੁੰਨ ਕੂਟਨੀਤਕ ਦਖਲਅੰਦਾਜ਼ੀ ਲਈ ਅਮਰੀਕੀ ਰਾਸ਼ਟਰਪਤੀ ਨੂੰ ਇਹ ਵੱਕਾਰੀ ਪੁਰਸਕਾਰ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਸਿਹਰਾ ਕਈ ਵਾਰ ਆਪਣੇ ਆਪ ਨੂੰ ਦਿੱਤਾ ਹੈ। ਹਾਲਾਂਕਿ, ਭਾਰਤ ਨੇ ਹਰ ਮੌਕੇ 'ਤੇ ਇਹ ਸਪੱਸ਼ਟ ਕੀਤਾ ਕਿ ਪਾਕਿਸਤਾਨ ਦੇ ਡੀ.ਜੀ.ਐੱਮ.ਓ. ਨੇ ਭਾਰਤ ਦੇ ਡੀ.ਜੀ.ਐੱਮ.ਓ. ਨਾਲ ਗੱਲ ਕੀਤੀ ਸੀ ਅਤੇ ਕਈ ਵਾਰ ਜੰਗਬੰਦੀ ਦੀ ਬੇਨਤੀ ਕੀਤੀ ਸੀ, ਜਿਸ ਤੋਂ ਬਾਅਦ ਭਾਰਤ ਜੰਗਬੰਦੀ ਲਈ ਸਹਿਮਤ ਹੋ ਗਿਆ ਸੀ।

Global Allianz
LAW FIRM LLP
ਕਾਨੂੰਨੀ ਸਲਾਹ

Atul Kapoor
C.E.O
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਯੂ.ਐੱਨ. ਮੀਟਿੰਗ 'ਚ ਅਮਰੀਕਾ ਦਾ ਈਰਾਨ ਖਿਲਾਫ ਸਖਤ ਰੁਖ

**■ ਕਿਹਾ: ਈਰਾਨ ਪ੍ਰਮਾਣੂ ਹਥਿਆਰ ਛੱਡੇ ਅਤੇ ਗੱਲਬਾਤ ਲਈ ਹੋਵੇ ਰਾਜ਼ੀ**

**ਵਾਸ਼ਿੰਗਟਨ, (ਪੰਜਾਬ ਮੇਲ)-** ਐਤਵਾਰ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐੱਨ.ਐੱਸ.ਸੀ.) ਦੀ ਇੱਕ ਐਮਰਜੈਂਸੀ ਮੀਟਿੰਗ ਵਿਚ ਅਮਰੀਕਾ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਸਖ਼ਤ ਰੁਖ਼ ਅਪਣਾਇਆ। ਅਮਰੀਕੀ ਪ੍ਰਤੀਨਿਧੀ ਨੇ ਸਪੱਸ਼ਟ ਤੌਰ 'ਤੇ ਈਰਾਨ ਨੂੰ ਕਿਹਾ ਕਿ ਉਹ ਆਪਣੀਆਂ ਪ੍ਰਮਾਣੂ ਹਥਿਆਰਾਂ ਦੀਆਂ ਇੱਛਾਵਾਂ ਨੂੰ ਤਿਆਗ ਦੇਵੇ ਅਤੇ ਅੰਤਰਰਾਸ਼ਟਰੀ ਭਾਈਚਾਰੇ ਨਾਲ 'ਇਮਾਨਦਾਰ ਗੱਲਬਾਤ' ਕਰੇ। ਅਮਰੀਕਾ ਨੇ ਈਰਾਨ 'ਤੇ ਪੱਛਮੀ ਏਸ਼ੀਆ ਵਿਚ ਅਸਥਿਰਤਾ ਫੈਲਾਉਣ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਅਣਦੇਖੀ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਤਹਿਰਾਨ ਸ਼ਾਂਤੀ ਅਤੇ ਸਥਿਰਤਾ ਦਾ ਰਸਤਾ ਚੁਣੇ। ਇਸ ਦੌਰਾਨ ਅਮਰੀਕਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਸਦੀ ਹਾਲੀਆ ਫੌਜੀ ਕਾਰਵਾਈ ਈਰਾਨ ਦੀਆਂ ਪ੍ਰਮਾਣੂ ਗਤੀਵਿਧੀਆਂ ਨੂੰ ਰੋਕਣ ਅਤੇ ਆਪਣੇ ਨਾਗਰਿਕਾਂ ਅਤੇ ਸਹਿਯੋਗੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ 'ਜ਼ਰੂਰੀ ਅਤੇ ਫੈਸਲਾਕੁੰਨ ਕਦਮ' ਸੀ।

ਅਮਰੀਕਾ ਦੀ ਕਾਰਜਕਾਰੀ ਰਾਜਦੂਤ ਡੋਰਥੀ ਸ਼ੀ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਨੇ ਹਰ ਕੂਟਨੀਤਕ ਬਦਲ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਕੋਈ ਬਦਲ ਨਹੀਂ ਬਚਿਆ ਤਾਂ ਇਹ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ, "ਜਦੋਂ ਸਮਾਂ ਆਇਆ, ਅਸੀਂ ਆਪਣੇ ਸਹਿਯੋਗੀਆਂ ਅਤੇ ਆਪਣੀ ਸੁਰੱਖਿਆ ਦੀ ਰੱਖਿਆ ਲਈ ਫੈਸਲਾਕੁੰਨ ਕਾਰਵਾਈ ਕੀਤੀ।"

ਅਮਰੀਕੀ ਹਮਲੇ ਦਾ ਨਿਸ਼ਾਨਾ ਈਰਾਨ ਦੇ ਫੋਰਡੋ, ਨਤਾਨਜ਼ ਅਤੇ ਇਸਫਾਹਨ ਪ੍ਰਮਾਣੂ ਟਿਕਾਣੇ ਸਨ। ਸ਼ੀ ਨੇ ਈਰਾਨ 'ਤੇ 40 ਸਾਲਾਂ ਤੋਂ "ਅਮਰੀਕਾ ਨੂੰ ਮੌਤ" ਅਤੇ "ਇਜ਼ਰਾਈਲ ਨੂੰ ਮੌਤ" ਵਰਗੇ ਨਾਅਰੇ ਲਗਾਉਣ ਦਾ ਦੋਸ਼ ਲਗਾਇਆ ਅਤੇ ਇਸ ਨੂੰ ਵਿਸ਼ਵ ਸ਼ਾਂਤੀ ਲਈ ਖ਼ਤਰਾ ਦੱਸਿਆ।

ਉਨ੍ਹਾਂ ਕਿਹਾ ਕਿ "ਈਰਾਨ ਨੂੰ ਆਪਣੀ ਪ੍ਰਤੀਕਿਰਿਆ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਅਤੇ ਗੱਲਬਾਤ ਦੀ ਮੇਜ਼ 'ਤੇ ਵਾਪਸ ਆਉਣਾ ਚਾਹੀਦਾ ਹੈ।" ਉਸਨੇ ਕੌਂਸਲ ਨੂੰ ਇਹ ਵੀ ਕਿਹਾ: "ਈਰਾਨ ਨੂੰ ਆਪਣੇ 47 ਸਾਲਾਂ ਦੇ ਇਜ਼ਰਾਈਲ ਵਿਰੋਧੀ ਏਜੰਡੇ ਨੂੰ ਖਤਮ ਕਰਨਾ ਚਾਹੀਦਾ ਹੈ, ਪ੍ਰਮਾਣੂ ਹਥਿਆਰਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਅਤੇ 'ਨਵੀਨੀਕਰਨ ਕੀਤੇ ਵਿਸ਼ਵਾਸ' ਦੇ ਮਾਹੌਲ ਵਿਚ ਇਮਾਨਦਾਰ ਗੱਲਬਾਤ ਵਿਚ ਸ਼ਾਮਲ ਹੋਣਾ ਚਾਹੀਦਾ ਹੈ।"

ਰੂਸ ਅਤੇ ਚੀਨ ਨੇ ਅਮਰੀਕੀ ਕਾਰਵਾਈ ਦੀ ਨਿੰਦਾ ਕੀਤੀ ਅਤੇ ਇਸਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਿਹਾ। ਬ੍ਰਿਟੇਨ, ਫਰਾਂਸ ਅਤੇ ਜਰਮਨੀ ਨੇ ਈਰਾਨ ਨੂੰ ਪਿੱਛੇ ਹਟਣ ਅਤੇ ਗੱਲਬਾਤ ਕਰਨ ਦੀ ਅਪੀਲ ਕੀਤੀ। ਅੰਤਰਰਾਸ਼ਟਰੀ ਪਰਮਾਣੂ ਏਜੰਸੀ ਦੇ ਮੁਖੀ ਨੇ ਫੋਰਡੋ ਸਾਈਟ 'ਤੇ ਸੰਭਾਵੀ ਨੁਕਸਾਨ ਅਤੇ "ਅਣਗਿਣਤ ਨੁਕਸਾਨ" ਬਾਰੇ ਗੱਲ ਕੀਤੀ, ਪਰ ਅਜੇ ਬਾਹਰੋਂ ਪੂਰਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ।

# ਭਾਰਤੀ ਮੂਲ ਦੀ ਗਾਜ਼ਲਾ ਹਾਸ਼ਮੀ ਨੇ ਲੈਫਟੀਨੈਂਟ ਗਵਰਨਰ ਦੀ ਨਾਮਜ਼ਦਗੀ ਚੋਣ ਜਿੱਤੀ



ਗਾਜ਼ਲਾ ਹਾਸ਼ਮੀ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਭਾਰਤੀ ਮੂਲ ਦੀ ਸਟੇਟ ਸੈਨਟ ਮੈਂਬਰ ਗਾਜ਼ਲਾ ਹਾਸ਼ਮੀ ਨੇ ਰਿਚਮੰਡ, ਵਰਜੀਨੀਆ ਦੇ ਲੈਫਟੀਨੈਂਟ ਗਵਰਨਰ ਵਜੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਨਾਮਜ਼ਦਗੀ ਚੋਣ ਜਿੱਤ ਲਈ ਹੈ। 60 ਸਾਲਾ ਵਿਧਾਇਕਾ ਪਹਿਲੀ ਸਾਊਥ ਏਸ਼ੀਅਨ ਮੁਸਲਮਾਨ ਔਰਤ ਹੈ, ਜੋ ਲੈਫਟੀਨੈਂਟ ਗਵਰਨਰ ਦੇ ਅਹੁਦੇ ਲਈ ਨਾਮਜ਼ਦ ਹੋਈ ਹੈ। ਉਹ 2019 ਵਿਚ ਵਿਰਜੀਨੀਆ ਦੀ ਸੈਨੇਟ ਲਈ ਚੁਣੀ ਗਈ ਸੀ। ਹਾਸ਼ਮੀ ਇਕ ਸਾਬਕਾ ਪ੍ਰੋਫੈਸਰ ਹੈ ਤੇ ਵਿਰਜੀਨੀਆ ਦੀ ਰਾਜਨੀਤੀ ਵਿਚ ਉਸ ਦੀ ਖਾਸ ਜਗਾ ਹੈ। ਹਾਸ਼ਮੀ ਭਾਰਤ ਵਿਚ ਪੈਦਾ ਹੋਈ ਸੀ ਤੇ ਉਹ 4 ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਅਮਰੀਕਾ ਆਈ ਸੀ। ਹਾਸ਼ਮੀ ਨੇ 131000 ਵੋਟਾਂ ਲੈ ਕੇ ਸਾਬਕਾ ਰਿਚਮੰਡ ਮੇਅਰ ਲੀਵਰ ਸਟੋਨੀ ਨੂੰ ਹਰਾਇਆ, ਜਿਸ ਨੂੰ 128000 ਤੋਂ ਵਧ ਵੋਟਾਂ ਮਿਲੀਆਂ।

# ਈਰਾਨ ਵੱਲੋਂ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਬਰਕਰਾਰ ਰਹਿਣ ਦਾ ਦਾਅਵਾ

**■ ਅਮਰੀਕੀ ਦਾਅਵਿਆਂ ਨੂੰ ਝੂਠ ਦੱਸ ਕੀਤਾ ਜਵਾਬੀ ਹਮਲਾ**

**ਤਹਿਰਾਨ, (ਪੰਜਾਬ ਮੇਲ)-** ਇਸਲਾਮੀ ਗਣਰਾਜ ਈਰਾਨ ਨੇ ਆਪਣੇ ਪ੍ਰਮਾਣੂ ਪ੍ਰੋਗਰਾਮ ਦੀ ਸਥਿਤੀ ਬਾਰੇ ਇੱਕ ਸਖ਼ਤ ਬਿਆਨ ਜਾਰੀ ਕੀਤਾ ਹੈ। ਈਰਾਨੀ ਫੌਜ ਨੇ ਐਕਸ 'ਤੇ ਪੋਸਟ ਕੀਤਾ ਅਤੇ ਦਾਅਵਾ ਕੀਤਾ ਕਿ ਉਸਦਾ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਬਰਕਰਾਰ ਹੈ। ਇਸ ਦੇ ਨਾਲ ਹੀ, ਉਸਨੇ ਟਰੰਪ ਨੂੰ 'ਪਿਗਮੈਨ' ਕਿਹਾ ਹੈ ਅਤੇ ਇੱਕ ਵਾਰ ਫਿਰ ਉਸ 'ਤੇ ਝੂਠ ਬੋਲਣ ਦਾ ਦੋਸ਼ ਲਗਾਇਆ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਹਾਲ ਹੀ ਵਿਚ ਅਮਰੀਕਾ ਨੇ ਈਰਾਨ ਦੇ ਪ੍ਰਮਾਣੂ ਠਿਕਾਣਿਆਂ 'ਤੇ ਹਵਾਈ ਹਮਲੇ ਕਰਨ ਦਾ ਦਾਅਵਾ ਕੀਤਾ ਹੈ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ 'ਸ਼ਾਂਤੀ ਜਾਂ ਦੁਖਾਂਤ' ਵਿਚੋਂ ਇੱਕ ਦੀ ਚੋਣ ਕਰਨ ਦੀ ਚੇਤਾਵਨੀ ਦਿੱਤੀ ਹੈ। ਈਰਾਨ ਦੇ ਇਸ ਦਾਅਵੇ ਦਾ ਸਿੱਧਾ ਮਤਲਬ ਹੈ ਕਿ ਪੱਛਮੀ ਦੇਸ਼ਾਂ ਵੱਲੋਂ ਉਸਦੀਆਂ ਪ੍ਰਮਾਣੂ ਸਥਾਪਨਾਵਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਇਸਦੇ ਪ੍ਰੋਗਰਾਮ ਨੂੰ ਹੌਲੀ ਕਰਨ ਦੇ ਸਾਰੇ ਦਾਅਵੇ ਬੇਬੁਨਿਆਦ ਹਨ। ਇਹ ਤਹਿਰਾਨ ਦੇ ਇਸ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦਾ ਹੈ ਕਿ ਉਹ ਆਪਣੇ ਪ੍ਰਮਾਣੂ ਟੀਚਿਆਂ ਤੋਂ ਪਿੱਛੇ ਨਹੀਂ ਹਟੇਗਾ, ਭਾਵੇਂ ਕਿੰਨਾ ਵੀ ਅੰਤਰਰਾਸ਼ਟਰੀ ਦਬਾਅ ਕਿਉਂ ਨਾ ਹੋਵੇ। ਬਿਆਨ ਵਿਚ ਸਿੱਧੇ ਤੌਰ 'ਤੇ 'ਪਿਗਮੈਨ' ਸ਼ਬਦ ਦੀ ਵਰਤੋਂ ਕੀਤੀ ਗਈ ਸੀ, ਜਿਸ ਬਾਰੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਸ਼ਾਇਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਹਵਾਲਾ ਹੈ, ਜਿਨ੍ਹਾਂ ਨੇ ਈਰਾਨ ਵਿਰੁੱਧ ਹਾਲ ਹੀ ਵਿਚ ਬਿਆਨ ਦਿੱਤੇ ਹਨ। ਈਰਾਨ ਪਹਿਲਾਂ ਵੀ ਅਮਰੀਕੀ ਨੇਤਾਵਾਂ 'ਤੇ ਗਲਤ ਜਾਣਕਾਰੀ ਫੈਲਾਉਣ ਦਾ ਦੋਸ਼ ਲਗਾ ਚੁੱਕਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਕਰਤਾਰ ਸਿੰਘ ਲਾਪਤਾ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਐੱਸ.) ਦੀ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਕਰਤਾਰ ਸਿੰਘ ਦੋ ਦਿਨਾਂ ਤੋਂ ਲਾਪਤਾ ਹਨ ਜਿਸ ਦੀ ਸ਼ਿਕਾਇਤ ਪਰਿਵਾਰਕ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਥਾਣਾ ਬੀ ਡਵੀਜ਼ਨ ਵਿਖੇ ਦਿੱਤੀ ਹੈ। ਕਰਤਾਰ ਸਿੰਘ ਦੀ ਐਕਟਿਵਾ, ਹੋਰ ਦਸਤਾਵੇਜ਼ ਤੇ ਨਗਦੀ ਸੁਲਤਾਨਵਿੰਡ ਨਹਿਰ ਕੰਢਿਓਂ ਮਿਲੇ ਹਨ। ਪਰਿਵਾਰ ਵਾਲਿਆਂ ਦਾ ਸ਼ੰਕਾ ਹੈ ਕਿ ਕਿਤੇ ਕਰਤਾਰ ਸਿੰਘ ਨੂੰ ਕਤਲ ਨਾ ਕਰ ਦਿੱਤਾ ਗਿਆ ਹੋਵੇ। ਪਰਿਵਾਰ ਵਾਲਿਆਂ ਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਥਾਣਾ ਬੀ ਡਵੀਜ਼ਨ ਦੇ ਐੱਸ.ਐੱਚ.ਓ. ਨਾਲ ਸੰਪਰਕ ਕਰ ਕੇ ਇਸ ਮਾਮਲੇ ਨੂੰ ਜਲਦ ਹੱਲ ਕਰਨ ਲਈ ਦਰਖਾਸਤ ਵੀ ਦਿੱਤੀ ਹੈ।



# ਅਮਰੀਕੀ ਹਮਲੇ ਪਿੱਛੋਂ ਈਰਾਨ ਵੱਲੋਂ ਹੋਰਮੁਜ਼ ਸਟ੍ਰੇਟ ਨੂੰ ਬੰਦ ਕਰਨ ਦੀ ਮਨਜ਼ੂਰੀ !

**ਤਹਿਰਾਨ, (ਪੰਜਾਬ ਮੇਲ)-** ਈਰਾਨ ਦੀ ਸੰਸਦ ਨੇ ਆਪਣੇ ਤਿੰਨ ਪ੍ਰਮਾਣੂ ਸਥਾਨਾਂ 'ਤੇ ਅਮਰੀਕੀ ਹਮਲਿਆਂ ਤੋਂ ਬਾਅਦ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੋਰਮੁਜ਼ ਸਟ੍ਰੇਟ ਨੂੰ ਬੰਦ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਈਰਾਨ ਦੇ ਸਰਕਾਰੀ ਮੀਡੀਆ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਈਰਾਨੀ ਸੰਸਦ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਮੈਂਬਰ ਮੇਜਰ ਜਨਰਲ ਕੋਵਸਾਰੀ ਨੇ ਕਿਹਾ ਕਿ ਈਰਾਨ ਦੀ ਚੋਟੀ ਦੀ ਸੁਰੱਖਿਆ ਅਥਾਰਟੀ, ਸੁਪਰੀਮ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਲਈ ਇਸ ਫੈਸਲੇ ਨੂੰ ਅੰਤਿਮ ਰੂਪ ਦੇਣਾ ਜ਼ਰੂਰੀ ਹੈ।

ਇਹ ਇੱਕ ਤੰਗ ਪਾਣੀ ਵਾਲਾ ਰਸਤਾ ਹੈ, ਜੋ ਈਰਾਨ ਦੇ ਉੱਤਰੀ ਤੱਟ ਅਤੇ ਓਮਾਨ/ਯੂ.ਏ.ਈ. ਦੇ ਦੱਖਣ ਵਿਚ ਫ਼ਾਰਸ ਦੀ ਖਾੜੀ ਨੂੰ ਅਰਬ ਸਾਗਰ ਨਾਲ ਜੋੜਦਾ ਹੈ। ਇਸਦੀ ਲੰਬਾਈ ਲਗਭਗ 167 ਕਿਲੋਮੀਟਰ ਹੈ ਅਤੇ ਸਭ ਤੋਂ ਤੰਗ ਹਿੱਸੇ 'ਤੇ ਇਹ ਸਿਰਫ 33 ਕਿਲੋਮੀਟਰ ਚੌੜਾ ਹੈ।

ਇਹ ਤੇਲ ਟੈਂਕਰਾਂ ਲਈ ਮੁੱਖ ਰਸਤਾ ਹੈ। ਦੁਨੀਆਂ ਦੇ ਕੱਚੇ ਤੇਲ ਦਾ ਲਗਭਗ 20-30% ਅਤੇ 1/3 ਐੱਲ.ਪੀ.ਜੀ. ਇੱਥੋਂ ਲੰਘਦਾ ਹੈ। ਓਪੇਕ ਦੇਸ਼ਾਂ (ਸਾਊਦੀ, ਯੂ.ਏ.ਈ., ਕੁਵੈਤ, ਈਰਾਨ, ਇਰਾਕ) ਲਈ, ਇਹ ਉਨ੍ਹਾਂ ਦਾ ਮੁੱਖ ਨਿਰਯਾਤ ਰਸਤਾ ਹੈ।

**ਇਸ ਰਸਤੇ ਦੇ ਬੰਦ ਹੋ ਜਾਣ ਨਾਲ ਵਿਸ਼ਵ ਪੱਧਰ 'ਤੇ ਕਾਫੀ ਵਿਆਪਕ ਪ੍ਰਭਾਵ ਪਵੇਗਾ, ਜਿਨ੍ਹਾਂ ਵਿਚ :**

- ਤੇਲ ਸਪਲਾਈ ਵਿਚ ਗਿਰਾਵਟ ਵਿਸ਼ਵ ਪੱਧਰ 'ਤੇ ਵੱਡਾ ਸੰਕਟ।
- ਤੇਲ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਵਾਧਾ - ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਹਿੰਗਾਈ।
- ਵਿਸ਼ਵਵਿਆਪੀ ਆਰਥਿਕ ਅਸਥਿਰਤਾ - ਵਪਾਰ ਅਤੇ ਉਦਯੋਗ ਪ੍ਰਭਾਵਿਤ ਹੋਣਗੇ।

ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਤੇਲ ਆਯਾਤਕ ਅਤੇ ਚੌਥਾ ਸਭ ਤੋਂ ਵੱਡਾ ਗੈਸ ਖਰੀਦਦਾਰ ਹੈ। ਇਸਦੇ ਜ਼ਿਆਦਾਤਰ ਸਰੋਤ ਰੂਟਾਂ 'ਤੇ ਨਿਰਭਰ ਹਨ, ਜਿਨ੍ਹਾਂ ਵਿਚੋਂ ਹੋਰਮੁਜ਼ ਮਹੱਤਵਪੂਰਨ ਹੈ। ਨੇਤਾ ਹਰਦੀਪ ਸਿੰਘ ਪੁਰੀ ਨੇ ਭਰੋਸਾ ਦਿੱਤਾ ਹੈ ਕਿ ਭਾਰਤ ਕੋਲ ਵਿਭਿੰਨ ਸਪਲਾਈ ਹੈ ਅਤੇ 100% ਹੋਰਮੁਜ਼ ਤੋਂ ਨਹੀਂ ਆਉਂਦੀ। ਉਨ੍ਹਾਂ ਕਿਹਾ ਹੈ ਕਿ ਭਾਰਤ ਕੋਲ ਕਈ ਹਫ਼ਤਿਆਂ ਦਾ ਤੇਲ ਅਤੇ ਗੈਸ ਸਟਾਕ ਬਚਿਆ ਹੈ ਅਤੇ ਲੋੜ ਪੈਣ 'ਤੇ ਵਿਕਲਪਿਕ ਰੂਟਾਂ ਤੋਂ ਸਪਲਾਈ ਕੀਤੀ ਜਾਵੇਗੀ।

ਯੂ.ਏ.ਈ. ਅਤੇ ਸਾਊਦੀ ਅਰਬ ਵਰਗੇ ਦੇਸ਼ ਪਾਈਪਲਾਈਨਾਂ ਰਾਹੀਂ ਹੋਰਮੁਜ਼ ਨੂੰ ਬਾਈਪਾਸ ਕਰਨਾ ਚਾਹੁੰਦੇ ਹਨ। ਅਮਰੀਕਾ ਅਨੁਸਾਰ, ਹੋਰਮੁਜ਼ ਨੂੰ ਬਾਈਪਾਸ ਕਰਕੇ ਯੂ.ਏ.ਈ. ਅਤੇ ਸਾਊਦੀ ਵਿਚ ਲਗਭਗ 2.6 ਮਿਲੀਅਨ ਬੈਰਲ/ਦਿਨ ਪਾਈਪਲਾਈਨ ਸਮਰੱਥਾ ਉਪਲਬਧ ਹੈ।

ਕਾਨੂੰਨੀ ਤੌਰ 'ਤੇ ਈਰਾਨ ਜਲਡਮਰੂ ਨੂੰ ਨਹੀਂ ਰੋਕ ਸਕਦਾ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਸ ਨੂੰ ਅਮਰੀਕੀ ਜਲ ਸੈਨਾ ਅਤੇ ਗੱਠਜੋੜ ਦਾ ਸਾਹਮਣਾ ਕਰਨਾ ਪਵੇਗਾ। ਇਸ ਕਦਮ ਦਾ ਅਸਰ ਤਹਿਰਾਨ 'ਤੇ ਪਵੇਗਾ, ਕਿਉਂਕਿ ਇਸਦਾ ਆਪਣਾ ਨਿਰਯਾਤ ਹੋਰਮੁਜ਼ ਜਲਡਮਰੂ 'ਤੇ ਨਿਰਭਰ ਕਰਦਾ ਹੈ। ਈਰਾਨੀ ਤੇਲ ਦਾ ਇੱਕ ਵੱਡਾ ਖਰੀਦਦਾਰ ਚੀਨ ਇਸ ਤੋਂ ਨਾਰਾਜ਼ ਹੋਵੇਗਾ। ਚੀਨ ਪਹਿਲਾਂ ਇਸ ਕਾਰਨ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ ਦਾ ਵਿਰੋਧ ਕਰ ਚੁੱਕਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਈਰਾਨ-ਇਜ਼ਰਾਈਲ ਜੰਗ: ਅਮਰੀਕਾ ਦੇ ਵੱਡੇ ਸ਼ਹਿਰ ਹਾਈ ਅਲਰਟ 'ਤੇ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਫੌਜਾਂ ਨੇ ਈਰਾਨ ਦੇ ਪ੍ਰਮਾਣੂ ਸਥਾਨ ਤਬਾਹ ਕਰ ਦਿੱਤੇ ਹਨ। ਈਰਾਨੀ ਪ੍ਰਮਾਣੂ ਸਥਾਨਾਂ 'ਤੇ ਅਮਰੀਕੀ ਅਗਵਾਈ ਵਾਲੇ ਫੌਜੀ ਹਮਲਿਆਂ ਤੋਂ ਬਾਅਦ ਅਮਰੀਕੀ ਅਧਿਕਾਰੀ ਉੱਚ ਅਲਰਟ 'ਤੇ ਹਨ ਅਤੇ ਸਾਵਧਾਨੀ ਤਹਿਤ ਨਿਊਯਾਰਕ ਅਤੇ ਵਾਸ਼ਿੰਗਟਨ ਵਰਗੇ ਵੱਡੇ ਸ਼ਹਿਰਾਂ 'ਚ ਸੰਵੇਦਨਸ਼ੀਲ ਸਥਾਨਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਨਿਊਯਾਰਕ ਪੁਲਿਸ ਡਿਪਾਰਟਮੈਂਟ (ਐੱਨ.ਵਾਈ.ਪੀ.ਡੀ.) ਨੇ ਪੂਰੇ ਸ਼ਹਿਰ ਵਿਚ ਧਾਰਮਿਕ, ਸੱਭਿਆਚਾਰਕ ਅਤੇ ਕੂਟਨੀਤਕ ਸਥਾਨਾਂ 'ਤੇ ਤਾਇਨਾਤੀਆਂ ਵਧਾਉਣ ਦਾ ਐਲਾਨ ਕੀਤਾ ਹੈ। ਵਿਭਾਗ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ, "ਅਸੀਂ ਈਰਾਨ ਵਿਚ ਪੈਦਾ ਹੋ ਰਹੀ ਸਥਿਤੀ 'ਤੇ ਨਜ਼ਰ ਰੱਖ ਰਹੇ ਹਾਂ।" ਪੋਸਟ ਮੁਤਾਬਕ, "ਸਾਵਧਾਨੀ ਤਹਿਤ ਅਸੀਂ ਐੱਨ.ਵਾਈ.ਸੀ. ਭਰ ਵਿਚ ਧਾਰਮਿਕ, ਸੱਭਿਆਚਾਰਕ ਅਤੇ ਕੂਟਨੀਤਕ ਸਥਾਨਾਂ 'ਤੇ ਵਾਧੂ ਸਰੋਤ ਤਾਇਨਾਤ ਕਰ ਰਹੇ ਹਾਂ ਅਤੇ ਆਪਣੇ ਸੰਘੀ ਭਾਈਵਾਲਾਂ ਨਾਲ ਤਾਲਮੇਲ ਕਰ ਰਹੇ ਹਾਂ। ਅਸੀਂ ਐੱਨ.ਵਾਈ.ਸੀ. 'ਤੇ ਕਿਸੇ ਵੀ ਸੰਭਾਵੀ ਪ੍ਰਭਾਵ ਦੀ ਨਿਗਰਾਨੀ ਕਰਨਾ ਜਾਰੀ ਰੱਖਾਂਗੇ।" ਨਿਊਯਾਰਕ ਪੁਲਿਸ ਡਿਪਾਰਟਮੈਂਟ ਦਾ ਇਹ ਕਦਮ ਈਰਾਨ ਅਤੇ ਅਮਰੀਕਾ ਵਿਚਕਾਰ ਵਧਦੇ ਟਕਰਾਅ ਤੋਂ ਪ੍ਰੇਰਿਤ ਸੰਭਾਵੀ ਬਦਲਾ ਲੈਣ ਵਾਲੇ ਖ਼ਤਰਿਆਂ ਦੀਆਂ ਘਟਨਾਵਾਂ 'ਤੇ ਚਿੰਤਾਵਾਂ ਵਧਣ ਚੁੱਕਿਆ ਗਿਆ ਹੈ।

## ਅਮਰੀਕਾ ਵੱਲੋਂ ਭਾਰਤ ਦੀ ਯਾਤਰਾ ਸਬੰਧੀ ਨਾਗਰਿਕਾਂ ਲਈ ਨਵੀਂ ਐਡਵਾਈਜ਼ਰੀ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਹਾਲ ਹੀ ਵਿਚ ਭਾਰਤ ਦੀ ਯਾਤਰਾ ਕਰਨ ਵਾਲੇ ਆਪਣੇ ਨਾਗਰਿਕਾਂ ਲਈ ਨਵੀਂ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ ਐਡਵਾਈਜ਼ਰੀ ਵਿਚ ਖ਼ਾਸ ਕਰਕੇ ਔਰਤਾਂ ਨੂੰ ਸਲਾਹ ਦਿੱਤੀ ਗਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਵਿਚ ਯਾਤਰਾ ਕਰਦੇ ਸਮੇਂ ਨਾਗਰਿਕਾਂ ਨੂੰ ਵਧੇਰੇ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੀ ਸਲਾਹ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਅਪਰਾਧ ਅਤੇ ਅੱਤਵਾਦ ਦਾ ਖ਼ਤਰਾ ਵਧ ਰਿਹਾ ਹੈ। ਇਸ ਦੇ ਨਾਲ ਹੀ ਔਰਤਾਂ ਵਿਰੁੱਧ ਹਿੰਸਾ ਅਤੇ ਬਲਾਤਕਾਰ ਦੀਆਂ ਘਟਨਾਵਾਂ ਵਧੀਆਂ ਹਨ, ਇਸ ਲਈ ਜੇਕਰ ਅਮਰੀਕੀ ਔਰਤਾਂ ਭਾਰਤ ਯਾਤਰਾ ਕਰ ਰਹੀਆਂ ਹਨ, ਤਾਂ ਉਨ੍ਹਾਂ ਨੂੰ ਕਿਤੇ ਵੀ ਇਕੱਲੇ ਜਾਣ ਤੋਂ ਬਚਣਾ ਚਾਹੀਦਾ ਹੈ ਅਤੇ ਆਪਣੀ ਸੁਰੱਖਿਆ ਦਾ ਧਿਆਨ ਰੱਖਣਾ ਚਾਹੀਦਾ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਲਈ ਪੱਧਰ-2 ਯਾਤਰਾ ਸਲਾਹ ਜਾਰੀ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਬਲਾਤਕਾਰ ਭਾਰਤ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਅਪਰਾਧਾਂ ਵਿਚੋਂ ਇੱਕ ਹੈ। ਸੈਰ-ਸਪਾਟਾ ਸਥਾਨਾਂ ਅਤੇ ਜਨਤਕ ਸਥਾਨਾਂ 'ਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਅਕਸਰ ਹੁੰਦੇ ਹਨ। ਇਸ ਦੇ ਨਾਲ ਹੀ ਅੱਤਵਾਦੀ ਸੈਰ-ਸਪਾਟਾ ਸਥਾਨਾਂ, ਆਵਾਜਾਈ ਕੇਂਦਰਾਂ, ਬਾਜ਼ਾਰਾਂ/ਸ਼ਾਪਿੰਗ ਮਾਲਾਂ, ਸਰਕਾਰੀ ਸਹੂਲਤਾਂ ਨੂੰ ਵੀ ਨਿਸ਼ਾਨਾ ਬਣਾਉਂਦੇ ਹਨ।

ਸਲਾਹ ਵਿਚ ਕਿਹਾ ਗਿਆ ਹੈ ਕਿ ਪੇਂਡੂ ਖੇਤਰਾਂ ਵਿਚ ਅਮਰੀਕੀ ਨਾਗਰਿਕਾਂ ਨੂੰ ਐਮਰਜੈਂਸੀ ਸੇਵਾਵਾਂ ਪ੍ਰਦਾਨ ਕਰਨ ਦੀ ਅਮਰੀਕੀ ਸਰਕਾਰ ਦੀ ਸਮਰੱਥਾ ਸੀਮਤ ਹੈ। ਇਹ ਖੇਤਰ ਮਹਾਰਾਸ਼ਟਰ ਅਤੇ ਉੱਤਰੀ ਤੇਲੰਗਾਨਾ ਤੋਂ ਲੈ ਕੇ ਪੱਛਮੀ ਬੰਗਾਲ ਤੱਕ ਫੈਲੇ ਹੋਏ ਹਨ। ਸਲਾਹ ਵਿਚ ਬਿਹਾਰ, ਝਾਰਖੰਡ, ਛੱਤੀਸਗੜ੍ਹ, ਪੱਛਮੀ ਬੰਗਾਲ, ਮੇਘਾਲਿਆ ਅਤੇ ਓਡੀਸ਼ਾ ਦੇ ਨਾਮ ਦਾ ਜ਼ਿਕਰ ਕੀਤਾ ਗਿਆ ਹੈ। ਭਾਰਤ ਵਿਚ ਕੰਮ ਕਰਨ ਵਾਲੇ ਅਮਰੀਕੀ ਸਰਕਾਰੀ ਕਰਮਚਾਰੀਆਂ ਨੂੰ ਵੀ ਇਨ੍ਹਾਂ ਰਾਜਾਂ ਦੀ ਯਾਤਰਾ ਕਰਨ ਲਈ ਵਿਸ਼ੇਸ਼ ਇਜਾਜ਼ਤ ਲੈਣੀ ਪਵੇਗੀ। ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਦੇ ਕੁਝ ਰਾਜਾਂ, ਖਾਸ ਕਰਕੇ ਜੰਮੂ-ਕਸ਼ਮੀਰ, ਭਾਰਤ-ਪਾਕਿਸਤਾਨ ਸਰਹੱਦ ਅਤੇ ਮੱਧ ਅਤੇ ਪੂਰਬੀ ਭਾਰਤ ਦੇ ਕੁਝ ਹਿੱਸਿਆਂ ਵਿਚ ਵਾਧੂ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਇਸ ਯਾਤਰਾ ਸਲਾਹਕਾਰ ਵਿਚ ਮਨੀਪੁਰ ਅਤੇ ਉੱਤਰ-ਪੂਰਬੀ ਰਾਜਾਂ ਦਾ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਨਾਲ ਹੀ ਲੋਕਾਂ ਨੂੰ ਭਾਰਤ ਵਿਚ ਸੈਟੇਲਾਈਟ ਫੋਨ ਜਾਂ ਜੀ.ਪੀ.ਐੱਸ. ਡਿਵਾਈਸ ਨਾ ਰੱਖਣ ਦੀ ਸਲਾਹ ਦਿੱਤੀ ਗਈ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

EXPO
Furniture Gallery





We offer 0% interest financing and carry all major brands.

ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ

In business for over 30 years

New Year Special Sale

Best price guaranteed.

































Designed By Punjab Mail USA

7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਹੁਣ ਸੀਕ੍ਰੇਟ ਵੋਟਿੰਗ ਦੀ ਬਜਾਏ ਹੱਥ ਖੜ੍ਹੇ ਕਰਕੇ ਹੋਵੇਗੀ ਚੰਡੀਗੜ੍ਹ ਮੇਅਰ ਦੀ ਚੋਣ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੇ ਅਗਲੇ ਮੇਅਰ ਦੀ ਚੋਣ ਹੁਣ ਸੀਕ੍ਰੇਟ ਵੋਟਿੰਗ ਦੀ ਬਜਾਏ ਹੱਥ ਖੜ੍ਹੇ ਕਰਕੇ ਹੋਵੇਗੀ। ਨਗਰ ਨਿਗਮ ਦੇ 30 ਸਾਲਾਂ ਦੇ ਇਤਿਹਾਸ ’ਚ ਇਹ ਪਹਿਲਾ ਮੌਕਾ ਹੈ ਕਿ ਹੁਣ ਕੌਂਸਲਰ ਨਗਰ ਨਿਗਮ ਦਾ 29ਵਾਂ ਮੇਅਰ ਹੱਥ ਖੜ੍ਹਾ ਕਰਕੇ ਚੁਣਨਗੇ। ਚੰਡੀਗੜ੍ਹ ਦੇ ਮੇਅਰ ਦੀ ਸੀਕ੍ਰੇਟ ਵੋਟਿੰਗ ਦੀ ਬਜਾਏ ਹੱਥ ਖੜ੍ਹਾ ਕਰਕੇ ਚੋਣ ਕਰਵਾਉਣ ਦੇ ਪ੍ਰਸਤਾਵ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬਚੰਦ ਕਟਾਰੀਆ ਨੇ ਮਨਜ਼ੂਰੀ ਦੇ ਦਿੱਤੀ ਹੈ। ਹੱਥ ਖੜ੍ਹੇ ਕਰਕੇ ਚੋਣ ਕਰਵਾਉਣ ਦਾ ਪ੍ਰਸਤਾਵ ਪਿਛਲੇ ਸਾਲ ਮਨਜ਼ੂਰੀ ਦੇ ਲਈ ਪ੍ਰਸ਼ਾਸਕ ਨੂੰ ਭੇਜਿਆ ਗਿਆ ਸੀ। ਮੰਗਲਵਾਰ ਨੂੰ ਪ੍ਰਸ਼ਾਸਕ ਨੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਕਿਹਾ ਕਿ ਇਸ ਫ਼ੈਸਲੇ ਨਾਲ ਚੋਣਾਂ ’ਚ ਹੋਰ ਜ਼ਿਆਦਾ ਪਾਰਦਰਸ਼ਤਾ ਆਵੇਗੀ ਅਤੇ ਨਗਰ ਨਿਗਮ ਨੂੰ ਲੋਕਤੰਤਰੀ ਢੰਗ ਨਾਲ ਚਲਾਉਣ ’ਚ ਮਦਦ ਮਿਲੇਗੀ।

ਚੰਡੀਗੜ੍ਹ ਨਗਰ ਨਿਗਮ ਦਾ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਹਰ ਸਾਲ ਚੁਣੇ ਜਾਂਦੇ ਹਨ। 1996 ’ਚ ਨਗਰ ਨਿਗਮ ਦੇ ਗਠਨ ਦੇ ਬਾਅਦ ਤੋਂ ਹੀ ਹਰ ਵਾਰ ਇਨ੍ਹਾਂ ਸਾਰਿਆਂ ਨੂੰ ਸੀਕ੍ਰੇਟ ਵੋਟਿੰਗ ਰਾਹੀਂ ਚੁਣਿਆ ਜਾਂਦਾ ਰਿਹਾ ਹੈ। ਕਈ ਵਾਰ ਅਜਿਹਾ ਹੋਇਆ ਹੈ ਕਿ ਕਿਸੇ ਸਿਆਸੀ ਪਾਰਟੀ ਕੋਲ ਬਹੁਮਤ ਹੋਣ ਦੇ ਬਾਅਦ ਸੀਕ੍ਰੇਟ ਵੋਟਿੰਗ ਦੌਰਾਨ ਬਹੁਮਤ ਵਾਲੀ ਪਾਰਟੀ ਦੇ ਕੁੱਝ ਕੌਂਸਲਰ ਦੂਜੀ ਪਾਰਟੀ ਦੇ ਉਮੀਦਵਾਰ ਨੂੰ ਕਰਾਸ ਵੋਟ ਕਰ ਜਾਂਦੇ ਹਨ। ਦਲ-ਬਦਲ ਕਾਨੂੰਨ ਵੀ ਨਗਰ ਨਿਗਮ ਦੀ ਚੋਣ ਪ੍ਰਕਿਰਿਆ ’ਤੇ ਲਾਗੂ ਨਹੀਂ ਹੁੰਦਾ ਹੈ। ਇਸ ਲਈ ਸੀਕ੍ਰੇਟ ਵੋਟਿੰਗ ’ਚ ਕਿਸੇ ਦੂਜੀ ਪਾਰਟੀ ਦਾ ਸਮਰਥਨ ਕਰਨਾ ਆਸਾਨ ਹੈ ਪਰ ਹੁਣ ਹੱਥ ਖੜ੍ਹੇ ਕਰਕੇ ਵੋਟ ਪਾਉਣ ਦੀ ਪ੍ਰਕਿਰਿਆ ਨਾਲ ਕਰਾਸ ਵੋਟਿੰਗ ਦੀ ਸੰਭਾਵਨਾ ਘੱਟ ਹੋ ਜਾਵੇਗੀ।

### ਚੰਡੀਗੜ੍ਹ ਨਗਰ ਨਿਗਮ ਨਾਲ ਸਬੰਧਿਤ ਤੱਥ

- 23 ਦਸੰਬਰ 1996 ਨੂੰ ਇੱਕ ਸਾਲ ਲਈ ਕਮਲਾ ਸ਼ਰਮਾ ਚੰਡੀਗੜ੍ਹ ਦੀ ਪਹਿਲੀ ਮੇਅਰ ਬਣੀ।
- 19 ਜੂਨ 1995 ਨੂੰ ਐੱਮ.ਪੀ. ਤਿਆਗੀ ਨਗਰ ਨਿਗਮ ਦੇ ਪਹਿਲਾ ਕਮਿਸ਼ਨਰ ਬਣਾਏ ਗਏ।
- 1996 ਤੋਂ ਲੈ ਕੇ ਹੁਣ ਤੱਕ ਚੰਡੀਗੜ੍ਹ ’ਚ 28 ਮੇਅਰ ਚੁਣੇ ਗਏ ਹਨ।
- ਹੁਣ ਤੱਕ ਚੁਣੇ ਗਏ 28 ਮੇਅਰਾਂ ’ਚੋਂ 15 ਔਰਤਾਂ ਵੀ ਸ਼ਹਿਰ ਦੀ ਮੇਅਰ ਰਹੀਆਂ ਹਨ।

# ਚੰਡੀਗੜ੍ਹ ਤੋਂ ਲੇਹ ਪਹੁੰਚੀ ਏਅਰ ਇੰਡੀਆ ਦੀ ਉਡਾਣ ਦੇ ਸਟਾਫ਼ ਦੀ ਲਾਪ੍ਰਵਾਹੀ

**ਚੰਡੀਗੜ੍ਹ, (ਪੰਜਾਬ ਮੇਲ)-** ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ ਚੰਡੀਗੜ੍ਹ ਤੋਂ ਲੇਹ ਪਹੁੰਚੀ ਏਅਰ ਇੰਡੀਆ ਦੀ ਉਡਾਣ ਦੇ ਸਟਾਫ਼ ਦੀ ਲਾਪਰਵਾਹੀ ਕਾਰਨ ਯਾਤਰੀਆਂ ਦਾ ਸਮਾਨ ਚੰਡੀਗੜ੍ਹ ’ਚ ਰਹਿ ਗਿਆ। ਲੇਹ ਹਵਾਈ ਅੱਡੇ ’ਤੇ ਸਮਾਨ ਨਾ ਮਿਲਣ ’ਤੇ ਯਾਤਰੀਆਂ ਦੇ ਹੋਸ਼ ਹੀ ਉੱਡ ਗਏ ਅਤੇ ਉਨ੍ਹਾਂ ਨੇ ਹੰਗਾਮਾ ਕਰ ਦਿੱਤਾ। ਇੰਨਾ ਹੀ ਨਹੀਂ, ਉਨ੍ਹਾਂ ਸਟਾਫ ਖ਼ਿਲਾਫ਼ ਸ਼ਿਕਾਇਤ ਵੀ ਦਰਜ ਕਰਵਾਈ ਹੈ। ਚੰਡੀਗੜ੍ਹ ਦੇ ਯਾਤਰੀ ਗੁਰਪ੍ਰਤਾਪ ਸਿੰਘ ਬੇਦੀ ਨੇ ਦੱਸਿਆ ਕਿ ਸਟਾਫ਼ ਦੀ ਲਾਪ੍ਰਵਾਹੀ ਕਾਰਨ ਕਰੀਬ 100 ਤੋਂ ਵੱਧ ਯਾਤਰੀਆਂ ਦਾ ਸਮਾਨ ਚੰਡੀਗੜ੍ਹ ’ਚ ਹੀ ਰਹਿ ਗਿਆ। ਇਸ ਉਡਾਣ ’ਚ 177 ਯਾਤਰੀ ਸਵਾਰ ਸੀ, ਜਦਕਿ ਕਰੀਬ 100 ਯਾਤਰੀਆਂ ਦਾ ਸਮਾਨ ਰਹਿ ਗਿਆ।

ਅਜਿਹੇ ’ਚ ਕਈ ਯਾਤਰੀਆਂ ਦੇ ਬੈਗਾਂ ’ਚ ਮਹੱਤਵਪੂਰਨ ਦਸਤਾਵੇਜ਼ ਸੀ, ਜਿਸ ਕਾਰਨ ਇਹ ਛੋਟੀ ਲਾਪ੍ਰਵਾਹੀ ਨਹੀਂ। ਯਾਤਰੀਆਂ ਦਾ ਦੋਸ਼ ਹੈ ਕਿ ਉਡਾਣ ਨਾ ਸਿਰਫ਼ 2 ਘੰਟੇ ਦੇਰੀ ਨਾਲ ਪਹੁੰਚੀ, ਸਗੋਂ ਲੇਹ ਏਅਰਪੋਰਟ ਪਹੁੰਚੇ ਤਾਂ ਸਮਾਨ ਨਹੀਂ ਮਿਲਿਆ। ਯਾਤਰੀਆਂ ਨੇ ਸਟਾਫ਼ ’ਤੇ ਦੁਰਵਿਵਹਾਰ ਕਰਨ ਦਾ ਵੀ ਦੋਸ਼ ਲਾਇਆ। ਯਾਤਰੀਆਂ ਦਾ ਕਹਿਣਾ ਹੈ ਕਿ ਬੈਗਾਂ ’ਚ ਦਵਾਈਆਂ, ਗਹਿਣੇ ਅਤੇ ਕੈਸ਼ ਸੀ। ਸਮਾਨ ਨੂੰ ਲੈ ਕੇ ਸਵਾਲ ਪੁੱਛਣ ’ਤੇ ਸਹੀ ਤਰ੍ਹਾਂ ਜਵਾਬ ਵੀ ਨਹੀਂ ਦਿੱਤਾ ਗਿਆ। ਚੰਡੀਗੜ੍ਹ ਹਵਾਈ ਅੱਡੇ ਤੋਂ ਲੇਹ ਲਈ ਏਅਰ ਇੰਡੀਆ ਦੀ ਉਡਾਣ ਨੰਬਰ ਏ. ਐੱਲ-458 ਸਵੇਰੇ 10.20 ਵਜੇ ਉਡਾਣ ਭਰਦੀ ਹੈ ਪਰ ਮੰਗਲਵਾਰ ਨੂੰ ਕਰੀਬ 2 ਘੰਟੇ 40 ਮਿੰਟ ਦੀ ਦੇਰੀ ਨਾਲ ਉਡਾਣ ਭਰੀ।

**■ ਯਾਤਰੀਆਂ ਦਾ ਸਾਮਾਨ ਚੰਡੀਗੜ੍ਹ ’ਚ ਹੀ ਛੱਡਿਆ**

ਯਾਤਰੀਆਂ ਮੁਤਾਬਕ ਜਦੋਂ ਸਮਾਨ ਨੂੰ ਲੈ ਕੇ ਗੱਲ ਕੀਤੀ, ਤਾਂ ਸਟਾਫ਼ ਨੇ ਸਾਫ਼ ਕਿਹਾ ਕਿ ਉਨ੍ਹਾਂ ਨੂੰ ਕੁੱਝ ਨਹੀਂ ਪਤਾ ਹੈ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਨੂੰ ਲਿਖ ਕੇ ਦਿਓ ਕਿ ਬੈਗ ਨਹੀਂ ਮਿਲਿਆ ਤਾਂ ਸਟਾਫ਼ ਨੇ ਮਨ੍ਹਾਂ ਕਰ ਦਿੱਤਾ। ਯਾਤਰੀਆਂ ਮੁਤਾਬਕ ਆਖ਼ਰ ਸਿਰਫ਼ ਇਕ ਪਲੇਨ ਪੇਪਰ ’ਤੇ ਕੁੱਝ ਲਿਖ ਕੇ ਦੇ ਦਿੱਤਾ ਗਿਆ, ਜਿਸਦੀ ਕੋਈ ਕੀਮਤ ਨਹੀਂ ਸੀ। ਸਟਾਫ਼ ਨੇ ਦੁਰਵਿਵਹਾਰ ਕੀਤਾ। ਇੱਥੋਂ ਤੱਕ ਕਿ ਪਾਣੀ ਦੇ ਲਈ ਨਹੀਂ ਪੁੱਛਿਆ ਗਿਆ ਅਤੇ ਨਾ ਹੀ ਬੈਠਣ ਲਈ ਕਿਹਾ ਗਿਆ। ਏਅਰ ਇੰਡੀਆ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਲੇਹ ’ਚ ਮੌਸਮ ਖ਼ਰਾਬ ਹੋਣ ਕਾਰਨ ਉਡਾਣ ਭਰਣ ’ਚ ਦੇਰੀ ਹੋਈ। ਉੱਥੇ ਹੀ ਉਡਾਣ ’ਚ ਸਮਾਨ ਦਾ ਭਾਰ ਵੱਧ ਹੋਣ ਕਾਰਨ ਯਾਤਰੀਆਂ ਦੀ ਸੁਰੱਖਿਆ ਨੂੰ ਧਿਆਨ ’ਚ ਰੱਖਦਿਆਂ ਕੁੱਝ ਸਮਾਨ ਰੋਕ ਲਿਆ ਗਿਆ ਹੈ, ਜੋ ਬੁੱਧਵਾਰ ਸਵੇਰ ਲੇਹ ਭੇਜ ਦਿੱਤਾ ਜਾਵੇਗਾ।

MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਟਸਐਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਐੱਮ.ਐੱਲ.ਏ. ਦੀ ਹਾਜ਼ਰੀ 'ਚ 320 ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇਣ ਸਮੇਂ ਜਗਦੀਪ ਸਿੰਘ ਬਰਾੜ ਐੱਮ.ਐੱਲ.ਏ. ਹਲਕਾ ਸ੍ਰੀ ਮੁਕਤਸਰ ਸਾਹਿਬ, ਮਹੰਤ ਕਸ਼ਮੀਰ ਸਿੰਘ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਸਮੂਹ ਸੇਵਾਦਾਰ।**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਜਗਦੀਪ ਸਿੰਘ ਬਰਾੜ ਐੱਮ.ਐੱਲ.ਏ. ਹਲਕਾ ਸ੍ਰੀ ਮੁਕਤਸਰ ਸਾਹਿਬ ਅਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ 320 ਲੋੜਵੰਦਾਂ ਨੂੰ ਦੋ ਲੱਖ ਪੰਜਾਹ ਹਜ਼ਾਰ ਰੁਪੈ ਦੀ ਰਾਸ਼ੀ ਤਕਸੀਮ ਕੀਤੀ ਗਈ। ਇਸ ਮੌਕੇ ਇੱਕ ਸਾਧਾਰਨ ਸਮਾਗਮ ਦੌਰਾਨ ਐੱਮ.ਐੱਲ.ਏ. ਹਲਕਾ ਸ੍ਰੀ ਮੁਕਤਸਰ ਨੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਡਾਕਟਰ ਓਬਰਾਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ



**ਡਾ. ਐੱਸ.ਪੀ. ਸਿੰਘ ਓਬਰਾਏ।**

ਨੂੰ (ਕਿਰਤ ਕਰੋ, ਵੰਡ ਛਕੋ, ਨਾਮ ਜਪੋ) ਅਪਣਾ ਕੇ ਸੱਚੇ ਦਿਲੋਂ ਮਾਨਵਤਾ ਦੀ ਸੇਵਾ ਕਰ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਲੈਣ ਵਾਲੇ ਲੋੜਵੰਦ ਕੰਮ ਕਰਨ ਤੋਂ ਅਸਮਰਥ ਬਜ਼ੁਰਗ, ਬਜ਼ੁਰਗ ਵਿਧਵਾਵਾਂ, ਅਨਾਥ ਬੱਚੇ ਅਤੇ ਕਈ ਬਜ਼ੁਰਗ ਬੁਢਾਪੇ ਕਾਰਨ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਗੁਰਪਾਲ ਸਿੰਘ ਪਾਲੀ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਮਾਸਟਰ ਰਜਿੰਦਰ ਸਿੰਘ, ਅਸ਼ੋਕ ਕੁਮਾਰ, ਸੁਖਬੀਰ ਸਿੰਘ ਜੈਲਦਾਰ, ਰਣਧੀਰ ਸਿੰਘ ਸਾਗੂ (ਕੈਨੇਡਾ) ਮੀਡੀਆ ਐਡਵਾਈਜ਼ਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਾਹਿਬ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਗੁਰਜੀਤ ਸਿੰਘ ਜੀਤਾ, ਸੋਮਨਾਥ, ਉਪਕਾਰ ਸਿੰਘ, ਵਿਕਰਮ ਪੀ.ਏ., ਪਰਮਜੀਤ ਸਿੰਘ ਪੰਮਾ, ਲਵਲੀਨ ਕੌਰ ਸੰਧੂ ਸਰਹਾਲੀ ਕਲਾਂ ਆਦਿ ਹਾਜ਼ਰ ਸਨ।

## ਕਪਤਾਨ ਸ਼ੁਭਮਨ ਨੇ ਪਹਿਲੇ ਟੈਸਟ 'ਚ ਹਾਰ ਲਈ ਰਿਸ਼ਭ ਪੰਤ ਸਮੇਤ ਹੇਠਲੇ ਕ੍ਰਮ ਦੀ ਬੱਲੇਬਾਜ਼ੀ ਨੂੰ ਠਹਿਰਾਇਆ ਜ਼ਿੰਮੇਵਾਰ

**ਲੰਡਨ, (ਪੰਜਾਬ ਮੇਲ)-** ਭਾਰਤ ਲੀਡਜ਼ ਵਿਚ ਖੇਡੇ ਗਏ ਪਹਿਲੇ ਟੈਸਟ ਵਿਚ ਇੰਗਲੈਂਡ ਤੋਂ ਪੰਜ ਵਿਕਟਾਂ ਨਾਲ ਹਾਰ ਗਿਆ। ਇੰਗਲਿਸ਼ ਟੀਮ ਨੇ ਬੇਨ ਡਕੇਟ ਦੇ ਸੈਂਕੜੇ ਅਤੇ ਜੈਕ ਕਰੌਲੀ ਅਤੇ ਜੋ ਰੂਟ ਦੇ ਅਰਧ ਸੈਂਕੜਿਆਂ ਦੇ ਆਧਾਰ 'ਤੇ ਪੰਜ ਵਿਕਟਾਂ ਗੁਆ ਕੇ 371 ਦੌੜਾਂ ਦਾ ਟੀਚਾ ਪ੍ਰਾਪਤ ਕੀਤਾ। ਮੈਚ ਤੋਂ ਬਾਅਦ, ਭਾਰਤੀ ਕਪਤਾਨ ਸ਼ੁਭਮਨ ਗਿੱਲ ਨੇ ਹਾਰ ਲਈ ਆਪਣੇ ਖਿਡਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਪਹਿਲਾਂ ਤਾਂ ਗਿੱਲ ਨੇ ਆਪਣੇ ਖਿਡਾਰੀਆਂ ਦੀ ਪ੍ਰਸ਼ੰਸਾ ਕੀਤੀ, ਪਰ ਜਿਵੇਂ ਹੀ ਉਨ੍ਹਾਂ ਤੋਂ ਹੋਰ ਸਵਾਲ ਪੁੱਛੇ ਗਏ, ਉਹ ਗਲਤੀਆਂ ਗਿਣਦੇ ਰਹੇ। ਭਾਰਤੀ ਕਪਤਾਨ ਨੇ ਰਿਸ਼ਭ ਪੰਤ ਸਮੇਤ ਕੈਚ ਛੱਡਣ ਵਾਲੇ ਖਿਡਾਰੀਆਂ ਨੂੰ ਧਿਆਨ ਵਿਚ ਰੱਖਿਆ। ਹਾਲਾਂਕਿ, ਉਨ੍ਹਾਂ ਨੇ ਆਪਣੇ ਗੇਂਦਬਾਜ਼ਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਰਵਿੰਦਰ ਜਡੇਜਾ ਦੀ ਸਭ ਤੋਂ ਵੱਧ ਪ੍ਰਸ਼ੰਸਾ ਕੀਤੀ।



ਮੈਚ ਤੋਂ ਬਾਅਦ ਪ੍ਰੈਜ਼ੇਂਟੇਸ਼ਨ ਸਮਾਰੋਹ ਵਿੱਚ, ਗਿੱਲ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ ਇੱਕ ਵਧੀਆ ਟੈਸਟ ਮੈਚ ਸੀ। ਸਾਡੇ ਕੋਲ ਮੌਕੇ ਸਨ, ਅਸੀਂ ਕੈਚ ਛੱਡੇ ਅਤੇ ਸਾਡੇ ਹੇਠਲੇ ਕ੍ਰਮ ਨੇ ਕਾਫ਼ੀ ਯੋਗਦਾਨ ਨਹੀਂ ਪਾਇਆ, ਪਰ ਟੀਮ 'ਤੇ ਮਾਣ ਹੈ ਅਤੇ ਕੁੱਲ ਮਿਲਾ ਕੇ ਇੱਕ ਚੰਗੀ ਕੋਸ਼ਿਸ਼ ਕੀਤੀ। ਚੌਥੇ ਦਿਨ ਅਸੀਂ ਸੋਚ ਰਹੇ ਸੀ ਕਿ ਅਸੀਂ 430 ਦੇ ਆਸਪਾਸ ਪ੍ਰਾਪਤ ਕਰਨ ਜਾ ਰਹੇ ਹਾਂ ਅਤੇ ਪਾਰੀ ਦਾ ਐਲਾਨ ਕਰਾਂਗੇ। ਬਦਕਿਸਮਤੀ ਨਾਲ ਸਾਡੀਆਂ ਆਖਰੀ ਛੇ ਵਿਕਟਾਂ ਸਿਰਫ 20-25 ਦੌੜਾਂ 'ਤੇ ਡਿੱਗ ਗਈਆਂ, ਜੋ ਕਦੇ ਵੀ ਚੰਗਾ ਸੰਕੇਤ ਨਹੀਂ ਹੈ।

## ਸਿੱਧੂ ਮੂਸੇਵਾਲਾ ਦੇ ਬੀ.ਬੀ.ਸੀ. ਦਸਤਾਵੇਜ਼ੀ ਵਿਵਾਦ ਬਾਰੇ ਅਗਲੀ ਸੁਣਵਾਈ 1 ਜੁਲਾਈ ਨੂੰ

**■ ਮਰਹੂਮ ਪੰਜਾਬੀ ਗਾਇਕ ਦੇ ਵਕੀਲ ਅਦਾਲਤ 'ਚ ਦਾਅਵਾ ਪੇਸ਼ ਕਰਨ ਵਿਚ ਨਾਕਾਮ**

**ਮਾਨਸਾ, (ਪੰਜਾਬ ਮੇਲ)-** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਬਾਰੇ ਬੀਬੀਸੀ ਵੱਲੋਂ ਬਣਾਈ ਦਸਤਾਵੇਜ਼ੀ 'ਦਾ ਕਿਲਿੰਗ ਕਾਲ' ਨਾਲ ਸਬੰਧਤ ਮਾਮਲੇ ਵਿਚ ਮੂਸੇਵਾਲਾ ਦੇ ਪਰਿਵਾਰ ਵੱਲੋਂ ਕੋਰਟ ਵਿਚ ਕੋਈ ਜਵਾਬ ਨਾ ਦਿੱਤੇ ਜਾਣ ਕਰਕੇ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਪਹਿਲੀ ਜੁਲਾਈ ਲਈ ਨਿਰਧਾਰਿਤ ਕਰ ਦਿੱਤੀ ਹੈ। ਬੀ.ਬੀ.ਸੀ. ਨੇ ਪਿਛਲੀ ਸੁਣਵਾਈ ਮੌਕੇ ਗਾਇਕ ਦੇ ਪਰਿਵਾਰ ਵੱਲੋਂ ਦਸਤਾਵੇਜ਼ੀ ਬਾਰੇ ਕੀਤੇ ਦਾਅਵੇ ਨੂੰ ਅਯੋਗ ਕਰਾਰ ਦਿੱਤਾ ਸੀ।

ਮਾਨਸਾ ਦੀ ਅਦਾਲਤ ਵਿਚ ਬੀ.ਬੀ.ਸੀ. ਵੱਲੋਂ ਵਕੀਲ ਬਲਵੰਤ ਸਿੰਘ ਭਾਟੀਆ ਅਤੇ ਬੀ.ਬੀ.ਸੀ. ਦੀ ਐਂਕਰ ਅਸ਼ਲੀਨ ਕੌਰ ਅਤੇ ਬੀ.ਬੀ.ਸੀ. ਦੇ ਰਿਪੋਰਟਰ ਅੰਕੁਰ ਜੈਨ ਵੱਲੋਂ ਐਡਵੋਕੇਟ ਗੁਰਦਾਸ ਸਿੰਘ ਮਾਨ ਪੇਸ਼ ਹੋਏ। ਹਾਲਾਂਕਿ ਮੂਸੇਵਾਲਾ ਪਰਿਵਾਰ ਦੇ ਵਕੀਲ ਸਤਿੰਦਰਪਾਲ ਸਿੰਘ ਮਿੱਤਲ ਵੱਲੋਂ ਪੇਸ਼ ਹੋ ਕੇ ਸੀ.ਪੀ.ਸੀ. ਦੇ ਹੁਕਮ 7 ਰੂਲ-11 ਅਧੀਨ ਜਵਾਬ ਨਾ ਦੇਣ ਕਰਕੇ ਅਗਲੀ ਤਰੀਕ ਮੁਕੱਰਰ ਕੀਤੀ ਗਈ ਹੈ।

ਮੂਸੇਵਾਲਾ ਪਰਿਵਾਰ ਦੇ ਵਕੀਲ ਸਤਿੰਦਰਪਾਲ ਸਿੰਘ ਮਿੱਤਲ ਨੇ ਕਿਹਾ ਕਿ ਬੀ.ਬੀ.ਸੀ. ਨੇ ਅਦਾਲਤ ਵਿਚ ਅਰਜ਼ੀ ਲਗਾ ਕੇ ਪਰਿਵਾਰ ਵੱਲੋਂ ਜਤਾਏ ਇਤਰਾਜ ਅਤੇ ਦਾਅਵੇ ਨੂੰ ਅਯੋਗ ਦੱਸਿਆ ਹੈ, ਜਿਸ ਸਬੰਧੀ ਉਹ ਪਹਿਲੀ ਜੁਲਾਈ ਨੂੰ ਜਵਾਬ ਦਾਖ਼ਲ ਕਰਨਗੇ। ਉਨ੍ਹਾਂ ਦੱਸਿਆ ਕਿ ਕਿਸੇ ਵਿਸ਼ੇਸ ਕਾਰਨ ਇਹ ਜਵਾਬ ਅਦਾਲਤ ਵਿਚ ਦਾਖ਼ਲ ਨਹੀਂ ਕੀਤਾ ਜਾ ਸਕਿਆ।

ਜ਼ਿਕਰਯੋਗ ਹੈ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨੂੰ ਲੈ ਕੇ ਬਣੀ ਦਸਤਾਵੇਜ਼ੀ ਉਪਰੰਤ ਮੂਸੇਵਾਲਾ ਪਰਿਵਾਰ ਅਤੇ ਬੀ.ਬੀ.ਸੀ. ਵਿਚਕਾਰ ਵਿਵਾਦ ਚੱਲਦਾ ਆ ਰਿਹਾ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕਰਕੇ ਇਸ ਦਸਤਾਵੇਜ਼ੀ ਦੀ ਰਿਲੀਜ਼ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ। ਬੀ.ਬੀ.ਸੀ. ਨੇ ਹਾਲਾਂਕਿ ਦਸਤਾਵੇਜ਼ੀ ਨੂੰ 11 ਜੂਨ ਨੂੰ ਸਿੱਧੂ ਮੂਸੇਵਾਲਾ ਦੇ ਜਨਮ ਦਿਨ ਮੌਕੇ ਹੀ ਰਿਲੀਜ਼ ਕਰ ਦਿੱਤਾ ਸੀ। ਹੁਣ ਇਸ ਮਾਮਲੇ 'ਤੇ ਮਾਨਸਾ ਦੀ ਅਦਾਲਤ ਵਿਚ 1 ਜੁਲਾਈ ਨੂੰ ਸੁਣਵਾਈ ਹੋਵੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਚੋਣਾਂ ਦੀ ਵੀਡੀਓ ਫੁਟੇਜ ਸਾਂਝੀ ਕਰਨਾ ਵੋਟਰਾਂ ਦੀ ਨਿੱਜਤਾ ਦੀ ਉਲੰਘਣਾ: ਚੋਣ ਕਮਿਸ਼ਨ

■ **45 ਦਿਨਾਂ ਬਾਅਦ ਦੀ ਵੀਡੀਓ ਫੁਟੇਜ ਨੂੰ ਨਸ਼ਟ ਕਰਨ ਦੇ ਨਿਰਦੇਸ਼**




**ਨਵੀਂ ਦਿੱਲੀ, (ਪੰਜਾਬ ਮੇਲ)-** ਪੋਲਿੰਗ ਸਟੇਸ਼ਨਾਂ ਦੀ ਵੈੱਬਕਾਸਟਿੰਗ ਫੁਟੇਜ ਜਨਤਕ ਕਰਨ ਦੀ ਮੰਗ ਦਰਮਿਆਨ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਕਰਨ ਨਾਲ ਵੋਟਰਾਂ ਦੀ ਨਿੱਜਤਾ ਦਾ ਉਲੰਘਣ ਹੋਵੇਗਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਇਹ ਮੰਗ ਠੀਕ ਹੈ ਪਰ ਇਸ ਨਾਲ ਵੋਟਰਾਂ ਦੇ ਵੋਟ ਪਾਉਣ ਦੇ ਅਧਿਕਾਰ ਦਾ ਉਲੰਘਣ ਹੋਵੇਗਾ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਹ ਮੰਗ ਅਸਲ ਵਿਚ ਵੋਟਰਾਂ ਦੀ ਨਿੱਜਤਾ ਅਤੇ ਸੁਰੱਖਿਆ ਚਿੰਤਾਵਾਂ, ਲੋਕ ਪ੍ਰਤੀਨਿਧਤਾ ਐਕਟ, 1950 ਅਤੇ 1951 ਵਿਚ ਨਿਰਧਾਰਤ ਕਾਨੂੰਨੀ ਸਥਿਤੀ ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਪੂਰੀ ਤਰ੍ਹਾਂ ਉਲਟ ਹੈ।

ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਦੀ ਫੁਟੇਜ ਸਾਂਝਾ ਕਰਨ ਨਾਲ ਇਹ ਪਤਾ ਲੱਗ ਜਾਵੇਗਾ ਕਿ ਕਿਸੇ ਵੀ ਸਮੂਹ ਜਾਂ ਵਿਅਕਤੀ ਨੇ ਕਿਹੜੀ ਧਿਰ ਨੂੰ ਵੋਟਾਂ ਪਾਈਆਂ ਹਨ, ਜੋ ਲੋਕਤੰਤਰਿਕ ਪ੍ਰਣਾਲੀ ਦੇ ਬਿਲਕੁਲ ਉਲਟ ਹੈ। ਇਸ ਵਰਤਾਰੇ ਨਾਲ ਜਿਸ ਨੇ ਵੋਟ ਪਾਈ ਹੈ ਤੇ ਜਿਸ ਨੇ ਵੋਟ ਨਹੀਂ ਪਾਈ, ਦੋਵੇਂ ਸਮਾਜ ਵਿਰੋਧੀ ਅਨਸਰਾਂ ਵੱਲੋਂ ਦਬਾਅ, ਵਿਤਕਰੇ ਦਾ ਸ਼ਿਕਾਰ ਹੋ ਜਾਣਗੇ ਤੇ ਉਨ੍ਹਾਂ ਨੂੰ ਡਰਾਇਆ ਤੇ ਧਮਕਾਇਆ ਜਾਵੇਗਾ।

ਉਨ੍ਹਾਂ ਇੱਕ ਉਦਾਹਰਣ ਦਿੰਦਿਆਂ ਕਿਹਾ ਕਿ ਜੇ ਕਿਸੇ ਖਾਸ ਰਾਜਨੀਤਿਕ ਪਾਰਟੀ ਨੂੰ ਕਿਸੇ ਖਾਸ ਬੂਥ 'ਤੇ ਘੱਟ ਵੋਟਾਂ ਮਿਲਦੀਆਂ ਹਨ, ਤਾਂ ਉਹ ਸੀ.ਸੀ.ਟੀ.ਵੀ. ਫੁਟੇਜ ਰਾਹੀਂ ਆਸਾਨੀ ਨਾਲ ਪਛਾਣ ਕਰ ਸਕਣਗੇ ਕਿ ਕਿਸ ਵੋਟਰ ਨੇ ਉਨ੍ਹਾਂ ਨੂੰ ਵੋਟ ਪਾਈ ਹੈ ਅਤੇ ਕਿਸ ਵੋਟਰ ਨੇ ਨਹੀਂ। ਇਸ ਤੋਂ ਬਾਅਦ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਵੇਗਾ ਤੇ ਡਰਾਇਆ ਵੀ ਜਾਵੇਗਾ।

ਇਹ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਨੇ ਸੀ.ਸੀ.ਟੀ.ਵੀ. ਫੁਟੇਜ ਨੂੰ 45 ਦਿਨਾਂ ਦੀ ਮਿਆਦ ਲਈ ਬਰਕਰਾਰ ਰੱਖਣ ਲਈ ਕਿਹਾ ਹੈ ਕਿਉਂਕਿ ਨਤੀਜਿਆਂ ਦੇ ਐਲਾਨ ਤੋਂ 45 ਦਿਨਾਂ ਤੋਂ ਵੱਧ ਸਮੇਂ ਬਾਅਦ ਕਿਸੇ ਵਲੋਂ ਵੀ ਚੋਣ ਨਤੀਜਿਆਂ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਇਸ ਮਿਆਦ ਤੋਂ ਵੱਧ ਸਮੇਂ ਲਈ ਫੁਟੇਜ ਨੂੰ ਬਰਕਰਾਰ ਰੱਖਣ ਨਾਲ ਸਮੱਗਰੀ ਦੀ ਦੁਰਵਰਤੋਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਵੋਟਰਾਂ ਦੀ ਨਿੱਜਤਾ ਅਹਿਮ ਹੈ।

### ਵੋਟਰਾਂ ਨੂੰ 15 ਦਿਨਾਂ 'ਚ ਮਿਲਣਗੇ ਸ਼ਨਾਖਤੀ ਕਾਰਡ

**ਨਵੀਂ ਦਿੱਲੀ, (ਪੰਜਾਬ ਮੇਲ)-** ਚੋਣ ਕਮਿਸ਼ਨ ਨੇ ਕਿਹਾ ਕਿ ਵੋਟਰ ਸ਼ਨਾਖਤੀ ਕਾਰਡ ਹੁਣ 15 ਦਿਨਾਂ 'ਚ ਵੋਟਰਾਂ ਨੂੰ ਮਿਲਣਗੇ, ਜਿਸ ਨਾਲ ਇਸ ਵਿਚ ਲੱਗਣ ਵਾਲਾ ਸਮਾਂ ਘਟ ਕੇ ਲਗਭਗ ਅੱਧਾ ਰਹਿ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਹੁਣ ਤੱਕ ਵੋਟਰਾਂ ਤੱਕ ਵੋਟਰ ਫੋਟੋ ਸ਼ਨਾਖਤੀ ਕਾਰਡ (ਈ.ਪੀ.ਆਈ.ਸੀ.) ਪਹੁੰਚਾਉਣ 'ਚ ਇਕ ਮਹੀਨੇ ਤੋਂ ਥੋੜ੍ਹਾ ਵੱਧ ਸਮਾਂ ਲੱਗਦਾ ਰਿਹਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਵੋਟਰ ਦੀ ਨਵੀਂ ਰਜਿਸਟਰੇਸ਼ਨ ਜਾਂ ਮੌਜੂਦਾ ਵੋਟਰ ਦੇ ਵੇਰਵਿਆਂ 'ਚ ਤਬਦੀਲੀ ਦੇ 15 ਦਿਨਾਂ ਦੇ ਅੰਦਰ ਉਨ੍ਹਾਂ ਦੇ ਵੋਟਰ ਕਾਰਡਾਂ ਦੀ ਡਿਲਿਵਰੀ ਯਕੀਨੀ ਬਣਾਉਣ ਲਈ ਨਵੀਂ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਨਵੀਂ ਪ੍ਰਣਾਲੀ ਚੋਣ ਰਜਿਸਟਰੇਸ਼ਨ ਅਧਿਕਾਰੀ (ਈ.ਆਰ.ਓ.) ਵੱਲੋਂ ਈ.ਪੀ.ਆਈ.ਸੀ. ਬਣਾਉਣ ਤੋਂ ਲੈ ਕੇ ਡਾਕ ਵਿਭਾਗ (ਡੀ.ਓ.ਪੀ.) ਰਾਹੀਂ ਵੋਟਰਾਂ ਨੂੰ ਕਾਰਡ ਮੁਹੱਈਆ ਕਰਵਾਉਣ ਤੱਕ ਹਰ ਪੜਾਅ ਦੀ ਟਰੈਕਿੰਗ ਯਕੀਨੀ ਬਣਾਏਗੀ।

# ਵਿਜੀਲੈਂਸ ਦੀ ਟੀਮ ਵੱਲੋਂ ਬਿਕਰਮ ਮਜੀਠੀਆ ਗ੍ਰਿਫ਼ਤਾਰ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਅੰਮ੍ਰਿਤਸਰ ਵਿਚਲੀ ਗ੍ਰੀਨ ਐਵੇਨਿਊ ਸਥਿਤ ਰਿਹਾਇਸ਼ 'ਤੇ ਵਿਜੀਲੈਂਸ ਦੀ ਟੀਮ ਨੇ ਛਾਪਾ ਮਾਰਿਆ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਹਿਰਾਸਤ ਵਿਚ ਲੈ ਲਿਆ। ਵਿਜੀਲੈਂਸ ਦੇ ਐੱਸ.ਐੱਸ.ਪੀ. ਲਖਬੀਰ ਸਿੰਘ ਦੀ ਅਗਵਾਈ 'ਚ ਬੁੱਧਵਾਰ ਸਵੇਰੇ 15 ਅਧਿਕਾਰੀਆਂ ਦੀ ਟੀਮ ਮਜੀਠੀਆ ਦੇ ਘਰ ਪਹੁੰਚੀ ਅਤੇ ਰੇਡ ਕੀਤੀ। ਇਹ ਰੇਡ ਨਸ਼ੇ ਦੇ ਮਾਮਲੇ ਵਿਚ ਕੀਤੀ ਗਈ ਹੈ। ਇਕੋ ਸਮੇਂ ਮਜੀਠੀਆ ਦੇ ਲਗਭਗ 15 ਟੀਕਾਣਿਆਂ 'ਤੇ ਇਕੱਠਿਆਂ ਰੇਡ ਕੀਤੀ ਗਈ। ਸੂਤਰਾਂ ਮੁਤਾਬਕ ਵਿਜੀਲੈਂਸ ਮਜੀਠੀਆ ਨੂੰ ਮੋਹਾਲੀ ਲਿਜਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਮਜੀਠੀਆ ਇਸ ਵੇਲੇ ਨਸ਼ਿਆਂ ਦੇ ਦੋਸ਼ ਹੇਠ ਚੱਲ ਰਹੇ ਇੱਕ ਕੇਸ ਦਾ ਸਾਹਮਣਾ ਕਰ ਰਹੇ ਹਨ। ਹੁਣ ਤੱਕ ਦੀ ਮਿਲੀ ਜਾਣਕਾਰੀ ਮੁਤਾਬਕ ਵਿਜੀਲੈਂਸ ਨੂੰ ਬਿਕਰਮ ਮਜੀਠੀਆ ਦੇ ਘਰੋਂ 29 ਮੋਬਾਇਲ ਫੋਨ, 4 ਲੈਪਟਾਪ, 2 ਆਈਪੈਡ, 8 ਡਾਇਰੀਆਂ ਅਤੇ ਹੋਰ ਦਸਤਾਵੇਜ਼ ਮਿਲੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਐਕਸ 'ਤੇ ਟਵੀਟ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਦੇ ਘਰ ਵਿਚ ਵਿਜੀਲੈਂਸ ਨੇ ਛਾਪੇਮਾਰੀ ਕੀਤੀ ਹੈ। ਉਹ ਖੁਦ ਘਰ ਵਿਚ ਹਨ ਅਤੇ ਉਨ੍ਹਾਂ ਨੂੰ ਬਿਨਾਂ ਕੋਈ ਜਾਣਕਾਰੀ ਦਿੱਤੇ ਇਸ ਟੀਮ ਨੇ ਘਰ ਵਿਚ ਛਾਪੇਮਾਰੀ ਕੀਤੀ ਹੈ, ਜਿਸ ਦੀ ਅਗਵਾਈ ਵਿਜੀਲੈਂਸ ਵਿਭਾਗ ਦੇ ਐੱਸ.ਐੱਸ.ਪੀ. ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸਬੰਧ ਵਿਚ ਦਰਜ ਕੇਸ ਵਿਚ ਜਦੋਂ ਉਨ੍ਹਾਂ ਖਿਲਾਫ਼ ਕੁਝ ਨਹੀਂ ਮਿਲਿਆ, ਤਾਂ ਸਰਕਾਰ ਉਨ੍ਹਾਂ ਖਿਲਾਫ ਇੱਕ ਹੋਰ ਨਵਾਂ ਮਾਮਲਾ ਦਰਜ ਕਰਨ ਦਾ ਯਤਨ ਕਰ ਰਹੀ ਹੈ।

ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਉਨ੍ਹਾਂ ਨੂੰ ਡਰਾਉਣ ਅਤੇ ਧਮਕਾਉਣ ਦਾ ਯਤਨ ਕਰ ਰਹੀ ਹੈ ਪਰ ਉਹ ਡਰਨ ਵਾਲੇ ਨਹੀਂ ਹਨ। ਉਨ੍ਹਾਂ ਕਿਹਾ, "ਮੈਂ ਹਮੇਸ਼ਾ ਪੰਜਾਬ ਦੇ ਮੁੱਦਿਆਂ 'ਤੇ ਗੱਲ ਕੀਤੀ ਹੈ ਅਤੇ ਭਵਿੱਖ ਵਿਚ ਵੀ ਗੱਲ ਕਰਦਾ ਰਹਾਂਗਾ। ਮੈਨੂੰ ਅਕਾਲ ਪੁਰਖ 'ਤੇ ਪੂਰਾ ਭਰੋਸਾ ਹੈ ਅਤੇ ਅੰਤ ਵਿਚ ਸੱਚਾਈ ਦੀ ਜਿੱਤ ਹੋਵੇਗੀ।" ਅਕਾਲੀ ਆਗੂ ਨੇ ਐਕਸ 'ਤੇ ਇੱਕ ਵੀਡੀਓ ਵੀ ਅਪਲੋਡ ਕੀਤੀ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਸਾਦੇ ਕੱਪੜਿਆਂ ਵਿਚ ਪੁਲਿਸ ਕਰਮਚਾਰੀ ਦਿਖਾਈ ਦੇ ਰਹੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਸ਼ਨਾਖਤ ਬਾਰੇ ਪੁੱਛ ਰਹੇ ਹਨ। ਮਜੀਠੀਆ ਆਪਣੇ ਸਹਿਯੋਗੀਆਂ ਨੂੰ ਇਸ ਸਾਰੀ ਕਾਰਵਾਈ ਦੀ ਵੀਡੀਓ ਬਣਾਉਣ ਬਾਰੇ ਵੀ ਆਖ ਰਹੇ ਹਨ।



**ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਘਰ ਦੇ ਬਾਹਰ ਮੌਜੂਦ ਵਿਜੀਲੈਂਸ ਦੀ ਟੀਮ।**



**ਮਜੀਠੀਆ ਦੇ ਘਰ ਦੇ ਬਾਹਰ ਤਾਇਨਾਤ ਪੁਲਿਸ ਕਰਮੀ ਅਤੇ ਖੜ੍ਹੇ ਮਜੀਠੀਆ ਸਮਰੱਥਕ।**

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।


ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.


Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।


ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।
FREEMAN FINANCIAL SERVICES
ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।


CONTACT US
(916) 465-3200
(916) 471-5505
WHAT WE DO
BOOSTING YOUR CREDIT SCORE
ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।
WE CAN HELP WITH
- COLLECTIONS
- LATE PAYMENTS
- HARD INQUIRIES
- CHARGED OFF
- AND MORE.....
VISIT MORE
www.freemanfinsvcs.com

# ਲੁਧਿਆਣਾ ਜ਼ਿਮਨੀ ਚੋਣ 'ਚ 'ਆਪ' ਨੇ ਮਾਰੀ ਬਾਜ਼ੀ

■ 'ਆਪ' ਦੇ ਸੰਜੀਵ ਅਰੋੜਾ ਨੂੰ ਮਿਲੀਆਂ 35179 ਵੋਟਾਂ
■ ਕਾਂਗਰਸ ਦੂਜੇ ਤੇ ਭਾਜਪਾ ਰਹੀ ਤੀਜੇ ਸਥਾਨ 'ਤੇ



ਲੁਧਿਆਣਾ, (ਪੰਜਾਬ ਮੇਲ)- ਲੁਧਿਆਣਾ ਦੇ ਪੱਛਮੀ ਹਲਕੇ 'ਚ ਹੋਈ ਜ਼ਿਮਨੀ ਚੋਣ ਦੇ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਜਿੱਤ ਦੇ ਝੰਡੇ ਗੱਡ ਦਿੱਤੇ ਹਨ। ਉਨ੍ਹਾਂ ਨੇ 10 ਹਜ਼ਾਰ ਤੋਂ ਵੱਧ ਵੋਟਾਂ ਦੀ ਵੱਡੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੂੰ ਕੁੱਲ 35179 ਵੋਟਾਂ ਪਈਆਂ, ਜਦਕਿ ਕਾਂਗਰਸੀ ਉਮੀਦਵਾਰ 24542 ਵੋਟਾਂ ਹੀ ਹਾਸਲ ਕਰ ਸਕੇ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ 20323 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ 8203 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ।

ਪਹਿਲੇ ਰਾਊਂਡ ਤੋਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਲੀਡ ਹਾਸਲ ਕਰ ਲਈ ਸੀ, ਜਿਸ ਨੂੰ ਉਨ੍ਹਾਂ ਨੇ 14ਵੇਂ ਰਾਊਂਡ ਤੱਕ ਬਰਕਰਾਰ ਰੱਖਿਆ। ਹਾਲਾਂਕਿ 6ਵੇਂ ਰਾਊਂਡ ਵਿਚ ਇਹ ਲੀਡ ਥੋੜ੍ਹੀ ਘਟੀ ਜ਼ਰੂਰ ਸੀ, ਪਰ ਫਿਰ ਇਹ ਲੀਡ ਲਗਾਤਾਰ ਵੱਧਦੀ ਗਈ ਤੇ ਅਖ਼ੀਰ ਵਿਚ ਉਹ 10 ਹਜ਼ਾਰ 637 ਵੋਟਾਂ ਦੇ ਫ਼ਰਕ ਨਾਲ ਵਿਰੋਧੀਆਂ ਤੋਂ ਬਹੁਤ ਅੱਗੇ ਨਿਕਲ ਗਏ ਤੇ ਜਿੱਤ ਹਾਸਲ ਕੀਤੀ।

## ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਲੁਧਿਆਣਾ ਜ਼ਿਮਨੀ ਚੋਣ ਹਾਰ ਦੀ ਜ਼ਿੰਮੇਵਾਰੀ



ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)- ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ ਦੇ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਈ ਹੈ। 'ਆਪ' ਉਮੀਦਵਾਰ ਸੰਜੀਵ ਅਰੋੜਾ ਨੇ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਨੂੰ 10637 ਵੋਟਾਂ ਨਾਲ ਹਰਾਇਆ ਹੈ। ਇਸ ਦੇ ਨਾਲ ਹੀ ਭਾਜਪਾ ਦੇ ਜੀਵਨ ਗੁਪਤਾ ਤੀਜੇ ਸਥਾਨ 'ਤੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ ਚੌਥੇ ਸਥਾਨ 'ਤੇ ਰਹੇ ਹਨ। ਚੋਣ ਨਤੀਜੇ ਮਗਰੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਹਾਰ ਨੂੰ ਸਵੀਕਾਰ ਕਰਦੇ ਹੋਏ ਰਾਜਾ ਵੜਿੰਗ ਨੇ ਕਿਹਾ ਕਿ ਅਸੀਂ ਬਹੁਤ ਵਧੀਆ ਕਰ ਸਕਦੇ ਸੀ। ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਮੈਂ ਲੁਧਿਆਣਾ ਪੱਛਮੀ ਵਿਚ ਕਾਂਗਰਸੀ ਵਰਕਰਾਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਨੇ ਸਾਰੀਆਂ ਮੁਸ਼ਕਿਲਾਂ ਦੇ ਵਿਰੁੱਧ ਸਭ ਤੋਂ ਵਧੀਆ ਲੜਾਈ ਲੜੀ, ਜਦਕਿ ਇਹ ਪੂਰੀ ਸਰਕਾਰੀ ਮਸ਼ੀਨਰੀ ਦੇ ਵਿਰੁੱਧ ਸੀ। ਹਾਰ ਨੂੰ ਸਵੀਕਾਰ ਕਰਦੇ ਹੋਏ ਰਾਜਾ ਵੜਿੰਗ ਨੇ ਕਿਹਾ ਕਿ ਲੁਧਿਆਣਾ ਚੋਣ ਹਾਰਨ ਦਾ ਸਾਨੂੰ ਬੇਹੱਦ ਅਫ਼ਸੋਸ ਹੈ। ਸਾਨੂੰ ਆਪਣੇ ਆਪ ਵਿਚ ਪੜਚੋਲ ਕਰਨ ਦੀ ਲੋੜ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹਾਰ 'ਤੇ ਮੰਥਨ ਕੀਤਾ ਜਾਵੇਗਾ। ਮੈਨੂੰ ਜਿੱਥੇ ਬੁਲਾਇਆ ਗਿਆ ਮੈਂ ਪ੍ਰਚਾਰ ਲਈ ਗਿਆ ਸੀ। ਜੇਕਰ 1-1 ਇਕੱਠੇ ਹੁੰਦੇ ਹਨ, ਤਾਂ 11 ਹੋ ਜਾਂਦੇ ਹਨ। ਆਖਰਕਾਰ ਇਹ ਸਿਰਫ਼ ਇਕ ਉਪ-ਚੋਣ ਸੀ। ਸਾਡੀ ਲੜਾਈ ਜਾਰੀ ਰਹੇਗੀ ਅਤੇ ਅਸੀਂ ਇਸ ਨੂੰ 2027 ਵਿਚ ਤਰਕਪੂਰਨ ਸਿੱਟੇ 'ਤੇ ਲੈ ਜਾਵਾਂਗੇ। ਅਸੀਂ ਇਕ ਗੰਭੀਰ ਅੰਦਰੂਨੀ ਆਤਮ-ਨਿਰੀਖਣ ਵੀ ਕਰਾਂਗੇ ਕਿਉਂਕਿ ਸਾਡਾ ਮੰਨਣਾ ਹੈ ਕਿ ਅਸੀਂ ਬਹੁਤ ਵਧੀਆ ਕਰ ਸਕਦੇ ਸੀ।

### ਲੁਧਿਆਣਾ ਜ਼ਿਮਨੀ ਚੋਣ 'ਚ ਹਾਰ ਮਗਰੋਂ ਭਾਰਤ ਭੂਸ਼ਣ ਆਸ਼ੂ ਦਾ ਅਸਤੀਫਾ



ਲੁਧਿਆਣਾ, (ਪੰਜਾਬ ਮੇਲ)- ਲੁਧਿਆਣਾ ਉਪ ਚੋਣ ਵਿੱਚ ਹਾਰ ਤੋਂ ਬਾਅਦ, ਭਾਰਤ ਭੂਸ਼ਣ ਆਸ਼ੂ ਨੇ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਆਸ਼ੂ ਨੂੰ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਦੇ ਨਾਲ ਹੀ, ਲੁਧਿਆਣਾ ਉਪ ਚੋਣ ਵਿਚ ਕਰਾਰੀ ਹਾਰ ਤੋਂ ਬਾਅਦ, ਰਾਜਾ ਵੜਿੰਗ ਦਾ ਇੱਕ ਵੱਡਾ ਬਿਆਨ ਵੀ ਸਾਹਮਣੇ ਆਇਆ ਹੈ। ਰਾਜਾ ਵੜਿੰਗ ਨੇ ਸਪੱਸ਼ਟ ਤੌਰ 'ਤੇ ਹਾਰ ਦੀ ਜ਼ਿੰਮੇਵਾਰੀ ਲਈ ਹੈ। ਰਾਜਾ ਵੜਿੰਗ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਚੋਣ ਹਾਰਨ ਦਾ ਬਹੁਤ ਦੁੱਖ ਹੈ। ਉਹ ਲੁਧਿਆਣਾ ਚੋਣ ਵਿਚ ਹਾਰ ਦੀ ਜ਼ਿੰਮੇਵਾਰੀ ਲੈਂਦੇ ਹਨ।

ਤੁਹਾਨੂੰ ਦੱਸ ਦੇਈਏ ਕਿ ਲੁਧਿਆਣਾ ਉਪ ਚੋਣ ਦੇ ਨਤੀਜਿਆਂ ਵਿਚ, ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਮਿਲੀ ਹੈ, ਜਿਸ ਵਿਚ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਵੱਡੀ ਜਿੱਤ ਮਿਲੀ ਹੈ। ਇਸ ਦੇ ਨਾਲ ਹੀ, ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸੰਜੀਵ ਅਰੋੜਾ ਨੇ 10,000 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ, ਜਿਸਨੂੰ ਇੱਕ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ।

# ਪੰਜਾਬ 'ਚ ਹੋ ਸਕਦੀ ਹੈ ਇਕ ਹੋਰ ਜ਼ਿਮਨੀ ਚੋਣ!



ਜਲੰਧਰ, (ਪੰਜਾਬ ਮੇਲ)- ਕੀ ਜਲੰਧਰ ਸੈਂਟਰਲ ਵਿਧਾਨ ਸਭਾ ਹਲਕਾ ਜ਼ਿਮਨੀ ਚੋਣ ਵੱਲ ਵਧ ਰਿਹਾ ਹੈ? ਨਗਰ ਨਿਗਮ ਦੀਆਂ ਹਾਲੀਆ ਸਰਗਰਮੀਆਂ ਅਤੇ ਤਿਆਰੀਆਂ ਨੂੰ ਦੇਖ ਕੇ ਸਿਆਸੀ ਹਲਕਿਆਂ ਵਿਚ ਅਜਿਹੀਆਂ ਚਰਚਾਵਾਂ ਜ਼ੋਰ ਫੜਨ ਲੱਗੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਨਿਗਮ ਦੇ ਉੱਚ ਅਧਿਕਾਰੀਆਂ ਨੇ ਹੇਠਲੇ ਪੱਧਰ ਦੇ ਅਫਸਰਾਂ ਨੂੰ 'ਬਾਈ ਇਲੈਕਸ਼ਨ ਮੋਡ' ਵਿਚ ਆਉਣ ਦੇ ਨਿਰਦੇਸ਼ ਦਿੱਤੇ ਹਨ, ਜਿਸ ਨਾਲ ਇਸ ਅਟਕਲ ਨੂੰ ਹੋਰ ਬਲ ਮਿਲਿਆ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਦੇ ਤਤਕਾਲੀ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਮੌਤ ਤੋਂ ਬਾਅਦ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਸੁਸ਼ੀਲ ਰਿੰਕੂ ਨੇ ਜਿੱਤ ਦਰਜ ਕੀਤੀ ਸੀ। ਇਸ ਤੋਂ ਬਾਅਦ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਦੇ ਪਾਰਟੀ ਛੱਡਣ ਨਾਲ ਜਲੰਧਰ ਵੈਸਟ ਵਿਚ ਜ਼ਿਮਨੀ ਚੋਣ ਹੋਈ, ਜਿਸ ਵਿਚ 'ਆਪ' ਉਮੀਦਵਾਰ ਮਹਿੰਦਰ ਭਗਤ ਜੇਤੂ ਰਹੇ। ਹੁਣ 'ਆਪ' ਵਿਧਾਇਕ ਰਮਨ ਅਰੋੜਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਵਿਜੀਲੈਂਸ ਕਾਰਵਾਈ ਚੱਲ ਰਹੀ ਹੈ ਅਤੇ ਉਹ ਨਾਭਾ ਜੇਲ੍ਹ ਵਿਚ ਬੰਦ ਹਨ। ਅਜਿਹੇ ਵਿਚ ਜਲੰਧਰ ਸੈਂਟਰਲ ਦੀ ਸੀਟ ਨੂੰ ਲੈ ਕੇ ਅਟਕਲਾਂ ਤੇਜ਼ ਹੋ ਗਈਆਂ ਹਨ।

ਇਸੇ ਕੜੀ ਵਿਚ ਆਮ ਆਦਮੀ ਪਾਰਟੀ ਦੇ ਉਦਯੋਗਪਤੀ ਨਿਤਿਨ ਕੋਹਲੀ ਨੂੰ ਜਲੰਧਰ ਸੈਂਟਰਲ ਵਿਧਾਨ ਸਭਾ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੇ ਨਾਂ ਦੇ ਐਲਾਨ ਦੇ ਨਾਲ ਹੀ ਸਿਆਸੀ ਗਲਿਆਰਿਆਂ 'ਚ ਚਰਚਾ ਸ਼ੁਰੂ ਹੋ ਗਈ ਕਿ ਕੋਹਲੀ ਨੂੰ ਆਗਾਮੀ ਜ਼ਿਮਨੀ ਚੋਣ ਲਈ 'ਆਪ' ਦਾ ਸੰਭਾਵਿਤ ਉਮੀਦਵਾਰ ਬਣਾਇਆ ਜਾਵੇਗਾ। ਕਿਉਂਕਿ ਮੇਅਰ ਵਨੀਤ ਧੀਰ ਨਿਤਿਨ ਕੋਹਲੀ ਦੇ ਕਾਫੀ ਨਜ਼ਦੀਕੀ ਹਨ, ਇਸ ਲਈ ਨਗਰ ਨਿਗਮ ਅੰਦਰ ਵਿਸ਼ੇਸ਼ ਹਲਚਲ ਦੇਖੀ ਜਾ ਰਹੀ ਹੈ। ਸੂਤਰਾਂ ਮੁਤਾਬਕ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ ਕਿ ਜਲੰਧਰ ਸੈਂਟਰਲ ਹਲਕੇ ਦੇ ਵਿਕਾਸ ਕੰਮਾਂ ਨੂੰ ਪਹਿਲ ਦਿੱਤੀ ਜਾਵੇ। ਸ਼ੁੱਕਰਵਾਰ ਨੂੰ ਨਗਰ ਨਿਗਮ ਕੰਪਲੈਕਸ 'ਚ ਹੋਈ ਮੀਟਿੰਗ 'ਚ ਸੈਂਟਰਲ ਵਿਧਾਨ ਸਭਾ ਹਲਕੇ ਦੇ 23 ਵਾਰਡਾਂ ਦੇ ਜਿੱਤੇ-ਹਾਰੇ ਕੌਂਸਲਰ ਉਮੀਦਵਾਰ ਸ਼ਾਮਲ ਹੋਏ। ਇਸ ਮੀਟਿੰਗ ਵਿਚ ਇਲਾਕੇ ਦੀਆਂ ਸੀਵਰੇਜ, ਵਾਟਰ ਸਪਲਾਈ, ਸੜਕਾਂ ਦੀ ਮੁਰੰਮਤ ਅਤੇ ਸਟਰੀਟ ਲਾਈਟਾਂ ਵਰਗੀਆਂ ਸਮੱਸਿਆਵਾਂ 'ਤੇ ਖੁੱਲ੍ਹ ਕੇ ਚਰਚਾ ਹੋਈ ਅਤੇ ਵਧੇਰੇ ਕੌਂਸਲਰਾਂ ਨੇ ਦੋਸ਼ ਲਾਇਆ ਕਿ ਨਿਗਮ ਅਧਿਕਾਰੀ ਉਨ੍ਹਾਂ ਦੀ ਗੱਲ ਨਹੀਂ ਸੁਣਦੇ, ਫੋਨ ਤੱਕ ਨਹੀਂ ਚੁੱਕਦੇ ਅਤੇ ਸਮੱਸਿਆਵਾਂ ਦੇ ਹੱਲ ਵਿਚ ਕੋਈ ਦਿਲਚਸਪੀ ਨਹੀਂ ਦਿਖਾਉਂਦੇ। ਇਸ 'ਤੇ ਨਗਰ ਨਿਗਮ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਦਿੱਤੀ ਗਈ ਕਿ ਹੁਣ ਲਾਪ੍ਰਵਾਹੀ ਅਤੇ ਟਾਲ-ਮਟੋਲ ਦਾ ਰਵੱਈਆ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਾਰਿਆਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਹੀ ਹੋਵੇਗਾ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਜਲੰਧਰ ਸੈਂਟਰਲ ਵਿਧਾਨ ਸਭਾ ਹਲਕਾ ਨੇੜ ਭਵਿੱਖ 'ਚ ਜ਼ਿਮਨੀ ਚੋਣ ਦਾ ਸਾਹਮਣਾ ਕਰੇਗਾ ਜਾਂ ਫਿਰ 2027 'ਚ ਹੋਣ ਵਾਲੀ ਨਿਯਮਿਤ ਵਿਧਾਨ ਸਭਾ ਦੀ ਚੋਣ 'ਚ ਨਿਤਿਨ ਕੋਹਲੀ ਨੂੰ ਮੈਦਾਨ ਵਿਚ ਉਤਾਰਿਆ ਜਾਵੇਗਾ।

# ਪੰਜਾਬ ਕੈਬਨਿਟ 'ਚ ਫੇਰਬਦਲ ਦੀ ਤਿਆਰੀ!

■ ਸੰਜੀਵ ਅਰੋੜਾ ਤੋਂ ਇਲਾਵਾ ਹੋਰ ਵਿਧਾਇਕ ਵੀ ਬਣ ਸਕਦੇ ਹਨ ਮੰਤਰੀ

ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ 'ਚ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਜਿੱਤ ਤੋਂ ਬਾਅਦ ਸੂਬੇ ਵਿਚ ਪੰਜਾਬ ਮੰਤਰੀ ਮੰਡਲ 'ਚ ਫੇਰਬਦਲ ਦੀਆਂ ਚਰਚਾਵਾਂ ਵੀ ਤੇਜ਼ ਹੋ ਗਈਆਂ ਹਨ। ਹਾਲਾਂਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ 'ਚ ਚੋਣ ਪ੍ਰਚਾਰ ਕਰਦੇ ਹੋਏ 'ਆਪ' ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਤੋਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾਉਣ ਦਾ ਐਲਾਨ ਕੀਤਾ ਸੀ ਪਰ ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁਝ ਹੋਰ ਚੰਗੇ ਚਿਹਰਿਆਂ ਨੂੰ ਸਰਕਾਰ ਵਿਚ ਜਗ੍ਹਾ ਦਿੱਤੀ ਜਾ ਸਕਦੀ ਹੈ ਕਿਉਂਕਿ 2027 'ਚ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਹੋਣੀਆਂ ਹਨ, ਜਿਨ੍ਹਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਅਗਲੇ ਡੇਢ ਸਾਲਾਂ ਦੌਰਾਨ ਤੇਜ਼-ਤਰਾਰ ਢੰਗ ਨਾਲ ਕੰਮ ਕਰਨਾ ਪਵੇਗਾ।

ਪੰਜਾਬ 'ਚ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਨੂੰ ਲੈ ਕੇ 'ਆਪ' ਲੀਡਰਸ਼ਿਪ ਜ਼ਿਆਦਾ ਪ੍ਰਸੰਨ ਨਹੀਂ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਸੰਜੀਵ ਅਰੋੜਾ ਨੂੰ ਮੰਤਰੀ ਬਣਾਉਂਦੇ ਸਮੇਂ ਪੰਜਾਬ ਮੰਤਰੀ ਮੰਡਲ 'ਚ ਹੋਰ ਵੀ ਫੇਰਬਦਲ ਕੀਤਾ ਜਾਂਦਾ ਹੈ ਜਾਂ ਫਿਰ ਇਕੱਲੇ ਸੰਜੀਵ ਅਰੋੜਾ ਨੂੰ ਹੀ ਐਡਜਸਟ ਕੀਤਾ ਜਾਂਦਾ ਹੈ। ਸੰਜੀਵ ਅਰੋੜਾ ਨੂੰ ਮੰਤਰੀ ਬਣਾਉਣਾ ਇਸ ਲਈ ਵੀ ਜ਼ਰੂਰੀ ਹੋ ਗਿਆ ਹੈ ਕਿ ਕਿਉਂਕਿ ਇਕ ਤਾਂ ਇਹ ਐਲਾਨ ਖੁਦ ਅਰਵਿੰਦ ਕੇਜਰੀਵਾਲ ਨੇ ਕੀਤਾ ਸੀ ਅਤੇ ਦੂਜਾ ਲੁਧਿਆਣਾ ਸ਼ਹਿਰ 'ਚੋਂ ਇਕ ਮੰਤਰੀ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ, ਤਾਂ ਜੋ ਸਮੁੱਚੀ ਪਾਰਟੀ ਵਿਚ ਨਵੀਂ ਜਾਨ ਪਾਈ ਜਾ ਸਕੇ। ਜਲੰਧਰ ਪੱਛਮੀ ਵਿਧਾਨ ਸਭਾ ਸੀਟ ਦੀ ਜਦੋਂ ਉਪ-ਚੋਣ ਹੋਈ ਸੀ, ਤਾਂ ਉਸ ਵੇਲੇ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਮੋਹਿੰਦਰ ਭਗਤ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨਗੇ ਅਤੇ ਉਪ-ਚੋਣ 'ਚ ਜਿੱਤਣ ਤੋਂ ਕੁਝ ਸਮਾਂ ਬਾਅਦ ਹੀ ਮੋਹਿੰਦਰ ਭਗਤ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ ਸੀ। ਹੁਣ ਮੁੜ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਬਾਅਦ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਬਣਾਉਣ ਦਾ ਰਸਤਾ ਪੱਧਰਾ ਹੋ ਗਿਆ ਹੈ ਅਤੇ ਨਾਲ ਹੀ ਲੁਧਿਆਣਾ 'ਚ ਤੇਜ਼ ਰਫਤਾਰ ਨਾਲ ਵਿਕਾਸ ਕਾਰਜ ਕਰਵਾਉਣ ਲਈ ਸੰਜੀਵ ਅਰੋੜਾ ਨੂੰ ਅਹਿਮ ਵਿਭਾਗ ਵੀ ਦੇਣਾ ਪਵੇਗਾ।

ਇਹ ਵੀ ਸੰਭਵ ਹੈ ਕਿ ਸਰਕਾਰ ਆਪਣੇ ਮੰਤਰੀ ਮੰਡਲ ਨੂੰ ਨਵੀਂ ਦਿੱਖ ਦੇਣ ਦਾ ਯਤਨ ਕਰੇ ਜਿਸ ਨਾਲ ਜਨਤਾ ਵਿਚ ਸਰਕਾਰ ਦੇ ਅਕਸ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ। ਕਿਹਾ ਜਾ ਰਿਹਾ ਹੈ ਕਿ ਇਸ ਸਬੰਧੀ ਆਖਰੀ ਫ਼ੈਸਲਾ ਮੁੱਖ ਮੰਤਰੀ ਭਗਵੰਤ ਮਾਨ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਰਨਗੇ। ਮੁੱਖ ਮੰਤਰੀ ਵੀ ਇਸ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਨਾ ਚਾਹੁਣਗੇ ਕਿਉਂਕਿ ਹੁਣ ਆਮ ਚੋਣਾਂ 'ਚ ਬਹੁਤ ਘੱਟ ਸਮਾਂ ਬਾਕੀ ਰਹਿ ਗਿਆ ਹੈ।

# ਲੁਧਿਆਣਾ ਜ਼ਿਮਨੀ ਚੋਣ ਤੋਂ ਬਾਅਦ ਪੰਜਾਬ ਕਾਂਗਰਸ ਦੇ 3 ਸੀ.ਐੱਮ. ਚਿਹਰੇ ਹੋਏ ਧੁੰਦਲੇ!

■ ਪੰਜਾਬ ਕਾਂਗਰਸ 'ਚ ਕਈ ਵੱਡੇ ਬਦਲਾਅ ਹੋਣ ਦੀ ਸੰਭਾਵਨਾ ਹੋਈ ਮਜ਼ਬੂਤ

ਚੰਡੀਗੜ੍ਹ, (ਪੰਜਾਬ ਮੇਲ)- ਲੁਧਿਆਣਾ ਪੱਛਮੀ ਉਪ ਚੋਣ 'ਚ ਕਾਂਗਰਸ ਦੀ ਹਾਰ ਨਾਲ ਮੁੱਖ ਮੰਤਰੀ ਅਹੁਦੇ ਦੀ ਦੌੜ 'ਚ ਸ਼ਾਮਲ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਰਾਣਾ ਗੁਰਜੀਤ ਸਿੰਘ ਅਤੇ ਪ੍ਰਗਟ ਸਿੰਘ ਦੇ ਚਿਹਰੇ ਧੁੰਦਲੇ ਹੋ ਗਏ ਹਨ। ਕਾਂਗਰਸ ਦੀ ਹਾਰ ਤੋਂ ਤੁਰੰਤ ਬਾਅਦ ਸੋਸ਼ਲ ਮੀਡੀਆ 'ਤੇ ਲੁਧਿਆਣਾ ਪੱਛਮੀ 'ਚ ਕਾਂਗਰਸ ਦਾ ਸੂਰਜ ਡੁੱਬਦਾ ਦੱਸਿਆ ਜਾ ਰਿਹਾ ਹੈ।

ਦਿਲਚਸਪ ਗੱਲ ਇਹ ਹੈ ਕਿ ਕਾਂਗਰਸ 'ਚ ਵਧਦੀ ਧੜੇਬੰਦੀ ਕਾਰਨ ਪਾਰਟੀ ਦੀ ਹਾਰ ਦਾ ਅੰਦਾਜ਼ਾ ਸਿਆਸੀ ਮਾਹਿਰ ਪਹਿਲਾਂ ਹੀ ਲਾ ਰਹੇ ਸਨ। ਇਸ ਹਾਰ ਲਈ ਕਿਹੜੇ ਆਗੂ ਜ਼ਿੰਮੇਵਾਰ ਹਨ, ਇਸ ਨੂੰ ਲੈ ਕੇ ਕਾਂਗਰਸ ਹਾਈਕਮਾਨ ਵੱਲੋਂ ਮੰਥਨ ਕਰਨ ਤੋਂ ਬਾਅਦ ਕਈ ਮਹੱਤਵਪੂਰਨ ਫੈਸਲੇ ਲੈ ਕੇ ਪੰਜਾਬ ਕਾਂਗਰਸ 'ਚ ਕਈ ਵੱਡੇ ਬਦਲਾਅ ਹੋਣ ਦੀ ਸੰਭਾਵਨਾ ਮਜ਼ਬੂਤ ਹੋ ਗਈ ਹੈ। ਪੰਜਾਬ ਕਾਂਗਰਸ ਦੇ ਨੇਤਾਵਾਂ ਦੀ ਧੜੇਬੰਦੀ ਦੇ ਨਾਲ-ਨਾਲ ਇਕ-ਦੂਜੇ ਨੂੰ ਨੀਵਾਂ ਦਿਖਾਉਣ ਦੀ ਹੋੜ ਵੀ ਪਾਰਟੀ 'ਤੇ ਭਾਰੀ ਰਹੀ। ਪੀ.ਪੀ.ਸੀ.ਸੀ. ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਕਾਂਗਰਸੀ ਉਮੀਦਵਾਰ ਵੱਲੋਂ ਨਜ਼ਰਅੰਦਾਜ਼ ਕਰਦਿਆਂ ਉਪ ਚੋਣ ਦੀ ਜ਼ਿੰਮੇਵਾਰੀ ਰਾਣਾ ਗੁਰਜੀਤ ਸਿੰਘ ਨੂੰ ਦੇਣਾ ਕਿਤੇ ਨਾ ਕਿਤੇ ਕਾਂਗਰਸ 'ਤੇ ਭਾਰੀ ਰਿਹਾ।

**ਕਾਂਗਰਸ ਦੀ ਹਾਰ ਦੇ ਕਈ ਮੁੱਖ ਕਾਰਨ ਰਹੇ, ਜਿਨ੍ਹਾਂ ਵਿਚ ਪ੍ਰਮੁੱਖ ਹਨ:**

- ਪਾਰਟੀ ਨੇਤਾਵਾਂ 'ਚ ਧੜੇਬੰਦੀ।
- ਕਾਂਗਰਸੀ ਉਮੀਦਵਾਰ ਦਾ ਵਿਵਹਾਰ।
- ਕਾਂਗਰਸੀ ਉਮੀਦਵਾਰ 'ਤੇ ਦਰਜ ਮਾਮਲਿਆਂ ਦਾ ਪ੍ਰਭਾਵ।
- ਵੱਡੇ ਕਾਂਗਰਸੀ ਨੇਤਾਵਾਂ ਦੀ ਲੁਧਿਆਣਾ 'ਚ ਗੈਰ-ਮੌਜੂਦਗੀ।
- ਮਹਿਲਾ ਕਾਂਗਰਸ ਅਤੇ ਯੂਥ ਕਾਂਗਰਸ ਦਾ ਕਮਜ਼ੋਰ ਪ੍ਰਦਰਸ਼ਨ।
- ਕਾਨੂੰਨੀ ਕਲੀਨ ਚਿੱਟ ਦਾ ਸਿਆਸੀ ਤੌਰ 'ਤੇ ਫਾਇਦਾ ਉਠਾਉਣਾ।
- ਪਾਰਟੀ ਵੱਲੋਂ ਲੁਧਿਆਣਾ ਉਪ ਚੋਣ ਲਈ ਚੁਣਿਆ ਗਿਆ ਚੋਣ ਇੰਚਾਰਜ।
- ਪਾਰਟੀ ਦੇ ਚੋਣਾਵੀ ਪੋਸਟਰਾਂ 'ਚੋਂ ਸੀਨੀਅਰ ਲੀਡਰਸ਼ਿਪ ਨੂੰ ਨਜ਼ਰ-ਅੰਦਾਜ਼ ਕਰਨਾ।

ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਲੁਧਿਆਣਾ ਉਪ ਚੋਣ 'ਚ ਕਾਂਗਰਸ ਦੀ ਹਾਰ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਇਸ ਹਾਰ ਤੋਂ ਸਬਕ ਲੈ ਕੇ ਪਾਰਟੀ ਖੁਦ ਨੂੰ ਹੋਰ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਵੋਟਰਾਂ ਨੇ ਜੋ ਫਤਵਾ ਦਿੱਤਾ ਹੈ, ਉਹ ਕਾਂਗਰਸ ਨੂੰ ਸਵੀਕਾਰ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਾਅਦਿਆਂ ਦੇ ਆਧਾਰ 'ਤੇ 'ਆਪ' ਨੇ ਲੁਧਿਆਣਾ ਉਪ ਚੋਣ 'ਚ ਜਿੱਤ ਹਾਸਲ ਕੀਤੀ ਹੈ, ਉਨ੍ਹਾਂ ਸਾਰੇ ਵਾਅਦਿਆਂ ਨੂੰ 'ਆਪ' ਪੂਰਾ ਵੀ ਕਰੇ।

ਦੂਜੇ ਪਾਸੇ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਰ ਲਈ ਖੁਦ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਲੁਧਿਆਣਾ ਉਪ ਚੋਣ ਜਿੱਤ ਕੇ 'ਆਪ' ਪਾਰਟੀ ਨੇ ਕੋਈ ਵੱਡਾ ਤੀਰ ਨਹੀਂ ਮਾਰਿਆ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਇਸ ਹਾਰ ਬਾਰੇ ਸੋਚਣ ਦੇ ਨਾਲ-ਨਾਲ ਆਤਮ-ਨਿਰੀਖਣ ਕਰਨ ਦੀ ਵੀ ਲੋੜ ਹੈ। ਵੜਿੰਗ ਨੇ ਲੁਧਿਆਣਾ ਉਪ ਚੋਣ 'ਚ ਕਾਂਗਰਸ ਦੀ ਹਾਰ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਚੋਣਾਂ ਨੂੰ ਲੈ ਕੇ ਬਣਾਈ ਗਈ ਰਣਨੀਤੀ 'ਚ ਕੁਝ ਕਮੀਆਂ ਸਨ ਜਾਂ ਨਹੀਂ, ਇਸ 'ਤੇ ਉਹ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ ਪਰ ਭਵਿੱਖ 'ਚ ਪਾਰਟੀ ਨੂੰ ਆਪਣੀ ਰਣਨੀਤੀ ਹੋਰ ਮਜ਼ਬੂਤ ਕਰਨੀ ਹੋਵੇਗੀ। ਧਿਆਨ ਦੇਣ ਯੋਗ ਹੈ ਕਿ ਲੁਧਿਆਣਾ ਉਪ ਚੋਣ 'ਚ ਪੰਜਾਬ ਕਾਂਗਰਸ ਪ੍ਰਧਾਨ ਵੜਿੰਗ 2 ਤੋਂ 3 ਵਾਰ ਹੀ ਲੋਕਾਂ ਨੂੰ ਦਿਖਾਈ ਦਿੱਤੇ ਸਨ।

ਲੁਧਿਆਣਾ ਉਪ ਚੋਣ ਲਈ ਪ੍ਰਚਾਰ ਤੋਂ ਦੂਰੀ ਬਣਾਉਣ ਵਾਲੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਜਿਸ ਪਰਿਵਾਰ 'ਚ ਏਕਤਾ ਨਹੀਂ, ਉਹ ਪਰਿਵਾਰ ਕਦੇ ਤਰੱਕੀ ਨਹੀਂ ਕਰ ਸਕਦਾ। ਉਨ੍ਹਾਂ ਦਾ ਇਹ ਬਿਆਨ ਸਿੱਧੇ ਤੌਰ 'ਤੇ ਕਾਂਗਰਸ 'ਚ ਚੱਲ ਰਹੀ ਧੜੇਬੰਦੀ ਨੂੰ ਲੈ ਕੇ ਸੀ। ਜੋ ਉਮੀਦਵਾਰ ਆਪਣੇ ਸੀਨੀਅਰ ਨੇਤਾਵਾਂ ਨੂੰ ਨਾਲ ਲੈ ਕੇ ਨਹੀਂ ਚੱਲ ਸਕਦਾ, ਉਹ ਆਪਣੇ ਦਮ 'ਤੇ ਜਿੱਤਣ ਦੀ ਉਮੀਦ ਨਹੀਂ ਕਰ ਸਕਦਾ। ਬੈਂਸ ਨੇ ਕਿਹਾ ਕਿ ਕੋਈ ਵੀ ਨੇਤਾ ਪਾਰਟੀ ਤੋਂ ਵੱਡਾ ਨਹੀਂ ਹੋ ਸਕਦਾ।

ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਸੀਨੀਅਰ ਕਾਂਗਰਸੀ ਨੇਤਾ ਸ਼ਮਸ਼ੇਰ ਦੂਲੋ ਨੇ ਕਿਹਾ ਕਿ ਕਾਂਗਰਸ ਨੂੰ ਇਸ ਸਮੇਂ ਧੜੇਬੰਦੀ ਤਿਆਗ ਕੇ ਇਕਜੁੱਟ ਹੋ ਕੇ ਅੱਗੇ ਵਧਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਆਉਣ ਵਾਲੇ ਸਮੇਂ 'ਚ ਭਾਜਪਾ ਅਤੇ ਅਕਾਲੀ ਦਲ ਦਾ ਗੱਠਜੋੜ ਹੋਇਆ ਤਾਂ ਕਾਂਗਰਸ ਲਈ ਮਿਸ਼ਨ 2027 ਬਹੁਤ ਮੁਸ਼ਕਲ ਹੋ ਜਾਵੇਗਾ।

# ਉਮਰ ਵੱਲੋਂ ਪੰਜਾਬ ਨੂੰ ਪਾਣੀ ਦੇਣ ਦਾ ਵਿਰੋਧ

■ ਕੇਂਦਰ ਵੱਲੋਂ ਜੰਮੂ ਕਸ਼ਮੀਰ ਤੋਂ ਨਹਿਰ ਜ਼ਰੀਏ ਪਾਣੀ ਦੇਣ ਦੀ ਤਜਵੀਜ਼

■ ਵੜਿੰਗ ਵੱਲੋਂ ਉਮਰ ਦੇ ਬਿਆਨ ਦੀ ਨਿੰਦਾ



ਮੀਡੀਆ ਨੂੰ ਸੰਬੋਧਨ ਕਰਦੇ ਹੋਏ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ।

ਚੰਡੀਗੜ੍ਹ, (ਪੰਜਾਬ ਮੇਲ)- ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਿੰਧ ਪ੍ਰਣਾਲੀ ਜ਼ਰੀਏ ਪੰਜਾਬ ਨੂੰ ਪਾਣੀ ਦੇਣ ਦਾ ਵਿਰੋਧ ਕੀਤਾ ਹੈ, ਜਿਸ ਮਗਰੋਂ ਪੰਜਾਬ 'ਚ ਸਿਆਸੀ ਮਾਹੌਲ ਮੁੜ ਭਖ ਗਿਆ ਹੈ। ਪਾਣੀਆਂ ਨੂੰ ਲੈ ਕੇ ਪੰਜਾਬ ਦਾ ਪਹਿਲਾਂ ਹੀ ਗੁਆਂਢੀ ਸੂਬਿਆਂ ਨਾਲ ਕਿਸੇ ਨਾ ਕਿਸੇ ਮੁੱਦੇ 'ਤੇ ਵਿਵਾਦ ਰਿਹਾ ਹੈ। ਹੁਣ ਜਦੋਂ ਕੇਂਦਰ ਸਰਕਾਰ ਦੇ ਪ੍ਰਸਤਾਵ ਅਨੁਸਾਰ ਜੰਮੂ ਕਸ਼ਮੀਰ ਤੋਂ ਵਾਧੂ ਪਾਣੀ 113 ਕਿਲੋਮੀਟਰ ਲੰਬੀ ਨਹਿਰ ਬਣਾ ਕੇ ਪੰਜਾਬ, ਹਰਿਆਣਾ ਤੇ ਰਾਜਸਥਾਨ ਨੂੰ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ, ਤਾਂ ਉਮਰ ਅਬਦੁੱਲਾ ਨੇ ਨਵਾਂ ਸਟੈਂਡ ਲੈ ਲਿਆ ਹੈ।

ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਪਿਛਲੇ ਦਿਨੀਂ ਪੰਜਾਬ ਦੌਰੇ ਦੌਰਾਨ ਕਿਹਾ ਸੀ ਕਿ ਸਿੰਧ ਜਲ ਸੰਧੀ ਦਾ ਪਾਣੀ ਉੱਤਰੀ ਸੂਬਿਆਂ ਨੂੰ ਦਿੱਤਾ ਜਾਵੇਗਾ। ਕੇਂਦਰੀ ਜਲ ਸਰੋਤ ਮੰਤਰਾਲੇ ਪਿਛਲੇ ਕੁੱਝ ਸਮੇਂ ਤੋਂ ਨਵੀਂ ਨਹਿਰ ਬਣਾਉਣ ਦੀ ਤਜਵੀਜ਼ ਬਣਾ ਰਿਹਾ ਹੈ। ਇਸੇ ਦੌਰਾਨ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਆਖ ਦਿੱਤਾ ਹੈ ਕਿ ਉਨ੍ਹਾਂ ਕੋਲ ਤਾਂ ਖ਼ੁਦ ਪਾਣੀ ਨਹੀਂ ਹੈ ਅਤੇ ਉਹ ਪੰਜਾਬ ਨੂੰ ਪਾਣੀ ਕਿਉਂ ਦੇਣਗੇ। ਅਬਦੁੱਲਾ ਨੇ ਕਿਹਾ ਕਿ ਉਹ ਅਜਿਹਾ ਕਦੇ ਵੀ ਨਹੀਂ ਹੋਣ ਦੇਣਗੇ।

ਉਨ੍ਹਾਂ ਤਰਕ ਦਿੱਤਾ ਕਿ ਜੰਮੂ ਵਿਚ ਪਹਿਲਾਂ ਹੀ ਸੋਕੇ ਵਰਗੀ ਸਥਿਤੀ ਬਣੀ ਹੋਈ ਹੈ। ਅਬਦੁੱਲਾ ਨੇ ਸ਼ਾਹਪੁਰ ਕੰਡੀ ਡੈਮ ਦਾ ਹਵਾਲਾ ਦਿੱਤਾ ਕਿ ਪਾਕਿਸਤਾਨ ਨੂੰ ਜਾਣ ਵਾਲੇ ਪਾਣੀ ਨੂੰ ਰੋਕਣ ਵਾਸਤੇ ਰਾਵੀ ਦਰਿਆ 'ਤੇ ਡੈਮ ਬਣਾਇਆ ਗਿਆ ਹੈ। ਉਨ੍ਹਾਂ ਦੇ ਇਸ ਰੁਖ਼ 'ਤੇ ਪੰਜਾਬ ਸਰਕਾਰ ਦਾ ਹਾਲੇ ਤੱਕ ਅਧਿਕਾਰਤ ਬਿਆਨ ਨਹੀਂ ਆਇਆ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਉਮਰ ਅਬਦੁੱਲਾ ਦਾ ਪੈਂਤੜਾ ਪੰਜਾਬ ਨਾਲ ਇੱਕ ਹੋਰ ਅਨਿਆਂ ਦਾ ਯਤਨ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿੰਧ ਸਮਝੌਤੇ ਦੇ ਪਾਣੀਆਂ ਦੀ ਵੰਡ ਵੇਲੇ ਪੰਜਾਬ ਨਾਲ ਉਸ ਵੇਲੇ ਦੀ ਇੰਦਰਾ ਗਾਂਧੀ ਸਰਕਾਰ ਵੱਲੋਂ ਕੀਤੇ ਇਤਿਹਾਸਕ ਅਨਿਆਂ ਨੂੰ ਦਰੁਸਤ ਕਰੇ। ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਸ ਵੇਲੇ ਦੀ ਇੰਦਰਾ ਗਾਂਧੀ ਸਰਕਾਰ ਨੇ ਗੈਰ ਰੀਪੇਰੀਅਨ ਰਾਜ ਰਾਜਸਥਾਨ ਨੂੰ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਦੇ ਕੇ ਪੰਜਾਬ ਨਾਲ ਵੱਡਾ ਅਨਿਆਂ ਕੀਤਾ ਸੀ। ਉਨ੍ਹਾਂ ਕਿਹਾ ਕਿ ਹਰ ਵਾਰ ਦਰਿਆਈ ਪਾਣੀ ਖੋਹਣ ਦਾ ਅਨਿਆਂ ਪੰਜਾਬ ਨਾਲ ਹੀ ਹੁੰਦਾ ਹੈ।

ਚੀਮਾ ਨੇ ਕਿਹਾ ਕਿ ਪੰਜਾਬ ਨੇ ਦੇਸ਼ ਦੇ ਅੰਨ ਭੰਡਾਰ ਲਈ ਆਪਣੇ ਜ਼ਮੀਨੀ ਪਾਣੀ ਗੁਆ ਲਏ ਅਤੇ ਹੁਣ ਦਰਿਆਵਾਂ ਵਿਚ ਪਾਣੀ ਦੀ ਮਾਤਰਾ ਕਾਫ਼ੀ ਘੱਟ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨੂੰ ਸਿੰਧ ਜਲ ਸਮਝੌਤੇ ਦੇ ਪ੍ਰਾਜੈਕਟ ਤੋਂ ਵਾਧੂ ਪਾਣੀ ਦੇਣਾ ਯਕੀਨੀ ਬਣਾਏ। ਚੀਮਾ ਨੇ ਉਮਰ ਅਬਦੁੱਲਾ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਅਜਿਹੇ ਖ਼ਤਰਨਾਕ ਬਿਆਨ ਜਾਰੀ ਨਾ ਕਰਨ। **ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵੱਲੋਂ ਆਪਣੇ ਸੂਬੇ ਦੇ ਤਿੰਨ ਦਰਿਆਵਾਂ ਦਾ ਪਾਣੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਨਹੀਂ ਵਗਣ ਦੇਣ ਦੇ ਦਿੱਤੇ ਕਥਿਤ ਬਿਆਨ ਦੀ ਆਲੋਚਨਾ ਕੀਤੀ ਹੈ। ਵੜਿੰਗ ਨੇ ਕਿਹਾ, "ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਅਜਿਹੀਆਂ ਟਿੱਪਣੀਆਂ ਕਰਨਾ ਸ਼ੋਭਾ ਨਹੀਂ ਦਿੰਦਾ ਹੈ ਕਿਉਂਕਿ ਨਹਿਰਾਂ ਬਣਾਉਣ ਦਾ ਪ੍ਰਸਤਾਵ ਪਾਣੀ ਨੂੰ ਪਾਕਿਸਤਾਨ ਜਾਣ ਤੋਂ ਬਚਾਉਣ ਲਈ ਸੀ।" ਉਨ੍ਹਾਂ ਕਿਹਾ ਕਿ ਇਹ ਬਿਆਨ ਸਿਰਫ਼ ਪੱਖਪਾਤੀ ਸਿਆਸੀ ਬਿਆਨਬਾਜ਼ੀ ਦੀ ਝਲਕ ਦਿੰਦਾ ਹੈ, ਜਦੋਂ ਕਿ ਮੁੱਦਾ ਰਾਸ਼ਟਰੀ ਹਿੱਤ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਇਸ ਪੜਾਅ 'ਤੇ ਅਜਿਹੀਆਂ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ ਸਨ।

# ਪਾਕਿਸਤਾਨ ਵੱਲੋਂ ਟਰੰਪ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਪੋਸਟ ਵਿਚ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹਾਲ ਹੀ 'ਚ ਆਏ ਭਾਰਤ-ਪਾਕਿਸਤਾਨ ਸੰਕਟ ਦੌਰਾਨ ਉਨ੍ਹਾਂ ਦੇ ਫ਼ੈਸਲਾਕੁਨ ਸਫ਼ਾਰਤੀ ਦਖ਼ਲ ਅਤੇ ਮੁੱਖ ਅਗਵਾਈ ਦੇ ਸਨਮਾਨ ਵਜੋਂ 2026 ਦਾ ਨੋਬੇਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਟਰੰਪ ਨੇ ਵਾਰ-ਵਾਰ ਇਹ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਭਾਰਤ-ਪਾਕਿ ਟਕਰਾਅ ਨੂੰ ਘੱਟ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ, ਹਾਲਾਂਕਿ ਭਾਰਤੀ ਆਗੂਆਂ ਤੇ ਅਧਿਕਾਰੀਆਂ ਨੇ ਇਸ ਦਾਅਵੇ ਨੂੰ ਖ਼ਾਰਜ ਕੀਤਾ ਹੈ।

ਇਹ ਨਾਮਜ਼ਦਗੀ ਉਦੋਂ ਸਾਹਮਣੇ ਆਈ ਹੈ, ਜਦੋਂ ਸ਼ੁੱਕਰਵਾਰ ਨੂੰ ਟਰੰਪ ਨੂੰ ਨੋਬੇਲ ਇਨਾਮਾਂ ਬਾਰੇ ਪੁੱਛਿਆ ਗਿਆ ਅਤੇ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ (ਟਰੰਪ) ਨੂੰ ਕਈ ਕਾਰਨਾਂ ਕਰਕੇ ਇਹ ਪੁਰਸਕਾਰ ਮਿਲਣਾ ਚਾਹੀਦਾ ਹੈ, ਜਿਸ ਵਿਚ ਭਾਰਤ ਅਤੇ ਪਾਕਿਸਤਾਨ ਸਬੰਧੀ ਉਨ੍ਹਾਂ ਦਾ ਕੰਮ ਅਤੇ ਇੱਕ ਸੰਧੀ ਦਾ ਰਾਹ ਪੱਧਰਾ ਕਰਾਉਣਾ ਸ਼ਾਮਲ ਹੈ। ਸੰਧੀ ਬਾਰੇ ਉਨ੍ਹਾਂ ਨੇ ਕਿਹਾ ਸੀ ਕਿ ਸੋਮਵਾਰ ਨੂੰ ਦੋ ਅਫ਼ਰੀਕੀ ਮੁਲਕਾਂ - ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ ਅਤੇ ਰਵਾਂਡਾ ਵਿਚਕਾਰ ਦੁਸ਼ਮਣੀ ਖ਼ਤਮ ਕਰਨ ਲਈ ਇਸ ਇਕਰਾਰਨਾਮੇ ਉੱਤੇ ਦਸਤਖ਼ਤ ਕੀਤੇ ਜਾਣਗੇ।

ਰਾਸ਼ਟਰਪਤੀ ਟਰੰਪ ਨੇ ਕਿਹਾ, "ਮੈਨੂੰ ਇਹ ਚਾਰ ਜਾਂ ਪੰਜ ਵਾਰ ਮਿਲਣਾ ਚਾਹੀਦਾ ਸੀ। ਉਹ ਮੈਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਹੀਂ ਦੇਣਗੇ ਕਿਉਂਕਿ ਉਹ ਸਿਰਫ਼ ਉਦਾਰਵਾਦੀਆਂ ਨੂੰ ਹੀ ਦਿੰਦੇ ਹਨ।"

## ਨੋਬਲ ਪੁਰਸਕਾਰ ਲਈ ਟਰੰਪ ਦੀ ਨਾਮਜ਼ਦਗੀ 'ਤੇ ਘਿਰੀ ਪਾਕਿਸਤਾਨੀ ਸਰਕਾਰ

■ ਪ੍ਰਮੁੱਖ ਪਾਕਿਸਤਾਨੀ ਸ਼ਖਸੀਅਤਾਂ ਵੱਲੋਂ ਸਰਕਾਰ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ

ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਦੇ ਕੁਝ ਆਗੂਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ 2026 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਮ ਦੀ ਸਿਫ਼ਾਰਸ਼ ਕਰਨ ਦੇ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰੇ। ਈਰਾਨ ਦੇ ਤਿੰਨ ਪ੍ਰਮਾਣੂ ਕੇਂਦਰਾਂ 'ਤੇ ਅਮਰੀਕੀ ਹਮਲੇ ਤੋਂ ਬਾਅਦ ਸਰਕਾਰ ਨੇ ਐਲਾਨ ਕੀਤਾ ਕਿ ਉਹ ਹਾਲ ਹੀ ਵਿਚ ਭਾਰਤ-ਪਾਕਿਸਤਾਨ ਟਕਰਾਅ ਦੌਰਾਨ ਸ਼ਾਂਤੀ ਯਤਨਾਂ ਲਈ ਟਰੰਪ ਦੇ ਨਾਮ ਦੀ ਸਿਫ਼ਾਰਸ਼ ਕਰੇਗੀ। ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸ਼ਹਾਕ ਡਾਰ ਦੁਆਰਾ ਦਸਤਖ਼ਤ ਕੀਤੇ ਗਏ ਸਿਫਾਰਸ਼ ਪੱਤਰ ਨੂੰ ਨਾਰਵੇ ਵਿਚ ਨੋਬਲ ਸ਼ਾਂਤੀ ਪੁਰਸਕਾਰ ਕਮੇਟੀ ਨੂੰ ਭੇਜਿਆ ਗਿਆ ਹੈ। ਪਰ ਅਮਰੀਕਾ ਦੁਆਰਾ ਈਰਾਨ ਦੇ ਫੋਰਡੋ, ਇਸਫਹਾਨ ਅਤੇ ਨਤਾਨਜ਼ ਪ੍ਰਮਾਣੂ ਕੇਂਦਰਾਂ 'ਤੇ ਹਮਲਾ ਕਰਨ ਤੋਂ ਬਾਅਦ ਇਸ ਫੈਸਲੇ 'ਤੇ ਇਤਰਾਜ਼ ਆਉਣੇ ਸ਼ੁਰੂ ਹੋ ਗਏ ਹਨ।

'ਡਾਨ' ਅਖ਼ਬਾਰ ਨੇ ਲਿਖਿਆ ਕਿ ਕੁਝ ਪ੍ਰਮੁੱਖ ਸਿਆਸਤਦਾਨਾਂ ਨੇ ਤਾਜ਼ਾ ਘਟਨਾਕ੍ਰਮ ਦੇ ਮੱਦੇਨਜ਼ਰ ਸਰਕਾਰ ਤੋਂ ਆਪਣੇ ਫੈਸਲੇ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ। ਪ੍ਰਮੁੱਖ ਸੀਨੀਅਰ ਜਮੀਅਤ ਉਲੇਮਾ-ਏ-ਇਸਲਾਮ (ਜੇ.ਯੂ.ਆਈ.-ਐੱਫ.) ਨੇਤਾ ਮੌਲਾਨਾ ਫਜ਼ਲੁਰ ਰਹਿਮਾਨ ਨੇ ਸਰਕਾਰ ਤੋਂ ਆਪਣਾ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ। ਫਜ਼ਲ ਨੇ ਮਰੀ ਵਿਚ ਇੱਕ ਪਾਰਟੀ ਮੀਟਿੰਗ ਵਿਚ ਪਾਰਟੀ ਵਰਕਰਾਂ ਨੂੰ ਕਿਹਾ, "ਰਾਸ਼ਟਰਪਤੀ ਟਰੰਪ ਦਾ ਸ਼ਾਂਤੀ ਦਾ ਦਾਅਵਾ ਝੂਠਾ ਸਾਬਤ ਹੋ ਗਿਆ ਹੈ; ਨੋਬਲ ਪੁਰਸਕਾਰ ਦਾ ਪ੍ਰਸਤਾਵ ਵਾਪਸ ਲੈ ਲਿਆ ਜਾਣਾ ਚਾਹੀਦਾ ਹੈ।" ਫਜ਼ਲ ਮੁਤਾਬਕ, "ਟਰੰਪ ਨੇ ਫਲਸਤੀਨ, ਸੀਰੀਆ, ਲੇਬਨਾਨ ਅਤੇ ਈਰਾਨ 'ਤੇ ਇਜ਼ਰਾਈਲ ਦੇ ਹਮਲਿਆਂ ਦਾ ਸਮਰਥਨ ਕੀਤਾ ਹੈ। ਇਹ ਸ਼ਾਂਤੀ ਦਾ ਸੰਕੇਤ ਕਿਵੇਂ ਹੋ ਸਕਦਾ ਹੈ?" ਉਨ੍ਹਾਂ ਕਿਹਾ, "ਅਮਰੀਕਾ ਸ਼ਾਂਤੀ ਦਾ ਸਮਰਥਕ ਹੋਣ ਦਾ ਦਾਅਵਾ ਕਿਵੇਂ ਕਰ ਸਕਦਾ ਹੈ, ਜਦੋਂ ਉਸ ਦੇ ਹੱਥ ਅਫਗਾਨਾਂ ਅਤੇ ਫਲਸਤੀਨੀਆਂ ਦੇ ਖੂਨ ਨਾਲ ਰੰਗੇ ਹੋਏ ਹਨ?"

ਸਾਬਕਾ ਸੈਨੇਟਰ ਮੁਸ਼ਾਹਿਦ ਹੁਸੈਨ ਨੇ 'ਐਕਸ' 'ਤੇ ਲਿਖਿਆ, "ਕਿਉਂਕਿ ਟਰੰਪ ਹੁਣ ਸੰਭਾਵੀ ਸ਼ਾਂਤੀ ਨਿਰਮਾਤਾ ਨਹੀਂ ਹੈ, ਸਗੋਂ ਇੱਕ ਅਜਿਹਾ ਨੇਤਾ ਹੈ, ਜਿਸਨੇ ਜਾਣਬੁੱਝ ਕੇ ਇੱਕ ਗੈਰ-ਕਾਨੂੰਨੀ ਯੁੱਧ ਛੇੜਿਆ ਹੈ, ਇਸ ਲਈ ਪਾਕਿਸਤਾਨ ਸਰਕਾਰ ਨੂੰ ਹੁਣ ਨੋਬਲ ਪੁਰਸਕਾਰ ਲਈ ਆਪਣੇ ਨਾਮ ਦੀ ਸਿਫ਼ਾਰਸ਼ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ, ਰੱਦ ਕਰਨਾ ਚਾਹੀਦਾ ਹੈ!" ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਸੰਸਦ ਮੈਂਬਰ ਅਲੀ ਮੁਹੰਮਦ ਖਾਨ ਨੇ ਆਪਣੇ 'ਐਕਸ' ਅਕਾਊਂਟ 'ਤੇ "ਮੁੜ ਵਿਚਾਰ" ਲਿਖਿਆ।

# ਪਾਕਿਸਤਾਨ ਨੇ 24 ਜੁਲਾਈ ਤੱਕ ਭਾਰਤੀ ਜਹਾਜ਼ਾਂ ਲਈ ਹਵਾਈ ਖੇਤਰ ਕੀਤਾ ਬੰਦ

ਨਵੀਂ ਦਿੱਲੀ, (ਪੰਜਾਬ ਮੇਲ)- ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਅਤੇ ਪਾਕਿਸਤਾਨ ਦੇ ਸਬੰਧ ਸਭ ਤੋਂ ਮਾੜੇ ਹਨ। ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਦੀਆਂ ਨਾਪਾਕ ਗਤੀਵਿਧੀਆਂ ਜਾਰੀ ਹਨ। ਹੁਣ ਪਾਕਿਸਤਾਨ ਦੇ ਏਅਰਮੈਨ (ਐੱਨ.ਓ.ਟੀ.ਏ.ਐੱਮ.) ਨੂੰ ਇੱਕ ਨਵੇਂ ਨੋਟਿਸ ਦੇ ਅਨੁਸਾਰ, ਭਾਰਤੀ ਜਹਾਜ਼ਾਂ ਅਤੇ ਭਾਰਤੀ ਏਅਰਲਾਈਨਾਂ ਦੁਆਰਾ ਸੰਚਾਲਿਤ ਜਹਾਜ਼ਾਂ ਲਈ ਉਸਦਾ ਹਵਾਈ ਖੇਤਰ ਇੱਕ ਮਹੀਨੇ ਲਈ ਬੰਦ ਕਰ ਦਿੱਤਾ ਗਿਆ ਹੈ। ਇਹ ਫੈਸਲਾ 24 ਜੁਲਾਈ ਦੀ ਸਵੇਰ ਤੱਕ ਲਾਗੂ ਹੈ। ਗੁਆਂਢੀ ਦੇਸ਼ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤੀ ਜਹਾਜ਼ਾਂ ਅਤੇ ਭਾਰਤੀ ਏਅਰਲਾਈਨਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ।

ਇਸ ਤੋਂ ਬਾਅਦ, 30 ਅਪ੍ਰੈਲ ਨੂੰ, ਭਾਰਤ ਨੇ ਵੀ ਪਾਕਿਸਤਾਨੀ ਜਹਾਜ਼ਾਂ ਅਤੇ ਏਅਰਲਾਈਨਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ। ਫਿਰ 23 ਮਈ ਨੂੰ, ਦੋਵਾਂ ਦੇਸ਼ਾਂ ਨੇ ਹਵਾਈ ਖੇਤਰ ਬੰਦ ਕਰਨ ਦੀ ਮਿਆਦ ਇੱਕ ਮਹੀਨੇ ਲਈ ਵਧਾ ਦਿੱਤੀ, ਜੋ ਕਿ 24 ਜੂਨ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 5:29 ਵਜੇ ਤੱਕ ਹੈ। ਸੋਮਵਾਰ ਨੂੰ, ਪਾਕਿਸਤਾਨ ਦੇ ਹਵਾਬਾਜ਼ੀ ਅਧਿਕਾਰੀਆਂ ਨੇ ਹਵਾਈ ਖੇਤਰ ਬੰਦ ਕਰਨ ਦੀ ਪ੍ਰਭਾਵੀ ਮਿਆਦ ਨੂੰ ਛੱਡ ਕੇ ਪਿਛਲੇ ਨੋਟਿਸਾਂ ਦੇ ਅਨੁਸਾਰ ਇੱਕ ਨਵਾਂ ਐੱਨ.ਓ.ਟੀ.ਏ.ਐੱਮ. ਜਾਰੀ ਕੀਤਾ।

ਪਾਕਿਸਤਾਨੀ ਹਵਾਈ ਖੇਤਰ ਬੰਦ ਹੋਣ ਕਾਰਨ ਭਾਰਤੀ ਏਅਰਲਾਈਨਾਂ ਦੀਆਂ ਲਗਭਗ 800 ਉਡਾਣਾਂ ਨੂੰ ਯਾਤਰਾ ਵਿਚ ਵਧੇਰੇ ਸਮਾਂ ਲੱਗ ਰਿਹਾ ਹੈ। ਇਸ ਦੇ ਨਾਲ ਹੀ, ਵਧਦੀ ਈਂਧਨ ਦੀ ਖਪਤ ਅਤੇ ਚਾਲਕ ਦਲ ਅਤੇ ਉਡਾਣ ਦੇ ਸ਼ਡਿਊਲਿੰਗ ਨਾਲ ਸਬੰਧਤ ਕੁਝ ਹੋਰ ਮੁਸ਼ਕਲਾਂ ਕਾਰਨ ਉਡਾਣਾਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਇਸ ਕਾਰਨ ਯਾਤਰੀਆਂ ਦੀਆਂ ਜੇਬਾਂ ਵੀ ਢਿੱਲੀਆਂ ਹੋ ਰਹੀਆਂ ਹਨ।

ਫਲਾਈਟ ਟਰੈਕਿੰਗ ਡੇਟਾ ਦਰਸਾਉਂਦਾ ਹੈ ਕਿ ਏਅਰ ਇੰਡੀਆ ਦੀਆਂ ਉੱਤਰੀ ਅਮਰੀਕਾ ਜਾਣ ਅਤੇ ਜਾਣ ਵਾਲੀਆਂ ਕੁਝ ਬਹੁਤ-ਲੰਬੀ ਦੂਰੀ ਦੀਆਂ ਉਡਾਣਾਂ ਨੂੰ ਕੋਪਨਹੇਗਨ ਅਤੇ ਵਿਆਨਾ ਵਰਗੇ ਯੂਰਪੀਅਨ ਹਵਾਈ ਅੱਡਿਆਂ 'ਤੇ ਤਕਨੀਕੀ ਤੌਰ 'ਤੇ ਰੋਕਣਾ ਪਿਆ ਹੈ। ਜਦੋਂ ਪਾਕਿਸਤਾਨ ਨੇ 2019 ਵਿਚ ਚਾਰ ਮਹੀਨਿਆਂ ਤੋਂ ਵੱਧ ਸਮੇਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ, ਤਾਂ ਭਾਰਤੀ ਏਅਰਲਾਈਨਾਂ ਨੂੰ ਉੱਚ ਈਂਧਨ ਲਾਗਤਾਂ ਅਤੇ ਸੰਚਾਲਨ ਮੁਸ਼ਕਲਾਂ ਕਾਰਨ ਲਗਭਗ 700 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਸੀ। ਉਸ ਸਮੇਂ ਏਅਰ ਇੰਡੀਆ ਸਭ ਤੋਂ ਵੱਧ ਪ੍ਰਭਾਵਿਤ ਹੋਈ ਸੀ। ਇਹ ਇਕਲੌਤੀ ਭਾਰਤੀ ਏਅਰਲਾਈਨ ਸੀ ਅਤੇ ਅਜੇ ਵੀ ਹੈ, ਜੋ ਯੂਰਪ ਅਤੇ ਉੱਤਰੀ ਅਮਰੀਕਾ ਲਈ ਲੰਬੀ ਦੂਰੀ ਦੀਆਂ ਉਡਾਣਾਂ ਚਲਾਉਂਦੀ ਹੈ। ਮੰਨਿਆ ਜਾਂਦਾ ਹੈ ਕਿ ਏਅਰ ਇੰਡੀਆ ਨੇ ਸਰਕਾਰ ਨੂੰ ਸੂਚਿਤ ਕੀਤਾ ਹੈ ਕਿ ਪਾਕਿਸਤਾਨੀ ਹਵਾਈ ਖੇਤਰ ਬੰਦ ਹੋਣ ਨਾਲ ਏਅਰਲਾਈਨ ਨੂੰ ਸਾਲਾਨਾ ਆਧਾਰ 'ਤੇ ਲਗਭਗ $600 ਮਿਲੀਅਨ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ।

# ਆਰ.ਜੇ.ਡੀ. ਦੇ ਮੁੜ ਕੌਮੀ ਪ੍ਰਧਾਨ ਬਣੇ ਲਾਲੂ ਪ੍ਰਸਾਦ ਯਾਦਵ



ਪਟਨਾ, (ਪੰਜਾਬ ਮੇਲ)- ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਬਾਨੀ ਲਾਲੂ ਪ੍ਰਸਾਦ ਯਾਦਵ ਨੂੰ ਮੁੜ ਪਾਰਟੀ ਦਾ ਕੌਮੀ ਪ੍ਰਧਾਨ ਚੁਣਿਆ ਗਿਆ ਹੈ। ਪਾਰਟੀ ਦੇ ਸੰਗਠਨਾਤਮਕ ਚੋਣ ਲਈ ਚੋਣ ਅਧਿਕਾਰੀ ਰਾਮਚੰਦਰ ਪੁਰਬੇ ਨੇ ਇੱਥੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਪ੍ਰਸਾਦ ਇਸ ਅਹੁਦੇ ਲਈ ਇੱਕੋ-ਇੱਕ ਉਮੀਦਵਾਰ ਸਨ, ਜਿਨ੍ਹਾਂ ਨੇ ਬੀਤੇ ਦਿਨੀਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ ਅਤੇ ਜਾਂਚ ਦੌਰਾਨ ਇਹ ਸਹੀ ਪਾਏ ਗਏ। ਪੁਰਬੇ ਨੇ ਕਿਹਾ, 'ਇਸ ਦਾ ਰਸਮੀ ਐਲਾਨ 5 ਜੁਲਾਈ ਨੂੰ ਪਾਰਟੀ ਦੀ ਨੈਸ਼ਨਲ ਕੌਂਸਲ ਦੀ ਮੀਟਿੰਗ ਦੌਰਾਨ ਕੀਤਾ ਜਾਵੇਗਾ। ਇਸ ਦੌਰਾਨ ਲਾਲੂ ਪ੍ਰਸਾਦ ਨੂੰ ਚੋਣ ਦਾ ਸਰਟੀਫਿਕੇਟ ਵੀ ਦਿੱਤਾ ਜਾਵੇਗਾ।' ਇਸ ਦੌਰਾਨ ਬਿਹਾਰ ਵਿਚ ਸੱਤਾਧਾਰੀ ਐੱਨ.ਡੀ.ਏ. ਨੇ ਵਿਰੋਧੀ ਪਾਰਟੀ 'ਤੇ ਨਿਸ਼ਾਨਾ ਸੇਧਦਿਆਂ ਦਾਅਵਾ ਕੀਤਾ ਕਿ ਲਾਲੂ ਦੀ ਦੁਬਾਰਾ ਚੋਣ ਸਾਬਤ ਕਰਦੀ ਹੈ ਕਿ 28 ਸਾਲਾ ਤੋਂ ਆਰ.ਜੇ.ਡੀ. ਇੱਕ ਪਰਿਵਾਰ ਵੱਲੋਂ ਹੀ ਚਲਾਈ ਜਾ ਰਹੀ ਹੈ। ਜਨਤਾ ਦਲ ਯੂਨਾਈਟਿਡ (ਜੇ.ਡੀ.-ਯੂ) ਦੇ ਕੌਮੀ ਤਰਜਮਾਨ ਰਾਜੀਵ ਰੰਜਨ ਪ੍ਰਸਾਦ ਨੇ ਦੋਸ਼ ਲਾਇਆ ਕਿ ਆਰ.ਜੇ.ਡੀ. ਮੁਖੀ ਦੇ ਪੁੱਤਰ ਅਤੇ ਉੱਤਰਾਧਿਕਾਰੀ ਤੇਜਸਵੀ ਯਾਦਵ 'ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿਆਸਤ ਵਿਚ ਨੈਤਿਕਤਾ ਦੇ ਮੁੱਦੇ 'ਤੇ ਘੇਰਨਾ ਪਸੰਦ ਕਰਦੇ ਹਨ, ਪਰ ਉਨ੍ਹਾਂ (ਤੇਜਸਵੀ) ਅਤੇ ਉਨ੍ਹਾਂ ਦੇ ਪਰਿਵਾਰ ਵਿਚ ਸਪਸ਼ਟ ਤੌਰ 'ਤੇ ਨੈਤਿਕਤਾ ਦੀ ਘਾਟ ਹੈ।'

# ਗਾਜ਼ਾ 'ਚ ਭੋਜਨ ਦੀ ਆਸ 'ਚ ਫਲਸਤੀਨੀ ਰੋਜ਼ਾਨਾ ਲਗਾ ਰਹੇ ਨੇ ਜਾਨ ਦੀ ਬਾਜ਼ੀ

■ ਖੁਰਾਕੀ ਵਸਤਾਂ ਲੈਣ ਲਈ ਸਹਾਇਤਾ ਕੇਂਦਰਾਂ ਵੱਲ ਵਧਦੀ ਭੀੜ 'ਤੇ ਇਜ਼ਰਾਈਲੀ ਫ਼ੌਜੀ ਕਰ ਦਿੰਦੇ ਨੇ ਗੋਲੀਬਾਰੀ;

■ ਰਸਦ ਹਾਸਲ ਕਰਨ ਵਾਲਿਆਂ 'ਤੇ ਚੋਰ ਕਰ ਰਹੇ ਨੇ ਹਮਲੇ



ਗਾਜ਼ਾ ਸਿਟੀ 'ਚ ਖਾਣਾ ਹਾਸਲ ਕਰਨ ਲਈ ਜੱਦੋ-ਜਹਿਦ ਕਰਦੇ ਹੋਏ ਫਲਸਤੀਨੀ ਲੋਕ।

ਖ਼ਾਨ ਯੂਨਿਸ (ਗਾਜ਼ਾ ਪੱਟੀ), (ਪੰਜਾਬ ਮੇਲ)- ਗਾਜ਼ਾ ਵਿਚ ਫਲਸਤਨੀਆਂ ਨੂੰ ਭੋਜਨ ਲੈਣ ਦੀ ਆਸ ਵਿਚ ਰੋਜ਼ਾਨਾ ਜਾਨ ਦੀ ਬਾਜ਼ੀ ਲਗਾਉਣੀ ਪੈਂਦੀ ਹੈ। ਉਹ ਕਹਿੰਦੇ ਹਨ ਕਿ ਇਜ਼ਰਾਈਲੀ ਫ਼ੌਜੀ ਭੋਜਨ ਜਾਂ ਖੁਰਾਕੀ ਵਸਤਾਂ ਹਾਸਲ ਕਰਨ ਲਈ ਸਹਾਇਤਾ ਕੇਂਦਰਾਂ ਵੱਲ ਵਧਣ ਸਮੇਂ ਫੌਜੀ ਖੇਤਰਾਂ ਨੂੰ ਪਾਰ ਕਰਨ ਵਾਲੀ ਭੀੜ 'ਤੇ ਗੋਲੀਆਂ ਦੀ ਬੁਛਾੜ ਕਰ ਦਿੰਦੇ ਹਨ, ਜੇ ਲੋਕ ਭੋਜਨ ਹਾਸਲ ਕਰਨ ਵਿਚ ਸਫ਼ਲ ਵੀ ਹੋ ਜਾਂਦੇ ਹਨ ਤਾਂ ਹਥਿਆਰਬੰਦ ਚੋਰ ਭੋਜਨ ਹਾਸਲ ਕਰਨ ਵਾਲਿਆਂ 'ਤੇ ਘਾਤ ਲਗਾ ਕੇ ਹਮਲਾ ਕਰਨ ਦਾ ਮੌਕਾ ਦੇਖਦੇ ਰਹਿੰਦੇ ਹਨ।

ਫਲਸਤੀਨੀਆਂ ਦਾ ਕਹਿਣਾ ਹੈ ਕਿ ਬਦਅਮਨੀ ਵੱਧ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦਾ ਪੇਟ ਭਰਨ ਲਈ ਦੌੜ 'ਚ ਸ਼ਾਮਲ ਹੋਣ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ। ਕੁਝ ਖੁਸ਼ਕਿਸਮਤ ਲੋਕ ਦਾਲ ਦੇ ਕੁਝ ਪੈਕੇਟ, ਨਿਊਟੇਲਾ ਦੀ ਇਕ ਬੋਤਲ ਜਾਂ ਆਟੇ ਦੀ ਥੈਲੀ ਹਾਸਲ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਕਈ ਲੋਕ ਖਾਲੀ ਹੱਥ ਪਰਤਦੇ ਹਨ ਅਤੇ ਅਗਲੇ ਦਿਨ ਮੁੜ ਤੋਂ ਇਹੀ ਕਸ਼ਟ ਸਹਿਣਾ ਪੈਂਦਾ ਹੈ।

ਜਾਮਿਲ ਅਤੀਲੀ ਨੇ ਕਿਹਾ, "ਇਹ ਸਹਾਇਤਾ ਨਹੀਂ ਹੈ। ਇਹ ਅਪਮਾਨ ਹੈ।" ਜਦੋਂ ਉਹ ਪਿਛਲੇ ਹਫ਼ਤੇ ਗਾਜ਼ਾ ਹਿਊਮੈਨੇਟੇਰੀਅਨ ਫਾਊਂਡੇਸ਼ਨ ਵੱਲੋਂ ਚਲਾਏ ਜਾਂਦੇ ਇਕ ਖੁਰਾਕ ਕੇਂਦਰ 'ਤੇ ਭੋਜਨ ਲੈਣ ਗਿਆ, ਤਾਂ ਭੋਜਨ ਹਾਸਲ ਕਰਨ ਲਈ ਹੁੰਦੀ ਜ਼ੋਰ-ਅਜ਼ਮਾਇਸ਼ ਦੌਰਾਨ ਉਸ ਦੇ ਚਿਹਰੇ 'ਤੇ ਚਾਕੂ ਦਾ ਕੱਟ ਲੱਗ ਗਿਆ ਸੀ। ਇਕ ਠੇਕੇਦਾਰ ਦੇ ਗਾਰਡ ਨੇ ਉਸ ਦੇ ਚਿਹਰੇ 'ਤੇ ਕਾਲੀ ਮਿਰਚਾਂ ਦਾ ਪਾਊਡਰ ਸਪਰੇਅ ਕਰ ਦਿੱਤਾ ਸੀ। ਫਿਰ ਵੀ, ਉਹ ਆਪਣੇ 13 ਪਰਿਵਾਰਕ ਮੈਂਬਰਾਂ ਲਈ ਕੁਝ ਹਾਸਲ ਨਹੀਂ ਕਰ ਸਕਿਆ। ਉਸ ਨੇ ਰੋਂਦੇ ਹੋਏ ਕਿਹਾ, "ਮੇਰੇ ਕੋਲ ਆਪਣੇ ਬੱਚਿਆਂ ਨੂੰ ਖੁਆਉਣ ਲਈ ਕੁਝ ਨਹੀਂ ਹੈ। ਮੇਰਾ ਦਿਲ ਟੁੱਟ ਗਿਆ ਹੈ।" ਇਜ਼ਰਾਈਲ ਨੇ ਪਿਛਲੇ ਮਹੀਨੇ ਗਾਜ਼ਾ ਵਿਚ ਖੁਰਾਕੀ ਵਸਤਾਂ ਦੀ ਸਪਲਾਈ 10 ਹਫ਼ਤੇ ਤੱਕ ਪੂਰੀ ਤਰ੍ਹਾਂ ਬੰਦ ਰੱਖਣ ਮਗਰੋਂ ਮੁੜ ਤੋਂ ਸ਼ੁਰੂ ਕੀਤੀ ਹੈ। ਹਾਲਾਂਕਿ, ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਭੁੱਖਮਰੀ ਨੂੰ ਖ਼ਤਮ ਕਰਨ ਲਈ ਕਾਫ਼ੀ ਨਹੀਂ ਹੈ। ਜ਼ਿਆਦਾਤਰ ਸਪਲਾਈ ਜੀ.ਐੱਚ.ਐੱਫ. ਨੂੰ ਜਾਂਦੀ ਹੈ, ਜੋ ਕਿ ਇਜ਼ਰਾਈਲੀ ਫੌਜੀ ਖੇਤਰਾਂ ਦੇ ਅੰਦਰ ਚਾਰ ਖੁਰਾਕ ਵੰਡ ਕੇਂਦਰ ਚਲਾਉਂਦਾ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਮੁਤਾਬਕ, ਪਿਛਲੇ ਹਫਤਿਆਂ ਵਿਚ ਜੀ.ਐੱਚ.ਐੱਫ. ਕੇਂਦਰਾਂ ਵੱਲ ਜਾਣ ਵਾਲੀਆਂ ਸੜਕਾਂ 'ਤੇ ਭੀੜ ਉੱਪਰ ਇਜ਼ਰਾਈਲੀ ਫੌਜੀਆਂ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਕਈ ਸੌ ਲੋਕ ਮਾਰੇ ਜਾ ਚੁੱਕੇ ਹਨ ਅਤੇ ਸੈਂਕੜੇ ਜ਼ਖ਼ਮੀ ਵੀ ਹੋਏ ਹਨ। ਨਾਲ ਹੀ, ਪਿਛਲੇ ਹਫਤਿਆਂ ਵਿਚ ਭੁੱਖੀ ਭੀੜ ਨੇ ਸੰਯੁਕਤ ਰਾਸ਼ਟਰ ਦੇ ਜ਼ਿਆਦਾਤਰ ਟਰੱਕਾਂ ਦੇ ਕਾਫਲਿਆਂ 'ਤੇ ਕਬਜ਼ਾ ਕਰ ਲਿਆ ਅਤੇ ਸਪਲਾਈ ਲਈ ਆਈ ਰਸਦ ਲੁੱਟ ਲਈ। ਪ੍ਰਤੱਖਦਰਸ਼ੀਆਂ ਦਾ ਕਹਿਣਾ ਹੈ ਕਿ ਇਜ਼ਰਾਈਲੀ ਫੌਜੀਆਂ ਨੇ ਫੌਜੀ ਖੇਤਰਾਂ ਕੋਲ ਟਰੱਕਾਂ ਦਾ ਇੰਤਜ਼ਾਰ ਕਰ ਰਹੀ ਭੀੜ ਨੂੰ ਖਿੰਡਾਉਣ ਲਈ ਗੋਲੀਬਾਰੀ ਕੀਤੀ ਹੈ।

# ਅਮਰੀਕੀ ਟੈਰਿਫ ਦੇ ਵਿਰੁੱਧ ਖੜ੍ਹੇ ਹੋਏ ਬ੍ਰਿਕਸ ਦੇਸ਼; ਨਵੀਂ ਯੋਜਨਾ ਬਣਾਈ

**ਨਵੀਂ ਦਿੱਲੀ, (ਪੰਜਾਬ ਮੇਲ)-** ਜਿੱਥੇ ਇੱਕ ਪਾਸੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗ ਖਤਮ ਨਹੀਂ ਹੋ ਰਹੀ ਹੈ। ਦੂਜੇ ਪਾਸੇ, ਇੱਕ ਹੋਰ ਨਵੇਂ ਯੁੱਧ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਯੁੱਧ ਵਿਚ, ਪੰਜ ਦੇਸ਼ ਅਮਰੀਕਾ ਦੇ ਵਿਰੁੱਧ ਖੜ੍ਹੇ ਹੋ ਗਏ ਹਨ। ਇਨ੍ਹਾਂ ਪੰਜ ਦੇਸ਼ਾਂ ਨੇ ਇਸ ਨਵੀਂ ਜੰਗ ਦੀ ਪੂਰੀ ਰੂਪ-ਰੇਖਾ ਵੀ ਤਿਆਰ ਕੀਤੀ ਹੈ ਅਤੇ ਇਸਦਾ ਖੁੱਲ੍ਹ ਕੇ ਐਲਾਨ ਕੀਤਾ ਹੈ। ਦਰਅਸਲ, ਪੰਜ ਦੇਸ਼ਾਂ ਦੇ ਸਮੂਹ ਨੇ ਅਮਰੀਕਾ ਦੇ ਟੈਰਿਫ ਦੇ ਵਿਰੁੱਧ ਖੁੱਲ੍ਹ ਕੇ ਐਲਾਨ ਕੀਤਾ ਹੈ। ਹੁਣ ਉਹ ਅਜਿਹੀ ਜੰਗ ਦੀ ਤਿਆਰੀ ਕਰ ਰਹੇ ਹਨ, ਜੋ ਪਹਿਲਾਂ ਕਦੇ ਨਹੀਂ ਦੇਖੀ ਗਈ। ਇਹ ਉਹ ਪੰਜ ਦੇਸ਼ ਹਨ, ਜੋ ਆਉਣ ਵਾਲੇ ਦਿਨਾਂ ਵਿਚ ਵਿਸ਼ਵ ਅਰਥਵਿਵਸਥਾ 'ਤੇ ਰਾਜ ਕਰ ਸਕਦੇ ਹਨ।

ਦੁਨੀਆਂ ਦੇ ਸਭ ਤੋਂ ਵੱਡੇ ਸਮੂਹਾਂ ਵਿਚੋਂ ਇੱਕ, ਬ੍ਰਿਕਸ ਦੇ ਚੋਟੀ ਦੇ ਨੇਤਾਵਾਂ ਦੇ ਸੰਮੇਲਨ ਲਈ ਰੀਓ ਡੀ ਜਨੇਰੀਓ ਪਹੁੰਚਣ ਤੋਂ ਕੁਝ ਹਫ਼ਤੇ ਪਹਿਲਾਂ, ਸਮੂਹ ਦੇ ਪ੍ਰਮੁੱਖ ਮੈਂਬਰ ਦੇਸ਼ਾਂ ਦੇ ਰਾਜਦੂਤਾਂ ਨੇ ਸੰਕੇਤ ਦਿੱਤਾ ਸੀ ਕਿ ਟਰੰਪ ਪ੍ਰਸ਼ਾਸਨ ਦੀ ਟੈਰਿਫ 'ਤੇ ਹਮਲਾਵਰ ਨੀਤੀ ਦੇ ਮੱਦੇਨਜ਼ਰ, ਉਹ

**■ ਸ਼ੁਰੂ ਹੋਈ ਇੱਕ ਨਵੇਂ ਯੁੱਧ ਦੀ ਤਿਆਰੀ !**

ਵਪਾਰ ਲਈ ਰਾਸ਼ਟਰੀ ਮੁਦਰਾ ਦੀ ਵਧੇਰੇ ਵਰਤੋਂ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਨ। ਰੂਸੀ ਰਾਜਦੂਤ ਡੇਨਿਸ ਅਲੀਪੋਵ ਨੇ ਬ੍ਰਿਕਸ ਮੈਂਬਰ ਦੇਸ਼ਾਂ ਵਿਚ ਆਪਸੀ ਮੁਦਰਾ ਵਿਚ ਵਪਾਰ ਲਈ ਆਪਣੇ ਮਜ਼ਬੂਤ ਸਮਰਥਨ ਦੀ ਪੁਸ਼ਟੀ ਕੀਤੀ ਅਤੇ ਸਮੂਹ ਨੂੰ ਵੱਡੀਆਂ ਚੁਣੌਤੀਆਂ ਦੇ ਸਾਂਝੇ ਹੱਲਾਂ 'ਤੇ ਚਰਚਾ ਕਰਨ ਲਈ ਇੱਕ ਗੰਭੀਰ ਪਲੇਟਫਾਰਮ ਕਿਹਾ।

ਸਿਖਰ ਸੰਮੇਲਨ ਵਿਚ ਪ੍ਰਸਤਾਵਿਤ ਬ੍ਰਿਕਸ ਕਰੰਸੀ 'ਤੇ ਕੋਈ ਮਹੱਤਵਪੂਰਨ ਪ੍ਰਗਤੀ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਇਸ ਲਈ ਮਹੱਤਵਪੂਰਨ ਢਾਂਚਾਗਤ ਬਦਲਾਅ ਅਤੇ ਸੁਧਾਰਾਂ ਦੀ ਲੋੜ ਹੋਵੇਗੀ। ਪਿਛਲੇ ਕੁਝ ਮਹੀਨਿਆਂ ਵਿਚ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਕਸ ਮੈਂਬਰ ਦੇਸ਼ਾਂ ਨੂੰ ਅਮਰੀਕੀ ਡਾਲਰ ਦੀ ਥਾਂ 'ਤੇ ਬ੍ਰਿਕਸ ਮੁਦਰਾ ਪੇਸ਼ ਕਰਨ ਵਿਰੁੱਧ ਚੇਤਾਵਨੀ ਦਿੱਤੀ ਹੈ। ਅਲੀਪੋਵ ਨੇ ਸ਼ੁੱਕਰਵਾਰ ਸ਼ਾਮ ਨੂੰ ਰੀਓ ਵਿਚ ਬ੍ਰਿਕਸ: ਬਿਲਡਿੰਗ ਐਨ ਇਨਕਲੂਸਿਵ ਐਂਡ ਸਸਟੇਨੇਬਲ ਵਰਲਡ ਆਰਡਰ ਸਿਰਲੇਖ ਵਾਲੀ ਇੱਕ ਕਾਨਫਰੰਸ ਵਿਚ ਕਿਹਾ, ਬ੍ਰਿਕਸ ਇੱਕ ਵਿਰੋਧੀ ਸਮੂਹ ਨਹੀਂ ਹੈ। ਇਹ ਉਨ੍ਹਾਂ ਦੇਸ਼ਾਂ ਲਈ ਗੁਰੂਤਾ ਦਾ ਕੇਂਦਰ ਹੈ, ਜੋ ਆਪਸੀ ਸਤਿਕਾਰ ਅਤੇ ਗੈਰ-ਦਖਲਅੰਦਾਜ਼ੀ ਚਾਹੁੰਦੇ ਹਨ।

ਇਹ ਕਾਨਫਰੰਸ ਭਾਰਤ ਵਿਚ ਬ੍ਰਾਜ਼ੀਲ ਦੇ ਦੂਤਾਵਾਸ ਅਤੇ ਗਲੋਬਲ ਮਾਮਲਿਆਂ 'ਤੇ ਕੇਂਦ੍ਰਿਤ ਇੱਕ ਪ੍ਰਮੁੱਖ ਖੋਜ ਸੰਸਥਾ ਸੈਂਟਰ ਫਾਰ ਗਲੋਬਲ ਇੰਡੀਆ ਇਨਸਾਈਟਸ (ਸੀ.ਜੀ.ਆਈ.ਆਈ.) ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਕੀਤੀ ਗਈ ਸੀ। ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ) ਸੰਮੇਲਨ 6 ਅਤੇ 7 ਜੁਲਾਈ ਨੂੰ ਰੀਓ ਡੀ ਜਨੇਰੀਓ ਵਿਚ ਹੋਵੇਗਾ। ਬ੍ਰਾਜ਼ੀਲ ਇਸ ਪ੍ਰਭਾਵਸ਼ਾਲੀ ਸਮੂਹ ਦੇ ਚੇਅਰਮੈਨ ਵਜੋਂ ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਅਤੇ ਸਮੂਹ ਦੇ ਮੈਂਬਰ ਦੇਸ਼ਾਂ ਦੇ ਕਈ ਹੋਰ ਨੇਤਾਵਾਂ ਦੇ ਇਸ ਸੰਮੇਲਨ ਵਿਚ ਸ਼ਾਮਲ ਹੋਣ ਦੀ ਉਮੀਦ ਹੈ।

# ਪਾਕਿਸਤਾਨ ਵੱਲੋਂ ਈਰਾਨ 'ਤੇ ਅਮਰੀਕੀ ਹਮਲੇ ਦੀ ਸਖਤ ਨਿੰਦਾ

**ਇਸਲਾਮਾਬਾਦ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਾਰੀਫ਼ਾਂ ਕਰਨ ਵਾਲੇ ਪਾਕਿਸਤਾਨ ਦੇ ਸੁਰ ਅਚਾਨਕ ਬਦਲ ਗਏ ਹਨ। ਹੁਣ ਪਾਕਿਸਤਾਨ ਨੇ ਈਰਾਨ 'ਤੇ ਅਮਰੀਕਾ ਦੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਪਾਕਿਸਤਾਨ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਕੀਤਾ ਗਿਆ ਇਹ ਹਮਲਾ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ। ਈਰਾਨ ਦੇ ਪ੍ਰਮਾਣੂ ਠਿਕਾਣਿਆਂ 'ਤੇ ਹਮਲਾ ਗਲਤ ਹੈ। ਇੱਥੇ ਦੱਸੀਏ ਕਿ ਪਾਕਿਸਤਾਨ ਈਰਾਨ 'ਤੇ ਅਮਰੀਕੀ ਹਮਲੇ ਦੀ ਨਿੰਦਾ ਕਰਨ ਵਾਲਾ ਪਹਿਲਾ ਦੇਸ਼ ਨਹੀਂ ਹੈ। ਪਾਕਿਸਤਾਨ ਤੋਂ ਪਹਿਲਾਂ ਸਾਊਦੀ ਅਰਬ, ਕਿਊਬਾ ਅਤੇ ਚਿਲੀ ਨੇ ਵੀ ਇਸ ਹਮਲੇ ਦੀ ਨਿੰਦਾ ਕੀਤੀ ਹੈ। ਦੂਜੇ ਪਾਸੇ ਯੂ.ਕੇ. ਅਤੇ ਯੂਰਪੀਅਨ ਯੂਨੀਅਨ ਨੇ ਅਮਰੀਕਾ ਦੇ ਇਸ ਹਮਲੇ ਨੂੰ ਜਾਇਜ਼ ਠਹਿਰਾਇਆ ਹੈ।

ਯੂ.ਕੇ. ਨੇ ਅਮਰੀਕਾ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਜੋ ਕੁਝ ਵੀ ਕੀਤਾ ਗਿਆ ਹੈ, ਉਹ ਸਹੀ ਹੈ ਅਤੇ ਸਾਨੂੰ ਲੱਗਦਾ ਹੈ ਕਿ ਈਰਾਨ ਨੂੰ ਗੱਲਬਾਤ ਲਈ ਇੱਕ ਮੇਜ਼ 'ਤੇ ਆਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਯੂਰਪੀਅਨ ਯੂਨੀਅਨ ਨੇ ਅਮਰੀਕੀ ਹਮਲੇ ਨੂੰ ਜਾਇਜ਼ ਠਹਿਰਾਇਆ ਅਤੇ ਕਿਹਾ ਕਿ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਅੰਤਰਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੋਵੇਗਾ। ਈਰਾਨ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕੀਤਾ ਹੈ, ਜਿਸ ਵਿਚ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਇਸ ਨਾਲ ਖੇਤਰ ਵਿਚ ਤਣਾਅ ਹੋਰ ਵਧ ਸਕਦਾ ਹੈ, ਜਿਸ ਕਾਰਨ ਅਸੀਂ ਬਹੁਤ ਚਿੰਤਤ ਹਾਂ। ਤੁਹਾਨੂੰ ਦੱਸ ਦੇਈਏ ਕਿ ਪਾਕਿਸਤਾਨ ਅਤੇ ਈਰਾਨ 900 ਕਿਲੋਮੀਟਰ ਦੀ ਸਰਹੱਦ ਸਾਂਝੀ ਕਰਦੇ ਹਨ। ਪਾਕਿਸਤਾਨ ਨੇ ਕਿਹਾ, "ਅਮਰੀਕਾ ਨੇ ਇਸ ਹਮਲੇ ਨਾਲ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕੀਤੀ ਹੈ। ਸੰਯੁਕਤ ਰਾਸ਼ਟਰ ਚਾਰਟਰ ਅਨੁਸਾਰ ਈਰਾਨ ਨੂੰ ਆਪਣਾ ਬਚਾਅ ਕਰਨ ਦਾ ਪੂਰਾ ਅਧਿਕਾਰ ਹੈ।"

ਪਾਕਿਸਤਾਨ ਵਿਦੇਸ਼ ਮੰਤਰਾਲੇ ਅਨੁਸਾਰ ਈਰਾਨ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਹਿੰਸਾ ਅਤੇ ਚਿੰਤਾ ਨੂੰ ਜਨਮ ਦੇ ਰਹੀ ਹੈ। ਅਸੀਂ ਇਸ ਤੋਂ ਬਹੁਤ ਪਰੇਸ਼ਾਨ ਹਾਂ। ਜੇਕਰ ਇਹ ਤਣਾਅ ਹੋਰ ਵਧਦਾ ਹੈ, ਤਾਂ ਇਸਦੇ ਨੁਕਸਾਨਦੇਹ ਨਤੀਜੇ ਪੂਰੇ ਖੇਤਰ ਵਿਚ ਦੇਖੇ ਜਾ ਸਕਦੇ ਹਨ। ਪਾਕਿਸਤਾਨ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਇਸਨੇ ਇੱਕ ਦਿਨ ਪਹਿਲਾਂ ਹੀ ਅਧਿਕਾਰਤ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਾਲ 2026 ਲਈ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਸੀ।

# ਈਰਾਨ 'ਤੇ ਅਮਰੀਕੀ ਹਮਲੇ : ਆਸਟ੍ਰੇਲੀਆ-ਚੀਨ ਸਮੇਤ ਵੱਖ-ਵੱਖ ਦੇਸ਼ਾਂ ਵੱਲੋਂ ਕੂਟਨੀਤਕ ਹੱਲ ਦੀ ਬੇਨਤੀ

ਵਾਸ਼ਿੰਗਟਨ, (ਪੰਜਾਬ ਮੇਲ)- ਈਰਾਨ 'ਤੇ ਅਮਰੀਕੀ ਹਮਲੇ ਤੋਂ ਬਾਅਦ ਖੇਤਰ ਵਿਚ ਯੁੱਧ ਵਧਣ ਦੀ ਸੰਭਾਵਨਾ ਦੇ ਮੱਦੇਨਜ਼ਰ ਵੱਖ-ਵੱਖ ਦੇਸ਼ਾਂ ਨੇ ਕੂਟਨੀਤਕ ਹੱਲ ਲੱਭਣ ਅਤੇ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਸੀ ਕਿ ਉਹ ਈਰਾਨ ਵਿਰੁੱਧ ਜੰਗ ਵਿਚ ਇਜ਼ਰਾਈਲ ਦਾ ਸਮਰਥਨ ਕਰਨ ਬਾਰੇ ਦੋ ਹਫ਼ਤਿਆਂ ਵਿਚ ਫੈਸਲਾ ਲੈਣਗੇ। ਹਾਲਾਂਕਿ, ਉਨ੍ਹਾਂ ਨੇ ਸਿਰਫ ਦੋ ਦਿਨਾਂ ਵਿਚ ਫੈਸਲਾ ਲਿਆ ਅਤੇ ਅਮਰੀਕਾ ਇਜ਼ਰਾਈਲ ਦੀ ਮੁਹਿੰਮ ਵਿਚ ਸ਼ਾਮਲ ਹੋ ਗਿਆ ਅਤੇ ਐਤਵਾਰ ਦੀ ਸਵੇਰ ਈਰਾਨ 'ਤੇ ਹਮਲਾ ਕਰ ਦਿੱਤਾ। ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਅਮਰੀਕੀ ਹਮਲਿਆਂ ਨੇ ਈਰਾਨ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਹੈ। ਇਸ ਤੋਂ ਪਹਿਲਾਂ ਈਰਾਨ ਨੇ ਕਿਹਾ ਸੀ ਕਿ ਜੇਕਰ ਅਮਰੀਕਾ ਇਜ਼ਰਾਈਲ ਦਾ ਸਮਰਥਨ ਕਰਦਾ ਹੈ, ਤਾਂ ਉਹ ਸਖ਼ਤ ਜਵਾਬੀ ਕਾਰਵਾਈ ਕਰੇਗਾ।

ਅਮਰੀਕੀ ਹਮਲਿਆਂ ਤੋਂ ਬਾਅਦ ਵੱਖ-ਵੱਖ ਦੇਸ਼ਾਂ ਅਤੇ ਸੰਗਠਨਾਂ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਹੈ ਕਿ ਉਹ ਈਰਾਨ ਦੇ ਪ੍ਰਮਾਣੂ ਕੇਂਦਰਾਂ 'ਤੇ ਅਮਰੀਕੀ ਬੰਬ ਹਮਲਿਆਂ ਤੋਂ ਬਹੁਤ ਚਿੰਤਤ ਹਨ। ਗੁਟੇਰੇਸ ਨੇ ਇੱਕ ਬਿਆਨ ਵਿਚ ਕਿਹਾ, "ਇਸ ਗੱਲ ਦਾ ਖ਼ਤਰਾ ਹੈ ਕਿ ਇਹ ਟਕਰਾਅ ਤੇਜ਼ੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ, ਜਿਸਦੇ ਨਾਗਰਿਕਾਂ, ਖੇਤਰ ਅਤੇ ਦੁਨੀਆਂ ਲਈ ਵਿਨਾਸ਼ਕਾਰੀ ਨਤੀਜੇ ਹੋਣਗੇ।" ਉਸਨੇ ਐਕਸ 'ਤੇ ਲਿਖਿਆ, "ਮੈਂ ਮੈਂਬਰ ਦੇਸ਼ਾਂ ਨੂੰ ਤਣਾਅ ਘਟਾਉਣ ਦੀ ਅਪੀਲ ਕਰਦਾ ਹਾਂ। ਕੋਈ ਫੌਜੀ ਹੱਲ ਨਹੀਂ ਹੈ। ਕੂਟਨੀਤੀ ਹੀ ਇੱਕੋ ਇੱਕ ਹੱਲ ਹੈ।"

ਨਿਊਜ਼ੀਲੈਂਡ ਦੇ ਵਿਦੇਸ਼ ਮੰਤਰੀ ਵਿੰਸਟਨ ਪੀਟਰਸ ਨੇ ਐਤਵਾਰ ਨੂੰ "ਸਾਰੀਆਂ ਧਿਰਾਂ ਨੂੰ ਗੱਲਬਾਤ ਵਿਚ ਵਾਪਸ ਆਉਣ" ਦੀ ਅਪੀਲ ਕੀਤੀ। ਉਸਨੇ ਪੱਤਰਕਾਰਾਂ ਨੂੰ ਇਹ ਨਹੀਂ ਦੱਸਿਆ ਕਿ ਕੀ ਨਿਊਜ਼ੀਲੈਂਡ ਨੇ ਰਾਸ਼ਟਰਪਤੀ ਟਰੰਪ ਦੀਆਂ ਕਾਰਵਾਈਆਂ ਦਾ ਸਮਰਥਨ ਕੀਤਾ ਹੈ। ਉਸਨੇ ਕਿਹਾ ਕਿ "ਸੰਕਟ "ਸਭ ਤੋਂ ਗੰਭੀਰ ਸੀ ਜਿਸਦਾ ਅਸੀਂ ਕਦੇ ਸਾਹਮਣਾ ਕੀਤਾ ਹੈ ਅਤੇ ਇਸਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ।" ਉਸ ਨੇ ਕਿਹਾ, "ਕੂਟਨੀਤੀ ਫੌਜੀ ਕਾਰਵਾਈ ਨਾਲੋਂ ਵਧੇਰੇ ਸਥਾਈ ਹੱਲ ਪ੍ਰਦਾਨ ਕਰੇਗੀ।" ਚੀਨ ਦੇ ਸਰਕਾਰੀ ਮੀਡੀਆ ਨੇ ਸਵਾਲ ਕੀਤਾ ਕਿ ਕੀ ਅਮਰੀਕਾ ਈਰਾਨ ਵਿਚ ਉਹੀ ਗਲਤੀ ਦੁਹਰਾ ਰਿਹਾ ਹੈ, ਜੋ ਉਸਨੇ ਇਰਾਕ ਵਿਚ ਕੀਤੀ ਸੀ। ਚੀਨ ਦੇ ਸਰਕਾਰੀ ਪ੍ਰਸਾਰਕ ਦੀ ਵਿਦੇਸ਼ੀ ਭਾਸ਼ਾ ਦੀ ਸ਼ਾਖਾ ਸੀ.ਜੀ.ਟੀ.ਐੱਨ. ਦੁਆਰਾ ਇੱਕ ਆਨਲਾਈਨ ਲੇਖ ਨੇ ਕਿਹਾ ਕਿ ਅਮਰੀਕੀ ਹਮਲੇ ਇੱਕ ਖਤਰਨਾਕ ਮੋੜ ਨੂੰ ਦਰਸਾਉਂਦੇ ਹਨ। ਲੇਖ ਵਿਚ 2003 ਵਿਚ ਇਰਾਕ 'ਤੇ ਅਮਰੀਕੀ ਹਮਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ, "ਇਤਿਹਾਸ ਨੇ ਵਾਰ-ਵਾਰ ਦਿਖਾਇਆ ਹੈ ਕਿ ਪੱਛਮੀ ਏਸ਼ੀਆ ਵਿਚ ਫੌਜੀ ਦਖਲਅੰਦਾਜ਼ੀ ਦੇ ਅਕਸਰ ਅਣਚਾਹੇ ਨਤੀਜੇ ਹੁੰਦੇ ਹਨ, ਜਿਸ ਵਿਚ ਸੰਘਰਸ਼ ਨੂੰ ਲੰਮਾ ਕਰਨਾ ਅਤੇ ਖੇਤਰੀ ਅਸਥਿਰਤਾ ਨੂੰ ਜਾਰੀ ਰੱਖਣਾ ਸ਼ਾਮਲ ਹੈ।" ਇੱਕ ਸੰਤੁਲਿਤ ਕੂਟਨੀਤਕ ਪਹੁੰਚ ਜੋ ਫੌਜੀ ਟਕਰਾਅ ਦੀ ਬਜਾਏ ਗੱਲਬਾਤ ਨੂੰ ਤਰਜੀਹ ਦਿੰਦੀ ਹੈ, ਪੱਛਮੀ ਏਸ਼ੀਆ ਵਿਚ ਸਥਿਰਤਾ ਲਈ ਸਭ ਤੋਂ ਵਧੀਆ ਉਮੀਦਾਂ ਦੀ ਪੇਸ਼ਕਸ਼ ਕਰ ਸਕਦੀ ਹੈ, ਲੇਖ ਵਿਚ ਕਿਹਾ ਗਿਆ ਹੈ।

# ਚੀਨ ਵੱਲੋਂ ਪਾਕਿਸਤਾਨ ਨੂੰ ਸਾਰੇ ਸੰਬੰਧ ਖਤਮ ਕਰਨ ਦੀ ਧਮਕੀ !

## ਅਮਰੀਕਾ ਵੱਲੋਂ ਪਾਕਿਸਤਾਨ 'ਚ ਆਪਣਾ ਫੌਜੀ ਟਿਕਾਣਾ ਬਣਾਉਣ ਦੀ ਯੋਜਨਾ 'ਤੇ ਆਇਆ ਚੀਨ ਦਾ ਪ੍ਰਤੀਕਰਮ

**ਬੀਜਿੰਗ, (ਪੰਜਾਬ ਮੇਲ)-** ਪਾਕਿਸਤਾਨੀ ਫੌਜ ਮੁਖੀ ਆਸਿਮ ਮੁਨੀਰ ਦੇ ਅਮਰੀਕਾ ਦੌਰੇ ਮਗਰੋਂ ਇਹ ਖ਼ਬਰਾਂ ਸਾਹਮਣੇ ਆ ਰਹੀਆਂ ਸਨ ਕਿ ਪਾਕਿਸਤਾਨ ਅਮਰੀਕਾ ਨਾਲ ਆਪਣੇ ਸਬੰਧ ਸੁਧਾਰਨ ਤੇ ਵਪਾਰ ਵਧਾਉਣ ਦੀਆਂ ਕੋਸ਼ਿਸ਼ਾਂ 'ਚ ਲੱਗਾ ਹੋਇਆ ਹੈ। ਇਸੇ ਦੌਰਾਨ ਇਹ ਵੀ ਖ਼ਬਰ ਸਾਹਮਣੇ ਆਈ ਸੀ ਕਿ ਅਮਰੀਕਾ ਪਾਕਿਸਤਾਨ 'ਚ ਆਪਣਾ ਫੌਜੀ ਟਿਕਾਣਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਇਨ੍ਹਾਂ ਚਰਚਾਵਾਂ ਵਿਚਾਲੇ ਚੀਨ ਨੇ ਪਾਕਿਸਤਾਨ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਪਾਕਿਸਤਾਨ ਨੇ ਅਮਰੀਕਾ ਨੂੰ ਆਪਣੀ ਜ਼ਮੀਨ 'ਤੇ ਫੌਜੀ ਬੇਸ ਬਣਾਉਣ ਦੀ ਇਜਾਜ਼ਤ ਦਿੱਤੀ, ਤਾਂ ਉਹ ਪਾਕਿਸਤਾਨ ਨਾਲ ਸਾਰੇ ਵਪਾਰਕ ਸਬੰਧ ਤੋੜ ਦੇਵੇਗਾ। ਚੀਨ ਦੀ ਇਸ ਧਮਕੀ ਮਗਰੋਂ ਪਾਕਿਸਤਾਨ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ, ਕਿਉਂਕਿ ਉਹ ਦੋਵਾਂ ਸੁਪਰਪਾਵਰ ਦੇਸ਼ਾਂ ਨਾਲ ਆਪਣੇ ਸਬੰਧ ਚੰਗੇ ਰੱਖਣਾ ਚਾਹੁੰਦਾ ਹੈ ਤੇ ਜੇਕਰ ਅਮਰੀਕਾ ਨਾਲ ਸਬੰਧ ਸੁਧਾਰਨ ਪਿੱਛੋਂ ਉਸ ਦੇ ਚੀਨ ਨਾਲ ਸਬੰਧ ਖ਼ਰਾਬ ਹੋ ਜਾਣ, ਤਾਂ ਇਕ ਵਾਰ ਫ਼ਿਰ ਉਸ ਦਾ ਇਕ ਹੱਥ ਖਾਲੀ ਰਹਿ ਜਾਵੇਗਾ।

# ਸੰਯੁਕਤ ਰਾਸ਼ਟਰ ਵੱਲੋਂ ਈਰਾਨ 'ਤੇ ਅਮਰੀਕੀ ਹਮਲਿਆਂ ਦੀ ਨਿੰਦਾ

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਹੈ ਕਿ ਉਹ ਈਰਾਨ ਵਿਚ ਪ੍ਰਮਾਣੂ ਕੇਂਦਰਾਂ 'ਤੇ ਅਮਰੀਕੀ ਬੰਬ ਹਮਲਿਆਂ ਬਾਰੇ ਡੂੰਘੇ ਚਿੰਤਤ ਹਨ। ਗੁਟੇਰੇਸ ਨੇ ਇੱਕ ਬਿਆਨ ਵਿਚ ਕਿਹਾ, "ਇਸ ਗੱਲ ਦਾ ਖ਼ਤਰਾ ਹੈ ਕਿ ਇਹ ਟਕਰਾਅ ਤੇਜ਼ੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ, ਜਿਸਦੇ ਨਾਗਰਿਕਾਂ, ਖੇਤਰ ਅਤੇ ਦੁਨੀਆਂ ਲਈ ਵਿਨਾਸ਼ਕਾਰੀ ਨਤੀਜੇ ਹੋ ਸਕਦੇ ਹਨ।" ਉਨ੍ਹਾਂ ਕਿਹਾ ਕਿ "ਇਸ ਜ਼ੋਖਮ ਭਰੇ ਸਮੇਂ ਵਿਚ ਇਹ ਜ਼ਰੂਰੀ ਹੈ ਕਿ ਅਸੀਂ ਹਫੜਾ-ਦਫੜੀ ਦੇ ਚੱਕਰ ਤੋਂ ਬਚੀਏ।" ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੇ ਇਸ ਮੁੱਦੇ ਦੇ ਕੂਟਨੀਤਕ ਹੱਲ ਦੀ ਮੰਗ ਕੀਤੀ। ਐਂਟੋਨੀਓ ਗੁਟੇਰੇਸ ਨੇ ਵਿਸ਼ਵਵਿਆਪੀ ਟਕਰਾਅ ਵਿਚਕਾਰ ਚੇਤਾਵਨੀ ਵੀ ਦਿੱਤੀ ਹੈ। ਨਿਊਯਾਰਕ ਵਿਚ ਜਲਵਾਯੂ ਸੰਕਟ 'ਤੇ ਆਯੋਜਿਤ ਸਿਖਰ ਸੰਮੇਲਨ ਵਿਚ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੇ ਕਿਹਾ ਕਿ ਮਨੁੱਖਤਾ ਨੇ ਨਰਕ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।





# ਸ਼ੁਭਾਂਸ਼ੂ ਸ਼ੁਕਲਾ ਤੇ 3 ਹੋਰ ਪੁਲਾੜ ਯਾਤਰੀਆਂ ਨੇ ਸਪੇਸ ਲਈ ਭਰੀ ਉਡਾਣ


ਐਕਸੀਓਮ-4 ਮਿਸ਼ਨ ਤਹਿਤ ਕੌਮਾਂਤਰੀ ਪੁਲਾੜ ਸਟੇਸ਼ਨ ਜਾਣ ਵਾਲੇ ਚਾਰ ਪੁਲਾੜ ਯਾਤਰੀ।

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਅਤੇ 3 ਹੋਰ ਪੁਲਾੜ ਯਾਤਰੀਆਂ ਨੇ Axiom-D ਮਿਸ਼ਨ ਤਹਿਤ ਪੁਲਾੜ ਦੀ ਉਡਾਣ ਭਰ ਲਈ ਹੈ। Axiom-D ਮਿਸ਼ਨ ਇਨ੍ਹਾਂ ਪੁਲਾੜ ਯਾਤਰੀਆਂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲੈ ਕੇ ਜਾਵੇਗਾ। ਇਹ ਉਡਾਣ ਭਰ ਕੇ ਸ਼ੁਭਾਂਸ਼ੂ ਨੇ ਇਤਿਹਾਸ ਰਚਿਆ ਹੈ। ਸਪੇਸਐਕਸ ਦੇ 'ਫਾਲਕਨ-9' ਰਾਕੇਟ ਨੇ ਦੁਪਹਿਰ 12:01 ਵਜੇ ਨਾਸਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਉਡਾਣ ਭਰੀ। ਮਿਸ਼ਨ ਦੇ ਤਹਿਤ 4 ਪੁਲਾੜ ਯਾਤਰੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਜਾਣਗੇ। ਸ਼ੁਭਾਂਸ਼ੂ ਸ਼ੁਕਲਾ ਇਸ ਮਿਸ਼ਨ ਵਿਚ ਪਾਇਲਟ ਵਜੋਂ ਕੰਮ ਕਰਨਗੇ।

ਇਹ ਮਿਸ਼ਨ ਲਗਭਗ 14 ਦਿਨਾਂ ਲਈ ਹੈ, ਜਿਸ ਦੌਰਾਨ ਆਈ.ਐੱਸ.ਐੱਸ. 'ਤੇ 60 ਤੋਂ ਵੱਧ ਵਿਗਿਆਨਕ ਤਜਰਬੇ ਕੀਤੇ ਜਾਣਗੇ, ਜਿਨ੍ਹਾਂ ਵਿਚੋਂ 7 ਭਾਰਤ ਵੱਲੋਂ ਹਨ। ਸ਼ੁਭਾਂਸ਼ੂ ਖਾਸ ਕਰਕੇ ਮਾਈਕ੍ਰੋਗਰੈਵਿਟੀ 'ਚ ਮੇਥੀ, ਮੂੰਗ ਦੀ ਦਾਲ ਉਗਾਉਣ, ਮਨੁੱਖੀ ਮਾਸਪੇਸ਼ੀਆਂ ਤੇ ਪ੍ਰਭਾਵ ਜਾਂ ਟਾਰਡਿਗਰੇਡਜ਼ (ਜੀਵਾਣੂ) ਦੇ ਵਿਗਿਆਨਕ ਅਧਿਐਨ 'ਚ ਭਾਗ ਲੈਣਗੇ। ਮਿਸ਼ਨ ਤਹਿਤ ਇਨ੍ਹਾਂ ਪੁਲਾੜ ਯਾਤਰੀਆਂ ਦੀ ਮਿਸ਼ਨ ਦੇ 28 ਘੰਟੇ ਦੀ ਯਾਤਰਾ ਤੋਂ ਬਾਅਦ ਵੀਰਵਾਰ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮ 4.30 ਵਜੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਪਹੁੰਚਣ ਦੀ ਉਮੀਦ ਹੈ।

ਇਸ ਇਤਿਹਾਸਕ ਉਡਾਣ ਮਗਰੋਂ ਸ਼ੁਭਾਂਸ਼ੂ ਸ਼ੁਕਲਾ ਨੇ ਪੁਲਾੜ ਯਾਨ 'ਚ 10 ਮਿੰਟ ਦੀ ਯਾਤਰਾ ਤੋਂ ਬਾਅਦ ਕਿਹਾ- ਨਮਸਕਾਰ, ਮੇਰੇ ਪਿਆਰੇ ਦੇਸ਼ ਵਾਸੀਓ; 41 ਸਾਲਾਂ ਬਾਅਦ ਅਸੀਂ ਪੁਲਾੜ ਵਿਚ ਪਹੁੰਚੇ ਹਾਂ, ਇਹ ਇਕ ਯਾਦਗਾਰ ਯਾਤਰਾ ਹੈ। ਅਸੀਂ 7.5 ਕਿਲੋਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਧਰਤੀ ਦਾ ਚੱਕਰ ਕੱਟ ਰਹੇ ਹਾਂ, ਮੇਰੇ ਮੋਢਿਆਂ 'ਤੇ ਭਾਰਤ ਦਾ ਤਿਰੰਗਾ ਲੱਗਾ ਹੈ। ਉਧਰ ਲਖਨਊ ਵਿਚ ਸ਼ੁਭਾਂਸ਼ੂ ਦੇ ਮਾਪਿਆਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਾਡੇ ਪੁੱਤਰ ਨੇ ਸਿਰਫ ਸਾਡਾ ਹੀ ਨਹੀਂ, ਸਾਰੇ ਦੇਸ਼ ਦਾ ਮਾਣ ਵਧਾਇਆ ਹੈ। ਸਾਨੂੰ ਉਸ ਉੱਤੇ ਮਾਣ ਹੈ। ਦੱਸ ਦੇਈਏ ਕਿ ਰਾਕੇਸ਼ ਸ਼ਰਮਾ ਤੋਂ ਬਾਅਦ ਇਹ ਭਾਰਤ ਦੀ ਮਨੁੱਖੀ ਪੁਲਾੜ ਯਾਤਰਾ 'ਚ ਸਭ ਤੋਂ ਵੱਡਾ ਮੋੜ ਮੰਨਿਆ ਜਾ ਰਿਹਾ ਹੈ। ਗਗਨਯਾਨ ਮਿਸ਼ਨ ਲਈ ਇਹ ਤਜ਼ਰਬਾ ਭਾਰਤ ਨੂੰ ਭਵਿੱਖ ਲਈ ਆਤਮਨਿਰਭਰ ਅਤੇ ਤਕਨੀਕੀ ਤੌਰ 'ਤੇ ਤਿਆਰ ਕਰੇਗਾ।

# ਕੈਨੇਡਾ 'ਚ ਟੈਕਸੀ ਸਵਾਰੀਆਂ ਤੋਂ ਤਿੰਨ ਕਰੋੜ ਠੱਗਣ ਵਾਲੇ ਪੰਜ ਭਾਰਤੀਆਂ ਸਣੇ 11 ਕਾਬੂ

**■ ਸਵਾਰੀ ਤੋਂ ਕਾਰਡ ਰਾਹੀਂ ਕਿਰਾਇਆ ਲੈਣ ਮੌਕੇ ਬਦਲ ਲੈਂਦੇ ਸਨ ਕਾਰਡ**


ਬਰਾਮਦ ਕੀਤੇ ਕਾਰਡ, ਮਸ਼ੀਨਾਂ ਤੇ ਹੋਰ ਸਮਾਨ।

**ਵੈਨਕੂਵਰ, (ਪੰਜਾਬ ਮੇਲ)-** ਟੋਰਾਂਟੋ ਪੁਲਿਸ ਨੇ ਪ੍ਰੋਜੈਕਟ ਫੇਅਰ ਤਹਿਤ ਜਾਂਚ ਕਰਕ ਉਪਰੰਤ ਪੰਜ ਭਾਰਤੀਆਂ ਸਮੇਤ 11 ਵਿਅਕਤੀਆਂ ਨੂੰ ਧੋਖਾਧੜੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ। ਇਹ ਵਿਅਕਤੀ ਆਪਣੀ ਟੈਕਸੀ ਵਿਚ ਸਫਰ ਕਰ ਰਹੀ ਸਵਾਰੀ ਤੋਂ ਕਿਰਾਇਆ ਲੈਂਦੇ ਸਮੇਂ ਉਸ ਦਾ ਏ.ਟੀ.ਐੱਮ. ਕਾਰਡ ਬਦਲ ਲੈਂਦੇ ਤੇ ਬਾਅਦ ਵਿਚ ਉਸਦੀ ਵਰਤੋਂ ਕਰਦਿਆਂ ਰਾਸ਼ੀ ਉਡਾ ਦਿੰਦੇ ਸਨ।

ਪੁਲਿਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਟੈਕਸੀ ਚਾਲਕਾਂ 300 ਲੋਕਾਂ ਨਾਲ 5 ਲੱਖ ਡਾਲਰ (ਕਰੀਬ 3 ਕਰੋੜ ਰੁਪਏ) ਦੀ ਰਾਸ਼ੀ ਕਢਾਈ ਹੈ। ਇਸ ਦੌਰਾਨ ਕਾਬੂ ਕੀਤੇ ਗਏ ਭਾਰਤੀਆਂ ਦੀ ਪਛਾਣ ਇਕਜੋਤ ਨਾਹਲ (22), ਹਰਜੋਬਨ ਨਾਹਲ (25), ਹਰਪ੍ਰੀਤ ਸਿੰਘ (24) ਗੁਰਨੂਰ ਰੰਧਾਵਾ (20) ਗੌਰਵ ਤਾਕ (23) ਵਜੋਂ ਹੋਈ ਹੈ। ਪੁਲਿਸ ਬੁਲਾਰੇ ਡੇਵਿਡ ਕੌਫੀ ਨੇ ਦੱਸਿਆ ਕਿ ਦੋਸ਼ੀਆਂ ਤੋਂ ਸੈਂਕੜੇ ਬੈਂਕ ਕਾਰਡ, ਮਸ਼ੀਨਾਂ ਸਮੇਤ ਕਈ ਹੋਰ ਉਪਕਰਨ ਬਰਾਮਦ ਕੀਤੇ ਗਏ ਹਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਸਾਰੇ ਇੱਕ ਗਰੋਹ ਵਜੋਂ ਕੰਮ ਕਰਦੇ ਸਨ। ਟੈਕਸੀ ਵਿਚ ਬੈਠੀ ਸਵਾਰੀ ਤੋਂ ਪੈਸੇ ਲੈਂਣ ਮੌਕੇ ਉਹ ਤਰੀਕੇ ਨਾਲ ਕਾਰਡ ਲੈ ਕੇ ਉਸ ਤੋਂ ਪਿੰਨ ਪੁੱਛਦੇ ਅਤੇ ਏ.ਟੀ.ਐੱਮ. ਕਾਰਡ ਬਦਲ ਕੇ ਸਵਾਰੀ ਨੂੰ ਹੋਰ ਕਾਰਡ ਦੇ ਦਿੰਦੇ।

ਜਿਸ ਤੋਂ ਬਾਅਦ ਉਹ ਸਵਾਰੀ ਦੇ ਖਾਤੇ ਵਿਚੋਂ ਸਾਰੀ ਰਕਮ ਕਢਵਾ ਲੈਂਦੇ ਸਨ। ਪੁਲਿਸ ਅਨੁਸਾਰ ਉਨ੍ਹਾਂ ਕੋਲ ਇਸੇ ਤਰ੍ਹਾਂ ਦੀ ਧੋਖਾਧੜੀ ਦੀਆਂ 300 ਤੋਂ ਵੱਧ ਸ਼ਿਕਾਇਤਾਂ ਆਈਆਂ ਸਨ। ਉਸ ਨੇ ਦੱਸਿਆ ਕਿ ਮੁਲਜ਼ਮ ਟੈਕਸੀ ਦੀ ਥਾਂ 'ਤੇ ਆਮ ਕਾਰ ਦੀ ਵਰਤੋਂ ਕਰਦੇ ਸਨ ਅਤੇ ਟੈਕਸੀ ਵਰਗੇ ਸਟਿੱਕਰ ਲਾ ਕੇ ਸਵਾਰੀਆਂ ਨੂੰ ਭਰਮਾ ਲੈਂਦੇ।

# ਕੈਨੇਡਾ 'ਚ 2 ਕਰੋੜ ਦੀ ਸ਼ਰਾਬ ਚੋਰੀ ਕਰਨ ਵਾਲੇ ਗਰੋਹ ਦੇ ਦੋ ਮੈਂਬਰ ਗ੍ਰਿਫ਼ਤਾਰ


ਗ੍ਰਿਫ਼ਤਾਰ ਕੀਤੇ ਸਿਮਰਪ੍ਰੀਤ ਸਿੰਘ ਤੇ ਅਨੁਜ ਕੁਮਾਰ ਦੀਆਂ ਤਸਵੀਰਾਂ।

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਕੁਝ ਮਹੀਨੇ ਪਹਿਲਾਂ ਕੁਝ ਸ਼ਰਾਬ ਠੇਕਿਆਂ ਤੋਂ ਲੁੱਟੀ ਗਈ 3 ਲੱਖ ਡਾਲਰ (ਦੋ ਕਰੋੜ ਰੁਪਏ) ਮੁੱਲ ਦੀ ਮਹਿੰਗੀ ਸ਼ਰਾਬ ਦੇ ਕਈ ਮਾਮਲਿਆਂ 'ਚ ਇੱਕ ਗਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਸਿਮਰਪ੍ਰੀਤ ਸਿੰਘ ਤੇ ਅਨੁਜ ਕੁਮਾਰ ਵਜੋਂ ਦੱਸੀ ਗਈ ਹੈ। ਪੁਲਿਸ ਅਨੁਸਾਰ ਗਰੋਹ ਨੇ ਸ਼ਰਾਬ ਕਿਸੇ ਠੇਕੇ ਤੋਂ ਜਬਰੀ ਲੁੱਟ ਕੀਤੀ ਤੇ ਕਿਸੇ ਤੋਂ ਚੋਰੀ ਕੀਤੀ ਸੀ।

ਗਰੋਹ ਦੇ ਮੈਂਬਰ ਠੇਕਿਆਂ ਦੇ ਮੁਲਾਜ਼ਮਾਂ ਵੱਲੋਂ ਲੁੱਟ ਦਾ ਵਿਰੋਧ ਕਰਨ 'ਤੇ ਉਨ੍ਹਾਂ ਨਾਲ ਹੱਥੋਪਾਈ ਕਰਕੇ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਸਨ। ਤਿੰਨ ਠੇਕਿਆਂ ਤੇ ਮੁਲਾਜ਼ਮਾਂ ਨੂੰ ਜ਼ਖ਼ਮੀ ਵੀ ਕੀਤਾ ਗਿਆ ਸੀ। ਇਹ ਦੋਵੇਂ ਪਹਿਲਾਂ ਨਸ਼ਿਆਂ ਦੇ ਚਾਰ ਕੇਸਾਂ 'ਚ ਵੀ ਲੋੜੀਂਦੇ ਸਨ ਤੇ ਕੁਝ ਮਾਮਲਿਆਂ 'ਚ ਜ਼ਮਾਨਤ ਲੈ ਕੇ ਭਗੌੜੇ ਹੋ ਗਏ ਸਨ।

ਪੁਲਿਸ ਮੁਤਾਬਕ ਗਰੋਹ ਦੇ ਹੋਰ ਮੈਂਬਰਾਂ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ। ਪੁਲਿਸ ਨੇ ਕਿਹਾ ਕਿ ਇਨ੍ਹਾਂ ਤੋਂ ਪੁੱਛ ਪੜਤਾਲ ਕਰਕੇ ਇਨ੍ਹਾਂ ਦੀ ਹੋਰ ਜੁਰਮਾਂ 'ਚ ਸ਼ਮੂਲੀਅਤ ਦਾ ਵੀ ਪਤਾ ਲਾਇਆ ਜਾਏਗਾ। ਗੌਰਤਲਬ ਹੈ ਕਿ ਓਨਟਾਰੀਓ ਵਿਚ ਸ਼ਰਾਬ ਵਿਕਰੀ ਦਾ ਕੰਟਰੋਲ ਸਰਕਾਰ ਕੋਲ ਹੈ ਤੇ ਸਾਰੇ ਠੇਕੇ ਸਰਕਾਰੀ ਮਾਲਕੀ ਵਾਲੇ ਹੁੰਦੇ ਹਨ।

# ਕੈਨੇਡਾ 'ਚ ਆਬਾਦੀ ਵਾਧੇ ਨੂੰ ਲੱਗੀਆਂ ਬਰੇਕਾਂ, ਕੱਚਿਆਂ ਦੀ ਗਿਣਤੀ ਵੀ ਘਟਣ ਲੱਗੀ

**■ ਚਾਲੂ ਵਰ੍ਹੇ ਦੀ ਪਹਿਲੀ ਤਿਮਾਹੀ ਦੇ ਅੰਕੜੇ ਜਾਰੀ**

**ਵੈਨਕੂਵਰ, (ਪੰਜਾਬ ਮੇਲ)-** ਅੰਕੜਾ ਵਿਭਾਗ ਵੱਲੋਂ ਆਬਾਦੀ ਸਬੰਧੀ ਇਸ ਸਾਲ ਦੀ ਪਹਿਲੀ ਤਿਮਾਹੀ ਦੇ ਜਾਰੀ ਕੀਤੇ ਅੰਕੜਿਆਂ ਤੋਂ ਬਾਅਦ ਆਬਾਦੀ ਵਾਧੇ ਨੂੰ ਬਰੇਕ ਲੱਗਦੀ ਨਜ਼ਰ ਆਈ ਹੈ। ਰਿਪੋਰਟ ਅਨੁਸਾਰ 31 ਮਾਰਚ ਤੱਕ ਕੈਨੇਡਾ ਦੀ ਆਬਾਦੀ 41,548,787 ਹੋ ਗਈ ਹੈ। ਪਿਛਲੇ ਸਮੇਂ ਤੋਂ ਹਰੇਕ ਤਿਮਾਹੀ ਦੇਸ਼ ਦੀ ਆਬਾਦੀ ਵਿਚ ਹੁੰਦੇ ਆ ਰਹੇ ਲੱਖਾਂ ਦੇ ਵਾਧੇ ਦੇ ਮੁਕਾਬਲੇ ਇਸ ਵਾਰ ਸਿਰਫ 20107 ਦਾ ਵਾਧਾ ਦਰਜ ਕੀਤਾ ਗਿਆ।

ਇਸ ਤਿਮਾਹੀ ਦੌਰਾਨ ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਸਮੇਤ ਬਹੁਤੇ ਸੂਬਿਆਂ ਦੀ ਆਬਾਦੀ 'ਚ ਗਿਰਾਵਟ ਆਈ ਹੈ, ਜਦੋਂਕਿ ਅਲਬਰਟਾ ਵਿਚ ਵਾਧਾ ਦਰਜ ਹੋਇਆ। ਇਸ ਦਾ ਕਾਰਨ ਆਰਥਿਕਤਾ, ਮੰਦੀ ਦੀ ਮਾਰ ਤੋਂ ਬਚੇ ਰਹਿਣ ਅਤੇ ਘਰਾਂ ਦੀਆਂ ਘੱਟ ਕੀਮਤਾਂ ਕਾਰਨ ਹੋਰ ਸੂਬਿਆਂ ਤੋਂ ਹੋਈ ਹਿਜਰਤ ਸਮਝੀ ਜਾਂਦੀ ਹੈ। ਇਸ ਤੋਂ ਪਹਿਲਾਂ ਸਾਲ 2020 ਕਰੋਨਾ ਮਹਾਮਾਰੀ ਦੌਰਾਨ ਵੀ ਆਬਾਦੀ ਦਾ ਘੱਟ ਵਾਧਾ ਦਰਜ ਕੀਤਾ ਗਿਆ ਸੀ।

ਜਾਰੀ ਅੰਕੜਿਆਂ ਅਨੁਸਾਰ ਇਸ ਤਿਮਾਹੀ 'ਚ ਕੱਚੇ ਰਿਹਾਇਸ਼ੀਆਂ ਦੀ 2959825 ਗਿਣਤੀ ਵਿਚ ਵੀ 61 ਹਜ਼ਾਰ ਦੀ ਗਿਰਾਵਟ ਦਰਜ ਹੋਈ ਹੈ। ਬੇਸ਼ੱਕ ਸਟੱਡੀ ਵੀਜ਼ੇ ਵਾਲਿਆਂ ਦੀ ਗਿਣਤੀ 53669 ਘਟੀ, ਪਰ ਇਸ ਦੌਰਾਨ ਵਿਦੇਸ਼ਾਂ 'ਚੋਂ ਪੀ.ਆਰ. ਲੈ ਕੇ ਆਉਣ ਵਾਲਿਆਂ ਦੀ ਗਿਣਤੀ 'ਚ ਕੁਝ ਵਾਧਾ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਦੀ ਆਬਾਦੀ 'ਚ 1951 ਤੋਂ ਬਾਦ ਆਬਾਦੀ ਵਿਚ ਪਹਿਲੀ ਵਾਰ ਐਨੀ ਗਿਰਾਵਟ ਆਈ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਕੈਨੇਡਾ 'ਚ ਲਾਰੈਂਸ ਗਿਰੋਹ ਨੂੰ ਅੱਤਵਾਦੀ ਸੰਗਠਨ ਐਲਾਨਣ ਦੀ ਉੱਠੀ ਮੰਗ

**ਟੋਰਾਂਟੋ, (ਪੰਜਾਬ ਮੇਲ)-** ਲਾਰੈਂਸ ਗੈਂਗ ਭਾਰਤ ਨਾਲ ਸਬੰਧਤ ਹੈ ਤੇ ਉਸ 'ਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੇ ਕਈ ਗੰਭੀਰ ਅਪਰਾਧਾਂ ਦਾ ਦੋਸ਼ ਹੈ। ਉਸਦੇ ਗਿਰੋਹ ਦਾ ਨੈੱਟਵਰਕ ਯੂ.ਕੇ., ਯੂ.ਏ.ਈ. ਅਤੇ ਕੈਨੇਡਾ ਤੱਕ ਫੈਲਿਆ ਹੋਇਆ ਹੈ, ਜਿਸ ਨਾਲ ਇਹ ਇੱਕ ਅੰਤਰਰਾਸ਼ਟਰੀ ਅਪਰਾਧ ਚੁਣੌਤੀ ਬਣ ਗਿਆ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਕੀ ਕੈਨੇਡਾ ਸੁਰੱਖਿਆ ਨੂੰ ਤਰਜੀਹ ਦੇਵੇਗਾ ਜਾਂ ਕਾਨੂੰਨੀ ਪੇਚੀਦਗੀਆਂ ਕਾਰਵਾਈ ਵਿਚ ਦੇਰੀ ਕਰਨਗੀਆਂ।

ਕੈਨੇਡਾ 'ਚ ਬ੍ਰਿਟਿਸ਼ ਕੋਲੰਬੀਆ ਰਾਜ ਦੇ ਮੁਖੀ ਨੇ ਇੱਕ ਮਹੱਤਵਪੂਰਨ ਬਿਆਨ ਦਿੱਤਾ ਹੈ, ਜਿਸ ਵਿਚ ਉਨ੍ਹਾਂ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਲਾਰੈਂਸ ਬਿਸ਼ਨੋਈ ਅਤੇ ਉਸਦੇ ਗਿਰੋਹ ਨੂੰ ਅੱਤਵਾਦੀ ਅਤੇ ਅੱਤਵਾਦੀ ਸੰਗਠਨ ਐਲਾਨਣ ਦੀ ਅਪੀਲ ਕੀਤੀ ਹੈ। ਇਹ ਬਿਆਨ ਕੈਨੇਡਾ ਵਿਚ ਹੋਏ ਜੀ-7 ਸੰਮੇਲਨ ਦੌਰਾਨ ਸਾਹਮਣੇ ਆਇਆ ਤੇ ਇਹ ਬਿਆਨ ਇੱਕ ਗੰਭੀਰ ਮੁੱਦੇ 'ਤੇ ਕੇਂਦ੍ਰਿਤ ਹੈ, ਜੋ ਨਾ ਸਿਰਫ਼ ਕੈਨੇਡਾ ਲਈ ਸਗੋਂ ਪੂਰੀ ਦੁਨੀਆ ਲਈ ਚਿੰਤਾ ਦਾ ਵਿਸ਼ਾ ਹੈ। ਐਬੀ ਨੇ ਕਿਹਾ ਕਿ ਉਹ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇੱਕ ਪੱਤਰ ਭੇਜਣ ਦੀ ਯੋਜਨਾ ਬਣਾ ਰਿਹਾ ਹੈ, ਜਿਸ ਵਿਚ ਇਸ ਗਿਰੋਹ ਨੂੰ ਅਧਿਕਾਰਤ ਤੌਰ 'ਤੇ ਅੱਤਵਾਦੀ ਸੰਗਠਨ ਐਲਾਨਣ ਦੀ ਬੇਨਤੀ ਕੀਤੀ ਜਾ ਰਹੀ ਹੈ। ਇਹ ਮੰਗ ਹਫਤੇ ਦੇ ਅੰਤ ਵਿਚ ਸਰੀ ਵਿਚ ਆਯੋਜਿਤ ਇੱਕ ਜਨਤਕ ਸੁਰੱਖਿਆ ਫੋਰਮ ਤੋਂ ਬਾਅਦ ਆਈ ਹੈ, ਜਿੱਥੇ ਦੱਖਣੀ ਏਸ਼ੀਆਈ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅਪਰਾਧਾਂ 'ਤੇ ਚਰਚਾ ਕੀਤੀ ਗਈ ਸੀ। ਪੁਲਿਸ ਨੇ ਕਿਹਾ ਹੈ ਕਿ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਨੂੰ ਧਮਕੀ ਦੇ ਕੇ ਨਕਦੀ ਵਸੂਲੀ ਜਾ ਰਹੀ ਹੈ ਅਤੇ ਇਹ ਗਿਰੋਹ ਕੁਝ ਅਜਿਹੀਆਂ ਧਮਕੀਆਂ ਨਾਲ ਜੁੜਿਆ ਹੋਇਆ ਹੈ।

# ਚੀਨ ਨੂੰ ਆਪਣਾ 'ਮੁੱਖ ਵਿਰੋਧੀ' ਮੰਨਦਾ ਹੈ ਭਾਰਤ!

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਦੀ ਰੱਖਿਆ ਖੁਫ਼ੀਆ ਏਜੰਸੀ ਵੱਲੋਂ ਐਤਵਾਰ ਨੂੰ ਜਾਰੀ ਤਾਜ਼ਾ 'ਵਿਸ਼ਵ ਖ਼ਤਰਾ ਮੁਲਾਂਕਣ' ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਵੱਲੋਂ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰਾ ਮੰਨਿਆ ਜਾ ਰਿਹਾ ਹੈ। ਇਸ ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਭਾਰਤ-ਪਾਕਿਸਤਾਨ ਦਰਮਿਆਨ ਤਣਾਅ ਦੇ ਬਾਵਜੂਦ ਨਵੀਂ ਦਿੱਲੀ ਚੀਨ ਨੂੰ ਆਪਣੇ 'ਮੁੱਖ ਵਿਰੋਧੀ' ਵਜੋਂ ਦੇਖਦੀ ਹੈ, ਜਦੋਂਕਿ ਪਾਕਿਸਤਾਨ ਨੂੰ 'ਸਹਾਇਕ' ਸੁਰੱਖਿਆ ਸਮੱਸਿਆ ਮੰਨਦੀ ਹੈ।

ਰਿਪੋਰਟ ਅਨੁਸਾਰ, "ਭਾਰਤ ਨੂੰ ਪਾਕਿਸਤਾਨ ਆਪਣੀ ਹੋਂਦ ਲਈ ਖ਼ਤਰਾ ਮੰਨਦਾ ਹੈ। ਉਹ ਭਾਰਤ ਦੀ ਵਧਦੀ ਰਵਾਇਤੀ ਫੌਜੀ ਸ਼ਕਤੀ ਦੇ ਮੱਦੇਨਜ਼ਰ ਆਪਣੀ ਫੌਜ ਦੇ ਆਧੁਨਿਕੀਕਰਨ ਦੇ ਯਤਨਾਂ ਨੂੰ ਜਾਰੀ ਰੱਖੇਗਾ, ਜਿਸ ਵਿਚ ਜੰਗੀ ਪੱਧਰ 'ਤੇ ਪ੍ਰਮਾਣੂ ਹਥਿਆਰਾਂ ਦਾ ਵਿਕਾਸ ਵੀ ਸ਼ਾਮਲ ਹੈ।"

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸਲਾਮਾਬਾਦ ਚੀਨ ਦੀ ਫੌਜੀ ਅਤੇ ਵਿੱਤੀ ਸਹਾਇਤਾ ਨਾਲ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਿਹਾ ਹੈ ਅਤੇ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰੇ ਵਜੋਂ ਦੇਖਦਾ ਹੈ। ਰਿਪੋਰਟ ਮੁਤਾਬਕ, ਆਉਣ ਵਾਲੇ ਸਾਲਾਂ ਦੌਰਾਨ ਖੇਤਰੀ ਗੁਆਂਢੀਆਂ ਨਾਲ ਸਰਹੱਦ ਪਾਰ ਝੜਪਾਂ ਦੇ ਮੱਦੇਨਜ਼ਰ ਪਾਕਿਸਤਾਨੀ ਫੌਜ ਦੀਆਂ ਪ੍ਰਮੁੱਖ ਤਰਜੀਹਾਂ ਵਿਚ ਹੋਰ ਉਦੇਸ਼ਾਂ ਤੋਂ ਇਲਾਵਾ ਆਪਣੇ ਪ੍ਰਮਾਣੂ ਹਥਿਆਰਾਂ ਦਾ ਲਗਾਤਾਰ ਆਧੁਨਿਕੀਕਰਨ ਕਰਨਾ ਵੀ ਸ਼ਾਮਲ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਿਹਾ ਹੈ ਅਤੇ ਉਸ ਨੇ ਆਪਣੀ ਪ੍ਰਮਾਣੂ ਸਮੱਗਰੀ ਤੇ ਪ੍ਰਮਾਣੂ ਕਮਾਂਡ ਦੇ ਕੰਟਰੋਲ ਦੀ ਸੁਰੱਖਿਆ ਨੂੰ ਬਰਕਾਰ ਰੱਖਿਆ ਹੋਇਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਦੇਸ਼ੀ ਸਪਲਾਇਰਾਂ ਅਤੇ ਵਿਚੋਲਿਆਂ ਤੋਂ ਸਮੂਹਿਕ ਤਬਾਹੀ ਵਾਲੇ ਹਥਿਆਰਾਂ (ਡਬਲਯੂ.ਐੱਮ.ਡੀ.) ਨਾਲ ਸਬੰਧਤ ਉਪਕਰਨ ਖ਼ਰੀਦਦਾ ਹੈ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪਾਕਿਸਤਾਨ ਚੀਨ ਤੋਂ ਵੱਡੀ ਪੱਧਰ 'ਤੇ ਤਬਾਹੀ ਮਚਾਉਣ ਵਾਲੇ ਹਥਿਆਰ (ਡਬਲਯੂ.ਐੱਮ.ਡੀ.) ਵਿਕਸਤ ਕਰਨ ਲਈ ਸਮੱਗਰੀ ਅਤੇ ਤਕਨਾਲੋਜੀ ਹਾਸਲ ਕਰ ਰਿਹਾ ਹੈ।

# ਕੈਨੇਡਾ 'ਚ ਜਬਰੀ ਵਸੂਲੀ ਦੀਆਂ ਕਾਲਾਂ ਕਾਰਨ ਪੰਜਾਬੀ ਕਾਰੋਬਾਰੀਆਂ 'ਚ ਫੈਲੀ ਦਹਿਸ਼ਤ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਵੱਡੀ ਗਿਣਤੀ 'ਚ ਪੰਜਾਬੀ ਭਾਈਚਾਰੇ ਦੇ ਲੋਕ ਰਹਿੰਦੇ ਹਨ। ਮੌਜੂਦਾ ਸਮੇਂ ਪੰਜਾਬੀ ਭਾਈਚਾਰੇ ਦੇ ਕਾਰੋਬਾਰੀ ਵੱਡੀ ਪਰੇਸ਼ਾਨੀ ਵਿਚ ਹਨ। ਇਨ੍ਹਾਂ ਕਾਰੋਬੀਆਂ ਤੋਂ ਜ਼ਬਰਦਸਤੀ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ। ਗਿਰੋਹ ਦੇ ਮੈਂਬਰ ਫੋਨ 'ਤੇ ਪੈਸਿਆਂ ਦੀ ਮੰਗ ਕਰ ਰਹੇ ਹਨ ਅਤੇ ਅਜਿਹਾ ਨਾ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦੇ ਰਹੇ ਹਨ। ਅਜਿਹੇ ਸੁਨੇਹਿਆਂ ਨੇ ਕੈਨੇਡਾ ਵਿਚ ਪੰਜਾਬੀ ਕਾਰੋਬਾਰੀਆਂ ਵਿਚ ਡਰ ਪੈਦਾ ਕਰ ਦਿੱਤਾ ਹੈ।

ਇਨ੍ਹਾਂ ਚਿੰਤਾਵਾਂ ਤੋਂ ਜਾਣੂ ਕਰਾਉਣ ਲਈ ਇਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਕੈਨੇਡਾ ਦੇ ਸਰੀ ਵਿਚ ਰਹਿੰਦੇ ਪੰਜਾਬੀ ਭਾਈਚਾਰੇ ਦੇ ਕਾਰੋਬਾਰੀਆਂ ਨੇ ਹਿੱਸਾ ਲਿਆ, ਜਿਸ ਵਿਚ ਉਕਤ ਸੁਨੇਹਾ ਸਰੀ ਦੇ ਰਿਫਲੈਕਸ਼ਨ ਬੈਂਕੁਏਟ ਹਾਲ ਵਿਖੇ ਵਪਾਰੀਆਂ ਦੁਆਰਾ ਕੈਨੇਡੀਅਨ ਪੁਲਿਸ ਅਤੇ ਪ੍ਰਸ਼ਾਸਨ ਨਾਲ ਇੱਕ ਮੀਟਿੰਗ ਦੌਰਾਨ ਇੱਕ ਵੱਡੀ ਸਕ੍ਰੀਨ 'ਤੇ ਦਿਖਾਇਆ ਗਿਆ। ਇਨ੍ਹਾਂ ਵਪਾਰੀਆਂ ਨੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ, ਜਿਸ 'ਤੇ ਪੁਲਿਸ ਨੇ ਜਵਾਬ ਦਿੱਤਾ ਕਿ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਉਹ ਇਸ ਸਮੇਂ ਨਤੀਜਾ ਨਹੀਂ ਦੱਸ ਸਕਦੇ। ਇਸ ਮੀਟਿੰਗ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਜਨ ਸੁਰੱਖਿਆ ਮੰਤਰੀ ਅਤੇ ਸੌਲੀਸਟਰ ਜਨਰਲ ਗੈਰੀ ਬੇਗ, ਸਰੀ ਪੁਲਿਸ ਮੁਖੀ ਲੈਪਿੰਸਕੀ ਅਤੇ ਆਰ.ਸੀ.ਐੱਮ.ਪੀ. ਸੀਨੀਅਰ ਅਧਿਕਾਰੀ ਮੈਂਡੀ ਨੇ ਵਪਾਰੀਆਂ ਦੀਆਂ ਸ਼ਿਕਾਇਤਾਂ ਸੁਣੀਆਂ। ਇਸ ਬਾਰੇ ਮੇਅਰ ਬ੍ਰੇਂਡਾ ਲਾਕ, ਸੰਸਦ ਮੈਂਬਰ ਸੁੱਖ ਧਾਲੀਵਾਲ, ਸੰਸਦ ਮੈਂਬਰ ਤਾਮਾਰਾ ਜੇਨਸਨ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਸਰੀ ਪੁਲਿਸ ਮੁਖੀ ਅਤੇ ਆਰ.ਸੀ.ਐੱਮ.ਪੀ. ਅਧਿਕਾਰੀ ਵੈਂਡੀ ਕੋਲ ਗੈਂਗਸਟਰਾਂ ਦੀਆਂ ਧਮਕੀਆਂ ਅਤੇ ਗੋਲੀਬਾਰੀ ਕਾਰਨ ਵਪਾਰੀਆਂ ਵਿਚ ਪੈਦਾ ਹੋਏ ਡਰ, ਦਹਿਸ਼ਤ ਅਤੇ ਅਸੁਰੱਖਿਆ ਦੇ ਮਾਹੌਲ ਦਾ ਜਵਾਬ ਸੀ: ਪੁਲਿਸ ਫੋਰਸ ਆਪਣਾ ਕੰਮ ਕਰ ਰਹੀ ਹੈ ਪਰ ਨਤੀਜੇ ਸਾਂਝੇ ਨਹੀਂ ਕੀਤੇ ਜਾ ਸਕਦੇ। ਸੰਸਦ ਮੈਂਬਰ ਸੁੱਖ ਧਾਲੀਵਾਲ ਦੇ ਨਾਲ ਸਰੀ ਫਲੀਟਵੁੱਡ ਦੇ ਸੰਸਦ ਮੈਂਬਰ ਗੁਰਬਖਸ਼ ਸੈਣੀ ਅਤੇ ਸਰੀ ਕਲੋਵਰਡੇਲ ਦੇ ਸੰਸਦ ਮੈਂਬਰ ਤਾਮਿਰ ਜੇਨਸਨ ਵੀ ਸ਼ਾਮਲ ਹੋਏ।

# ਪੀਲ ਪੁਲਿਸ ਵੱਲੋਂ ਕਰਵਾਈ ਗਈ '24ਵੀਂ ਰੇਸ ਅਗੇਨਸਟ ਰੇਸਿਜ਼ਮ' 'ਚ ਟੀ.ਪੀ.ਏ.ਆਰ. ਕਲੱਬ ਦੇ 97 ਮੈਂਬਰਾਂ ਨੇ ਲਿਆ ਹਿੱਸਾ











**ਮਿਸੀਸਾਗਾ, (ਡਾ. ਝੰਡ/ਪੰਜਾਬ ਮੇਲ)** - ਬੀਤੇ ਸ਼ਨੀਵਾਰ 21 ਜੂਨ ਨੂੰ ਪੀਲ ਰੀਜਨ ਪੁਲਿਸ ਵੱਲੋਂ ਮਿਸੀਸਾਗਾ ਵੈਲੀ ਕਮਿਊਨਿਟੀ ਸੈਂਟਰ ਨੇੜਲੇ ਪਾਰਕ ਤੋਂ ਆਰੰਭ ਕੀਤੀ ਗਈ 24ਵੀਂ 'ਰੇਸ ਅਗੇਨਸਟ ਰੇਸਿਜ਼ਮ' 'ਚ ਬਰੈਂਪਟਨ ਦੀ ਸਰਗਰਮ ਕਲੱਬ 'ਟੀ.ਪੀ.ਏ.ਆਰ. ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਕਲੱਬ ਦੇ 76 ਮੈਂਬਰ ਇਸ ਮੰਤਵ ਲਈ ਕਈ ਦਿਨ ਪਹਿਲਾਂ ਹੀ ਕਲੱਬ ਵੱਲੋਂ ਆਪਣੇ ਨਾਵਾਂ ਦੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਸਨ, ਜਦਕਿ 21 ਮੈਂਬਰਾਂ ਨੇ ਆਪਣੀ ਰਜਿਸਟ੍ਰੇਸ਼ਨ 'ਰੇਸ ਅਗੇਨਨਸਟ ਰੇਸਿਜ਼ਮ' ਦੀ ਵੈੱਬਸਾਈਟ 'ਤੇ ਜਾ ਕੇ ਸਿੱਧੀ ਹੀ 'ਆਨ-ਲਾਈਨ' ਦਰਜ ਕਰਵਾਈ।

ਇਸ ਤਰ੍ਹਾਂ ਇਸ 5 ਕਿਲੋਮੀਟਰ 'ਰੇਸ ਅਗੇਨਸਟ ਰੇਸਿਜ਼ਮ' ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਏ ਦੌੜਾਕਾਂ ਤੇ ਵਾੱਕਰਾਂ ਵਿਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਦਾ ਇੱਕ ਵੱਡਾ ਗਰੁੱਪ ਆਪਣੀਆਂ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਪਹਿਨੀ ਵੱਖਰੀ ਦਿੱਖ ਨਾਲ ਦੂਰੋਂ ਹੀ ਪਹਿਚਾਣਿਆ ਜਾ ਰਿਹਾ ਸੀ। ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਹੋਇਆਂ ਦੌੜ ਦੀ ਸਮਾਪਤੀ 'ਤੇ ਪੀਲ ਰੀਜਨ ਪੁਲਿਸ ਦੇ ਮੁਖੀ ਨਿਸ਼ਾਨ ਦੁਰਿਆਪਾਹ ਨੇ ਉਚੇਚੇ ਤੌਰ 'ਤੇ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰ ਖਿਚਵਾਈ।

ਇੱਥੇ ਇਹ ਜ਼ਿਕਰਯੋਗ ਹੈ ਕਿ ਪੀਲ ਰੀਜਨਲ ਪੁਲਿਸ ਦੀ ਸਥਾਪਨਾ 1 ਜਨਵਰੀ 1974 ਨੂੰ ਕੀਤੀ ਗਈ ਸੀ, ਜਦੋਂ ਮਿਸੀਸਾਗਾ, ਪੋਰਟ ਕਰੈਡਿੱਟ, ਸਟਰੀਟਵਿਲ, ਬਰੈਂਪਟਨ ਅਤੇ ਚਿੰਗੂਆਕੂਜ਼ੀ ਨੂੰ ਮਿਲਾ ਕੇ 'ਰੀਜਨਲ ਮਿਊਂਸਿਪੈਲਿਟੀ ਆਫ਼ ਪੀਲ' ਬਣਾਈ ਗਈ। ਉਸ ਸਮੇਂ 1974 ਵਿਚ ਇਸ ਪੁਲਿਸ ਆਰਗੇਨਾਈਜ਼ੇਸ਼ਨ ਕੋਲ ਕੇਵਲ 467 ਪੁਲਿਸ ਅਫ਼ਸਰ, 14 ਕੈਡਿਟ ਅਤੇ 78 ਸਿਵਲੀਅਨ ਕਰਮਚਾਰੀ ਸਨ। ਜਿਵੇਂ-ਜਿਵੇਂ ਇਸ ਰੀਜਨ ਦੀ ਆਬਾਦੀ ਵਿਚ ਵਾਧਾ ਹੁੰਦਾ ਗਿਆ, ਇਸ ਦੇ ਅਮਲੇ ਦੀ ਗਿਣਤੀ ਵੀ ਵੱਧਦੀ ਗਈ। ਇਹ ਸਮੇਂ ਦੀ ਲੋੜ ਵੀ ਸੀ, ਕਿਉਂਕਿ ਕੈਨੇਡਾ ਵਿਚ ਦੁਨੀਆਂ 160 ਤੋਂ ਵਧੀਕ ਦੇਸ਼ਾਂ ਤੋਂ ਆਏ ਵੱਖ-ਵੱਖ ਧਰਮਾਂ, ਜਾਤਾਂ ਤੇ ਕਮਿਊਨਿਟੀਆਂ ਦੇ ਲੋਕਾਂ ਦੀ ਆਮਦ ਨਾਲ ਇੱਥੇ ਅਪਰਾਧ ਅਤੇ ਆਪਸੀ ਨਫ਼ਰਤ ਵਿਚ ਵੀ ਕਾਫ਼ੀ ਵਾਧਾ ਹੋਇਆ। ਵੱਖ-ਵੱਖ ਕਮਿਊਨਿਟੀਆਂ ਦੇ ਵਿਚਕਾਰ ਆਪਸੀ ਨਫ਼ਰਤ ਨੂੰ ਰੋਕਣ ਲਈ ਅਤੇ ਇਸ ਦੀ ਥਾਂ ਆਪਸੀ ਨੇੜਤਾ, ਪ੍ਰੇਮ-ਪਿਆਰ ਅਤੇ ਇਤਫ਼ਾਕ ਵਧਾਉਣ ਲਈ ਪੀਲ ਪੁਲਿਸ ਵੱਲੋਂ 'ਰੇਸ ਅਗੇਨਸਟ ਰੇਸਿਜ਼ਮ' ਦੀ ਸ਼ੁਰੂਆਤ 2001 ਵਿਚ ਕੀਤੀ ਗਈ। ਇਸ ਤੋਂ ਪਹਿਲਾਂ ਪੀਲ ਪੁਲਿਸ ਵੱਲੋਂ ਇਹ ਉਪਰਾਲਾ 23 ਵਾਰ ਹੋ ਚੁੱਕਾ ਹੈ ਅਤੇ ਇਸ ਵਾਰ ਇਹ '24ਵੀਂ ਰੇਸ ਅਗੇਨਸਟ ਰੇਸਿਜ਼ਮ' ਸੀ। ਇਸ ਮਹੱਤਵਪੂਰਨ ਈਵੈਂਟ ਦੀ 'ਸਿਲਵਰ ਜੁਬਲੀ' ਪੀਲ ਰੀਜਨ ਪੁਲਿਸ ਵੱਲੋਂ ਅਗਲੇ ਸਾਲ ਬੜੀ ਸ਼ਾਨੋ-ਸ਼ੌਕਤ ਨਾਲ ਮਨਾਈ ਜਾ ਰਹੀ ਹੈ। ਪੀਲ ਰੀਜਨ ਪੁਲਿਸ ਅਧੀਨ ਇਸ ਸਮੇਂ ਤਿੰਨ ਵੱਡੇ ਸ਼ਹਿਰ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਹਨ, ਜਿਨ੍ਹਾਂ ਵਿਚ ਇਮੀਗਰੈਂਟਾਂ ਦੀ ਆਮਦ ਨਾਲ ਆਬਾਦੀ ਬੜੀ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ।

ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਆਪੋ ਆਪਣੇ ਸਾਧਨਾਂ ਨਾਲ ਸਵੇਰੇ 9.00 ਵਜੇ ਮਿਸੀਸਾਗਾ ਵੈਲੀ ਕਮਿਊਨੀਕੇਸ਼ਨ ਸੈਂਟਰ ਵਿਖੇ ਪਹੁੰਚ ਗਏ, ਜਿੱਥੇ ਇਸ ਰੇਸ ਦਾ ਆਰੰਭ ਪ੍ਰਬੰਧਕਾਂ ਵੱਲੋਂ 9.30 ਵਜੇ ਕੀਤਾ ਜਾਣਾ ਸੀ। ਇਸ ਮੰਤਵ ਲਈ ਬਣਾਈ ਗਈ ਸਟੇਜ ਤੋਂ ਪ੍ਰਬੰਧਕਾਂ ਵੱਲੋਂ ਆਏ ਦੌੜਾਕਾਂ ਤੇ ਵਾੱਕਰਾਂ ਨੂੰ 'ਜੀ-ਆਇਆਂ' ਕਹਿਣ ਅਤੇ ਉਨ੍ਹਾਂ ਨੂੰ ਦਿੱਤੀਆਂ ਗਈਆਂ ਕੁਝ ਹਦਾਇਤਾਂ ਤੋਂ ਬਾਅਦ ਇਹ 'ਰੇਸ ਅਗੇਨਸਟ ਰੇਸਿਜ਼ਮ' ਸਵੇਰੇ 9.50 'ਤੇ ਆਰੰਭ ਹੋ ਗਈ। ਮਿਸੀਸਾਗਾ ਵੈਲੀ ਕਰੀਕ ਦੇ ਕੰਢੇ-ਕੰਢੇ ਇਸ ਰੇਸ ਦਾ ਰੂਟ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਬੜਾ ਮਨਮੋਹਕ ਸੀ। ਕਰੀਕ ਵਿਚ ਪੱਥਰਾਂ ਵਿਚ ਦੀ ਚੱਲ ਰਿਹਾ ਸਾਫ਼ ਪਾਣੀ ਦੌੜਾਕਾਂ ਨੂੰ ਨਵੀਂ ਉਰਜਾ ਪ੍ਰਦਾਨ ਕਰ ਰਿਹਾ ਸੀ, ਜਿਵੇਂ ਇਹ ਉਨ੍ਹਾਂ ਨੂੰ ਕਹਿ ਰਿਹਾ ਹੋਵੇ ਕਿ ਤੁਸੀਂ ਵੀ ਮੇਰੇ ਵਾਂਗ ਚੱਲਦੇ ਹੀ ਰਹਿਣਾ ਹੈ ਤੇ ਰਸਤੇ ਵਿਚ ਕਿਤੇ ਰੁੱਕਣਾ ਨਹੀਂ ਹੈ।

ਦੌੜ ਦੀ ਸਮਾਪਤੀ 'ਤੇ ਇਸ ਰੇਸ ਵਿਚ ਵੱਖ-ਵੱਖ ਕੈਟਾਗਰੀਆਂ ਵਿਚ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲਿਆਂ ਦੇ ਗਲ਼ਾਂ ਵਿਚ ਮੈਡਲ ਪਾ ਕੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਦੌੜ ਦੇ ਹਜ਼ਾਰਾਂ ਦੌੜਾਕਾਂ ਵਿਚੋਂ ਸੀਨੀਅਰਜ਼ ਕੈਟਾਗਰੀ ਵਿਚ ਦੂਸਰੇ ਨੰਬਰ 'ਤੇ ਆਉਣ ਵਾਲਾ ਟੀ.ਪੀ.ਏ.ਆਰ. ਕਲੱਬ ਦਾ ਮੈਂਬਰ ਨਿਰਮਲ ਸਿੰਘ ਗਿੱਲ ਸੀ, ਜਿਸ ਨੇ ਇਸ ਦੇ ਲਈ 21 ਮਿੰਟ 4 ਸਕਿੰਟ ਦਾ ਸਮਾਂ ਲਿਆ। ਕਲੱਬ ਦੇ ਇੱਕ ਹੋਰ ਮੈਂਬਰ ਜਸਵਿੰਦਰ ਜੱਸੀ ਧਾਲੀਵਾਲ ਬਾਲਗ ਕੈਟਾਗਰੀ ਵਿਚ ਸ਼ਾਮਲ ਟੀ.ਪੀ.ਏ.ਆਰ. ਕਲੱਬ ਦੇ ਦੌੜਾਕਾਂ ਵਿਚੋਂ 21 ਮਿੰਟ 10 ਸਕਿੰਟ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ। ਗੱਲ ਨਿਰੀ ਇੱਥੇ ਪਹਿਲੇ, ਦੂਸਰੇ ਜਾਂ ਤੀਸਰੇ ਨੰਬਰ 'ਤੇ ਆਉਣ ਦੀ ਨਹੀਂ ਹੈ, ਸਗੋਂ ਇਹ ਤਾਂ ਇਸ ਵੱਖਰੀ ਕਿਸਮ ਦੀ ਰੇਸ ਵਿਚ ਸ਼ਮੂਲੀਅਤ ਕਰਨ ਦੀ ਹੈ, ਜੋ ਵੱਖ-ਵੱਖ-ਕਮਿਊਨਿਟੀਆਂ ਦੇ ਹਜ਼ਾਰਾਂ ਲੋਕਾਂ ਵੱਲੋਂ ਕੀਤੀ ਗਈ, ਜਿਨ੍ਹਾਂ ਵਿਚ ਗੋਰੇ, ਕਾਲ਼ੇ, ਪੀਲੇ, ਭੂਰੇ, ਚੀਨੇ, ਫ਼ੀਨੇ ਸਭ ਸ਼ਾਮਲ ਸਨ। ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਨੂੰ ਸਫ਼ਲ ਬਨਾਉਣ ਲਈ ਪੀਲ ਰੀਜਨ ਪੁਲਿਸ ਦੇ ਪ੍ਰਬੰਧਕਾਂ ਤੇ ਟੀ.ਪੀ.ਏ.ਆਰ. ਕਲੱਬ ਦੇ ਸਮੂਹ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੀਲ ਰੀਜਨ ਪੁਲਿਸ ਦਾ ਇਹ ਬਹੁਤ ਹੀ ਵਧੀਆ ਉਪਰਾਲਾ ਹੈ, ਜਿਸ ਦੇ ਲਈ ਉਹ ਸੱਚਮੁੱਚ ਵਧਾਈ ਦੀ ਹੱਕਦਾਰ ਹੈ। ਇਸ ਈਵੈਂਟ ਵਿਚ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੀ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ, ਫ਼ਲ-ਫਰੂਟ ਤੇ ਸ਼ਾਨਦਾਰ ਲੰਚ ਦਾ ਪ੍ਰਬੰਧ ਕੀਤਾ ਗਿਆ।

ਸਫਾ 1 ਦਾ ਬਾਕੀ

## ਅਮਰੀਕਾ ਤੋਂ ਵੱਡੀ ਗਿਣਤੀ 'ਚ...

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਨੂੰ ਦੱਖਣੀ ਸੁਡਾਨ ਲਿਜਾਇਆ ਗਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਗੈਰ-ਕਾਨੂੰਨੀ ਪ੍ਰਵਾਸੀ ਮੈਕਸੀਕੋ, ਮਿਆਂਮਾਰ, ਵੀਅਤਨਾਮ ਅਤੇ ਕਿਊਬਾ ਅਤੇ ਵੈਨੇਜ਼ੁਏਲਾ ਤੋਂ ਵੀ ਆਏ ਸਨ। ਉਨ੍ਹਾਂ ਵਿਚੋਂ ਜ਼ਿਆਦਾਤਰ ਛੋਟੀਆਂ-ਮੋਟੀਆਂ ਚੋਰੀਆਂ ਵਿਚ ਰੁੱਝੇ ਹੋਏ ਸਨ। ਵੈਨੇਜ਼ੁਏਲਾ ਤੋਂ ਆਏ ਕੁਝ ਪ੍ਰਵਾਸੀ 'ਗੈਂਗ ਮੈਂਬਰ' ਵੀ ਸਨ। ਇਸ ਸਬੰਧ ਵਿਚ ਟਰੰਪ ਪ੍ਰਸ਼ਾਸਨ (ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ) ਹੁਕਮ ਨੂੰ ਢੁੱਕਵਾਂ ਮੰਨਦਾ ਹੈ।

# ਭਾਰਤੀ ਏਅਰਲਾਈਨਾਂ ਵੱਲੋਂ ਮੱਧ ਪੂਰਬ, ਯੂਰਪ ਅਤੇ ਅਮਰੀਕਾ ਤੇ ਕੈਨੇਡਾ ਲਈ ਉਡਾਣਾਂ ਮੁਅੱਤਲ

**ਮੱਧ ਪੂਰਬ 'ਚ ਵਧਦੇ ਤਣਾਅ ਤੇ ਕਈ ਮੁਲਕਾਂ ਵੱਲੋਂ ਹਵਾਈ ਖੇਤਰ ਬੰਦ ਕੀਤੇ ਜਾਣ ਦੇ ਮੱਦੇਨਜ਼ਰ ਲਿਆ ਫੈਸਲਾ**

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਏਅਰਲਾਈਨਾਂ ਨੇ ਖੇਤਰ ਵਿਚ ਵਧਦੇ ਤਣਾਅ ਦਰਮਿਆਨ ਮੱਧ ਪੂਰਬ ਲਈ ਆਪਣੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਹਨ। ਇਸ ਫੈਸਲੇ ਨਾਲ ਜਿੱਥੇ ਹਜ਼ਾਰਾਂ ਯਾਤਰੀ ਅਸਰਅੰਦਾਜ਼ ਹੋਏ ਹਨ, ਉਥੇ ਏਅਰਲਾਈਨਾਂ ਨੂੰ ਕਾਫ਼ੀ ਵਿੱਤੀ ਨੁਕਸਾਨ ਝੱਲਣਾ ਪਿਆ ਹੈ। ਏਅਰ ਇੰਡੀਆ, ਜੋ 12 ਜੂਨ ਨੂੰ ਅਹਿਮਦਾਬਾਦ ਤੋਂ ਲੰਡਨ ਜਾ ਰਹੀ ਉਡਾਣ ਦੇ ਹਾਦਸਾਗ੍ਰਸਤ ਹੋਣ ਕਰਕੇ ਪਹਿਲਾਂ ਹੀ ਸੰਚਾਲਨ ਨਾਲ ਜੁੜੇ ਅੜਿੱਕਿਆਂ ਨਾਲ ਜੂਝ ਰਹੀ ਹੈ, ਨੇ ਮੱਧ ਪੂਰਬ, ਯੂਰਪ ਦੇ ਨਾਲ-ਨਾਲ ਅਮਰੀਕਾ ਅਤੇ ਕੈਨੇਡਾ ਵਿਚ ਪੰਜ ਥਾਵਾਂ ਲਈ ਆਪਣੀਆਂ ਸੇਵਾਵਾਂ ਅਸਥਾਈ ਤੌਰ 'ਤੇ ਬੰਦ ਕਰ ਦਿੱਤੀਆਂ ਹਨ।

ਏਅਰ ਇੰਡੀਆ ਨੇ ਇਕ ਬਿਆਨ ਵਿਚ ਕਿਹਾ, "ਮੱਧ ਪੂਰਬ ਵਿਚ ਬਣੇ ਮੌਜੂਦਾ ਹਾਲਾਤ ਅਤੇ ਕੁਝ ਹਵਾਈ ਖੇਤਰਾਂ ਦੇ ਬੰਦ ਹੋਣ ਕਰਕੇ, ਏਅਰ ਇੰਡੀਆ ਐਕਸਪ੍ਰੈੱਸ ਨੇ ਇਸ ਖੇਤਰ ਲਈ ਉਡਾਣਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ।"

ਉਧਰ ਇੰਡੀਗੋ ਨੇ ਵੀ ਕਿਹਾ ਕਿ ਉਹ ਵਰਤਮਾਨ ਵਿਚ ਅਤੇ ਹੌਲੀ-ਹੌਲੀ ਕੰਮ ਸ਼ੁਰੂ ਕਰ ਰਹੀ ਹੈ ਕਿਉਂਕਿ ਮੱਧ ਪੂਰਬ ਵਿਚ ਹਵਾਈ ਅੱਡੇ ਹੌਲੀ-ਹੌਲੀ ਦੁਬਾਰਾ ਖੁੱਲ੍ਹ ਰਹੇ ਹਨ। ਏਅਰਲਾਈਨ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਅਸੀਂ ਹਾਲਾਤ 'ਤੇ ਨੇੜਿਓਂ ਨਿਗ੍ਹਾ ਰੱਖ ਰਹੇ ਹਾਂ। ਸੁਰੱਖਿਅਤ ਅਤੇ ਨਿਰਵਿਘਨ ਯਾਤਰਾ ਯਕੀਨੀ ਬਣਾਉਣ ਲਈ ਸਭ ਤੋਂ ਸੁਰੱਖਿਅਤ ਉਪਲਬਧ ਉਡਾਣ ਮਾਰਗਾਂ 'ਤੇ ਵਿਚਾਰ ਕਰ ਰਹੇ ਹਾਂ।" ਦੁਬਈ ਅਤੇ ਦੋਹਾ ਦੇ ਹਵਾਈ ਅੱਡੇ ਵੀ ਰੁਝੇਂਵਿਆਂ ਵਾਲੀ ਕੌਮਾਂਤਰੀ ਹੱਬ ਹੈ, ਜਿਨ੍ਹਾਂ ਵਿਚ ਭਾਰਤ ਤੋਂ ਯੂਰਪ ਅਤੇ ਅਮਰੀਕਾ ਦੀਆਂ ਮੰਜ਼ਿਲਾਂ ਲਈ ਉਡਾਣ ਭਰਨ ਵਾਲੇ ਯਾਤਰੀ ਵੀ ਸ਼ਾਮਲ ਹਨ।

ਮੱਧ ਪੂਰਬ 'ਚ ਜਾਰੀ ਤਣਾਅ ਦੇ ਮੱਦੇਨਜ਼ਰ ਹਵਾਈ ਖੇਤਰਾਂ 'ਤੇ ਆਇਦ ਪਾਬੰਦੀਆਂ ਕਾਰਨ ਕਤਰ ਏਅਰਵੇਜ਼ ਸਮੇਤ ਕਈ ਆਲਮੀ ਏਅਰਲਾਈਨਾਂ ਦੇ ਸੰਚਾਲਨ ਪ੍ਰਭਾਵਿਤ ਹੋਏ ਹਨ। ਏਅਰ ਇੰਡੀਆ ਨੇ ਇਕ ਬਿਆਨ ਵਿਚ ਕਿਹਾ, "ਮੱਧ ਪੂਰਬ ਵਿਚ ਬਣੇ ਮੌਜੂਦਾ ਹਾਲਾਤ ਦਰਮਿਆਨ ਏਅਰ ਇੰਡੀਆ ਨੇ ਅਗਲੇ ਨੋਟਿਸ ਤੱਕ ਤੁਰੰਤ ਪ੍ਰਭਾਵ ਨਾਲ ਉੱਤਰੀ ਅਮਰੀਕਾ ਅਤੇ ਯੂਰਪ ਦੇ ਪੂਰਬੀ ਤੱਟ ਲਈ ਆਪਣੇ ਸਾਰੇ ਅਪਰੇਸ਼ਨਜ਼ ਬੰਦ ਕਰ ਦਿੱਤੇ ਹਨ। ਉੱਤਰੀ ਅਮਰੀਕਾ ਤੋਂ ਭਾਰਤ ਜਾਣ ਵਾਲੀਆਂ ਸਾਡੀਆਂ ਉਡਾਣਾਂ ਆਪੋ-ਆਪਣੇ ਮੂਲ ਸਥਾਨਾਂ ਵੱਲ ਵਾਪਸ ਮੁੜ ਰਹੀਆਂ ਹਨ ਅਤੇ ਹੋਰਾਂ ਨੂੰ ਭਾਰਤ ਵਾਪਸ ਮੋੜਿਆ ਜਾ ਰਿਹਾ ਹੈ ਜਾਂ ਬੰਦ ਹਵਾਈ ਖੇਤਰਾਂ ਤੋਂ ਦੂਰ ਭੇਜਿਆ ਜਾ ਰਿਹਾ ਹੈ।"

ਸਪਾਈਸਜੈੱਟ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ ਕਿ ਮੱਧ ਪੂਰਬ ਵਿਚ ਹਵਾਈ ਖੇਤਰ ਬੰਦ ਹੋਣ ਕਾਰਨ ਉਸ ਦੀਆਂ ਕੁਝ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ।

ਅਕਾਸਾ ਏਅਰ ਨੇ ਵੀ ਐਕਸ 'ਤੇ ਇੱਕ ਪੋਸਟ ਵਿਚ ਕਿਹਾ ਕਿ ਮੱਧ ਪੂਰਬ ਦੇ ਮੌਜੂਦਾ ਹਾਲਾਤ ਕਰਕੇ ਇਸ ਖੇਤਰ ਵਿਚ ਜਾਣ ਅਤੇ ਆਉਣ ਵਾਲੀਆਂ ਉਸ ਦੀਆਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ। ਇਸ ਤੋਂ ਪਹਿਲਾਂ ਸੋਮਵਾਰ ਨੂੰ ਭਾਰਤੀ ਏਅਰਲਾਈਨਾਂ ਨੇ ਆਪਣੀਆਂ ਕਈ ਉਡਾਣਾਂ ਨੂੰ ਡਾਇਵਰਟ ਕਰ ਦਿੱਤਾ ਸੀ ਕਿਉਂਕਿ ਕੁਝ ਖਾੜੀ ਮੁਲਕਾਂ ਨੇ ਇਰਾਨ ਵੱਲੋਂ ਕਤਰ ਵਿਚ ਅਮਰੀਕੀ ਏਅਰਬੇਸ 'ਤੇ ਮਿਜ਼ਾਈਲ ਹਮਲੇ ਕਰਨ ਤੋਂ ਬਾਅਦ ਆਪਣੇ ਹਵਾਈ ਖੇਤਰ ਨੂੰ ਬੰਦ ਕਰ ਦਿੱਤਾ ਸੀ। ਸੰਚਾਲਨ ਵਿਚ ਰੁਕਾਵਟਾਂ ਕਰਕੇ ਏਅਰਲਾਈਨਾਂ ਨੂੰ ਵੱਡੇ ਵਿੱਤੀ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ।

ਸਫਾ 1 ਦਾ ਬਾਕੀ

## ਅਮਰੀਕਾ ਵੱਲੋਂ ਵਰਲਡਵਾਈਡ...

ਐਕਸ 'ਤੇ ਇੱਕ ਪੋਸਟ ਵਿਚ ਵਿਦੇਸ਼ ਵਿਭਾਗ ਨੇ ਕਿਹਾ, "ਵਿਸ਼ਵਵਿਆਪੀ ਸਾਵਧਾਨੀ: ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਦੇ ਨਤੀਜੇ ਵਜੋਂ ਯਾਤਰਾ ਵਿਚ ਵਿਘਨ ਪਿਆ ਹੈ ਅਤੇ ਮੱਧ ਪੂਰਬ ਵਿਚ ਹਵਾਈ ਖੇਤਰ ਬੰਦ ਹੋ ਗਿਆ ਹੈ। ਵਿਦੇਸ਼ ਵਿਭਾਗ ਦੁਨੀਆਂ ਭਰ ਦੇ ਅਮਰੀਕੀ ਨਾਗਰਿਕਾਂ ਨੂੰ ਵਧੇਰੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਸਾਵਧਾਨੀ ਵਿਚ ਕਿਹਾ ਗਿਆ ਹੈ ਕਿ **http://travel.state. gov/destination**'ਤੇ ਯਾਤਰਾ ਦੀ ਯੋਜਨਾ ਬਣਾਉਂਦੇ ਸਮੇਂ ਸਾਡੀ ਯਾਤਰਾ ਸਲਾਹ, ਦੇਸ਼ ਦੀ ਜਾਣਕਾਰੀ ਅਤੇ ਕਿਸੇ ਵੀ ਹਾਲੀਆ ਸੁਰੱਖਿਆ ਚੇਤਾਵਨੀਆਂ ਨੂੰ ਧਿਆਨ ਨਾਲ ਪੜ੍ਹੋ।" ਇਹ ਘਟਨਾਕ੍ਰਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸ਼ਨੀਵਾਰ (ਅਮਰੀਕਾ ਦੇ ਸਥਾਨਕ ਸਮੇਂ) ਦੇ ਬਿਆਨ ਤੋਂ ਬਾਅਦ ਆਇਆ ਹੈ ਕਿ ਅਮਰੀਕਾ ਨੇ ਈਰਾਨ ਵਿਚ ਤਿੰਨ ਪ੍ਰਮਾਣੂ ਸਥਾਨਾਂ 'ਤੇ ਹਮਲਾ ਕੀਤਾ ਹੈ।

ਸਫਾ 1 ਦਾ ਬਾਕੀ

## ਟਰੰਪ ਪ੍ਰਸ਼ਾਸਨ ਵਲੋਂ ਵਿਦੇਸ਼ੀ...

ਹੁਣ ਇਹ ਨਵਾਂ ਫੈਸਲਾ ਲਿਆ ਗਿਆ ਹੈ ਕਿ ਵਿਦਿਆਰਥੀਆਂ ਨੂੰ ਆਪਣੀ ਸੋਸ਼ਲ ਮੀਡੀਆ ਐਕਟਿਵਿਟੀ ਖੁੱਲ੍ਹੀ ਰੱਖਣੀ ਪਵੇਗੀ। ਅਮਰੀਕੀ ਦੂਤਾਵਾਸ ਦੇ ਅਧਿਕਾਰੀ ਹਰ ਵਿਦਿਆਰਥੀ ਦੀ ਗਹਿਰੀ ਜਾਂਚ ਕਰਨਗੇ ਅਤੇ ਉਨ੍ਹਾਂ ਨੂੰ ਆਪਣੀਆਂ ਸੋਸ਼ਲ ਮੀਡੀਆ ਸੈਟਿੰਗਜ਼ 'ਪਬਲਿਕ' ਰੱਖਣ ਲਈ ਕਿਹਾ ਜਾਵੇਗਾ। ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਅਨੁਸਾਰ, ਇਸ ਚਾਲ ਦੇ ਨਾਲ ਉਹ ਹਰ ਆਵੇਦਕ ਦੀ ਢੰਗ ਨਾਲ ਜਾਂਚ ਕਰ ਸਕਣਗੇ ਅਤੇ ਕਿਸੇ ਵੀ ਖਤਰੇ ਤੋਂ ਦੇਸ਼ ਨੂੰ ਬਚਾਇਆ ਜਾ ਸਕੇਗਾ।

ਸਫਾ 1 ਦਾ ਬਾਕੀ

## ਨਿਊਯਾਰਕ ਸਿਟੀ ਦੇ ਮੇਅਰ ਅਹੁਦੇ ਲਈ ਭਾਰਤੀ-ਅਮਰੀਕੀ...

ਪ੍ਰਾਇਮਰੀ ਚੋਣ ਦੇ ਜੇਤੂ ਦਾ ਸਾਹਮਣਾ ਮੌਜੂਦਾ ਮੇਅਰ ਏਰਿਕ ਐਡਮਜ਼ ਨਾਲ ਹੋਵੇਗਾ, ਜੋ ਅਸਲ ਵਿਚ ਇੱਕ ਡੈਮੋਕ੍ਰੇਟ ਹਨ ਪਰ ਹੁਣ ਇੱਕ ਸੁਤੰਤਰ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਆਪਣੇ ਵਿਰੁੱਧ ਦਾਇਰ ਕੀਤੇ ਗਏ ਮਾਮਲੇ ਨੂੰ ਲੈ ਕੇ ਭਾਰੀ ਜਨਤਕ ਨਾਰਾਜ਼ਗੀ ਦੇ ਵਿਚਕਾਰ ਐਡਮਜ਼ ਨੇ ਇੱਕ ਸੁਤੰਤਰ ਵਜੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



# ‘ਗੁਰੂ ਨਾਨਕ ਸਾਹਿਬ ਦੀਆਂ ਅਨਮੋਲ ਹਿਦਾਇਤਾਂ’ ਪੁਸਤਕ ਗਿਆਨ ਦਾ ਖ਼ਜ਼ਾਨਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਡਾ. ਸਤਿੰਦਰ ਪਾਲ ਸਿੰਘ ਗੁਰਬਾਣੀ ਦਾ ਗਿਆਤਾ, ਵਿਸ਼ਲੇਸ਼ਣਕਾਰ, ਚਿੰਤਕ ਤੇ ਸਮਰੱਥ ਵਿਦਵਾਨ ਹੈ। ਉਸਨੇ ਗੁਰਬਾਣੀ ਦੀ ਵਿਚਾਰਧਾਰਾ ਦਾ ਅਧਿਐਨ ਕੀਤਾ ਹੋਇਆ ਹੈ। ਉਸਨੂੰ ਗੁਰਮਤਿ ਤੇ ਗੁਰਬਾਣੀ ਨਾਲ ਅਥਾਹ ਪ੍ਰੇਮ ਹੈ, ਇਸ ਲਈ ਉਸ ਦੀਆਂ ਸਾਰੀਆਂ ਪੁਸਤਕਾਂ ਹੀ ਗੁਰਬਾਣੀ ਦੀ ਵਿਚਾਰਧਾਰਾ ਨਾਲ ਓਤਪੋਤ ਹੁੰਦੀਆਂ ਹਨ। ਪੜਚੋਲ ਅਧੀਨ ਉਸ ਦੀ ਪੁਸਤਕ ‘ਗੁਰੂ ਨਾਨਕ ਸਾਹਿਬ ਦੀਆਂ ਅਨਮੋਲ ਹਿਦਾਇਤਾਂ’ ਵੀ ਸੁਚੱਜਾ ਜੀਵਨ ਜਿਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਸਾਰੰਸ਼ ਹਨ। ਉਸਨੇ ਇਸ ਪੁਸਤਕ ਵਿਚ ਪੰਜ ਲੇਖ ‘ਗੁਰੂ ਨਾਨਕ ਸਾਹਿਬ ਦਾ ਮਿਸ਼ਨ’, ‘ਗੁਰੂ ਨਾਨਕ ਸਾਹਿਬ ਦੀ ਬਾਣੀ’, ‘ਸੁਣਿ ਸੁਣਿ ਸਿਖ ਹਮਾਰੀ’, ‘ਹਿਦਾਇਤਾਂ ਦਾ ਅੰਮ੍ਰਿਤ ਕਲਸ਼’ ਅਤੇ ‘ਗੁਰੂ ਨਾਨਕ ਸਾਹਿਬ ਦਾ ਰਿਨ’ ਦਿੱਤੇ ਹਨ, ਜਿਹੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਨੁੱਖਤਾ ਨੂੰ ਦਿੱਤੀ ਅਗਵਾਈ ਨਾਲ ਸੰਬੰਧਤ ਹਨ, ਤਾਂ ਜੋ ਉਹ ਆਪਣਾ ਸੁਖਮਈ ਜੀਵਨ ਸਾਰਥਿਕ ਤਰੀਕੇ ਨਾਲ ਬਸਰ ਕਰ ਸਕਣ। ਇਹ ਸਾਰੇ ਲੇਖ ਇੱਕ ਦੂਜੇ ਨਾਲ ਇੱਕਮਿਕ ਹਨ। ਪਹਿਲਾ ਲੇਖ ‘ਗੁਰੂ ਨਾਨਕ ਸਾਹਿਬ ਦਾ ਮਿਸ਼ਨ’ ਹੈ, ਜਿਸ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਦਾ ਮਾਨਵਤਾ ਦੀ ਭਲਾਈ ਲਈ ਜਿਹੜਾ ਮਿਸ਼ਨ ਸੀ, ਉਸ ਬਾਰੇ ਗੁਰਬਾਣੀ ਵਿਚੋਂ ਉਦਾਹਰਣਾਂ ਦੇ ਕੇ ਸਾਬਤ ਕੀਤਾ ਹੈ ਕਿ ਉਹ ਸਰਬੱਤ ਦੇ ਭਲੇ ਦੇ ਮਿਸ਼ਨ ਨਾਲ ਲੋਕਾਈ ਨੂੰ ਸਿੱਧੇ ਰਸਤੇ ਪਾ ਰਹੇ ਸਨ। ਉਦਾਹਰਣਾਂ ਸਾਧਾਰਨ ਰੋਜ਼ਾਨਾ ਜੀਵਨ ਵਿਚੋਂ ਦਿੱਤੀਆਂ ਹਨ। ਇਸ ਲੇਖ ਵਿਚ ਸੁਦ੍ਰਿੜ ਲੇਖਕ ਨੇ ਸਰਬੱਤ ਦੇ ਭਲੇ ਲਈ ਬਰਾਬਰਤਾ, ਇਨਸਾਫ਼ ਦੀ ਵਕਾਲਤ, ਜਾਤ-ਪਾਤ, ਵਹਿਮ-ਭਰਮ, ਧਾਰਮਿਕ ਕੁਰਹਿਤਾਂ ਨੂੰ ਦੂਰ ਕਰਨ ਅਤੇ ਜਬਰ-ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਬਾਰੇ ਜਾਣਕਾਰੀ ਦਿੱਤੀ ਹੈ, ਕਿਉਂਕਿ ਉਸ ਸਮੇਂ ਲੋਕਾਈ ਧਾਰਮਿਕ ਆਡੰਬਰਾਂ ਅਤੇ ਵਹਿਮਾਂ-ਭਰਮਾਂ ਦੀ ਜਕੜ ਵਿਚ ਫਸੀ ਹੋਈ ਸੀ। ਲੋਕ ਲਾਲਚ, ਫਰੇਬ, ਧੋਖੇ, ਹੰਕਾਰ, ਝੂਠ, ਊਚ-ਨੀਚ ਵਿਚ ਗ੍ਰਸਤ ਸਨ। ਇਸ ਲਈ ਗੁਰੂ ਸਾਹਿਬ ਨੇ ਲੋਕਾਈ ਦੇ ਸੁਖਮਈ ਜੀਵਨ ਬਤੀਤ ਕਰਨ ਦੇ ਸੌਖੇ ਢੰਗ ਤਰੀਕਿਆਂ ਦੀ ਜਾਣਕਾਰੀ ਤੇ ਪ੍ਰੇਮ ਭਗਤੀ ਵਿਚ ਮਗਨ ਹੋਣ ਦੀ ਪ੍ਰੇਰਨਾ ਦਿੱਤੀ। ਸੰਗਤ ਤੇ ਪੰਗਤ ਰਾਹੀਂ ਜਾਤ-ਪਾਤ ਤੇ ਊਚ-ਨੀਚ ਖ਼ਤਮ ਕਰਨ ਦਾ ਸੰਦੇਸ਼ ਦਿੱਤਾ। ਕਰਮ ਕਾਂਡ ਅਤੇ ਵਹਿਮ-ਭਰਮ ਲੋਕਾਈ ਦਾ ਭਲਾ ਨਹੀਂ ਕਰ ਸਕਦੇ, ਉਨ੍ਹਾਂ ਸੰਵਾਦ ਦਾ ਢੰਗ ਵੀ ਅਪਣਾਇਆ। ਬਰਾਬਰਤਾ ਦਾ ਸੰਦੇਸ਼ ਦੇਣ ਲਈ ਗੁਰੂ ਸਾਹਿਬ ਨੇ ਉਚਾਰਿਆ:


ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।

ਗੁਰੂ ਸਾਹਿਬ ਨੇ ਦੱਸਿਆ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਯੁੱਗ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੁੱਖ ਸੰਸਾਰਕ ਪਦਾਰਥਾਂ ਰੂਪ, ਰਸ, ਗੰਧ, ਬਲ ਵਿਚ ਨਹੀਂ, ਸਗੋਂ ਚੰਗੇ ਕੰਮ ਕਰਨ ਨਾਲ ਪ੍ਰਮਾਤਮਾ ਦੀ ਕਿਰਪਾ ਵਿਚ ਹੈ। ਗੁਰੂ ਸਾਹਿਬ ਨੇ ਸਮੁੱਚੀ ਮਨੁੱਖਤਾ ਲਈ ਜੀਵਨ ਜਾਚ ਦੱਸੀ ਹੈ। ਦੂਜਾ ਲੇਖ ‘ਗੁਰੂ ਨਾਨਕ ਦੀ ਬਾਣੀ’ ਦੇ ਸਿਰਲੇਖ ਵਾਲਾ ਹੈ, ਜਿਸ ਵਿਚ ਲੇਖਕ ਨੇ ਗੁਰੂ ਸਾਹਿਬ ਦਾ ਗੁਰਬਾਣੀ ਰਾਹੀਂ ਸਮਾਜ ਨੂੰ ਗਿਆਨ ਵੰਡਣ ਦੇ ਮੰਤਵ ਬਾਰੇ ਦੱਸਿਆ ਹੈ। ਗੁਰਬਾਣੀ ਰਾਹੀਂ ਸਮਾਜਿਕ ਸੋਚ ਨੂੰ ਨਵੀਂ ਦਿਸ਼ਾ ਦੇ ਕੇ ਨਵੇਂ ਰਾਹ ’ਤੇ ਤੋਰਨਾ ਵੀ ਹੈ। ਗੁਰੂ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 974 ਸ਼ਬਦ ਦਰਜ ਹਨ। ਉਨ੍ਹਾਂ ਆਪਣੀ ਬਾਣੀ ਇੱਕ ਪੋਥੀ ਵਿਚ ਲਿਖ ਕੇ ਸਾਂਭ ਲਈ ਸੀ। ਇਹ ਬਾਣੀ ਕਈ ਰੂਪਾਂ ਵਿਚ ਹੈ। ਬਹੁਪੱਖੀ ਤੇ ਸਮਾਜਿਕ ਸਰੋਕਾਰਾਂ ਵਾਲੀ ਹੈ। ਆਸਾ ਦੀ ਵਾਰ ਆਤਮ ਚੇਤਨਾ ਦੀ ਖ਼ੁਰਾਕ ਹੈ, ਗੁਰਬਾਣੀ/ਪ੍ਰਮਾਤਮਾ ਗ੍ਰਹਿਸਥ ਜੀਵਨ ਦੀ ਹਾਮੀ, ਵਿਗਿਆਨਕ, ਪ੍ਰਮਾਤਮਾ ਨਿਰਾਕਾਰ, ਸਰਵਸ੍ਰੇਸ਼ਟ, ਹਰ ਥਾਂ ਮੌਜੂਦ, ਸ੍ਰਿਸ਼ਟੀ ਦੇ ਕਣ-ਕਣ ਵਿਚ, ਸਿਰਜਕ, ਸਾਰੇ ਧਰਮ-ਕਰਮ ਵਿਚ, ਗੁਣਾਂ ਦਾ ਸਾਗਰ, ਸਰਵਉੱਚ, ਕਿਸੇ ਪ੍ਰਤੀ ਜਵਾਬਦੇਹ ਨਹੀਂ, ਹਰ ਕਾਰਜ ਮਨੁੱਖ ਦੇ ਹਿੱਤ ਲਈ, ਨਿਰਵੈਰ ਅਤੇ ਸੱਚ ਦੀ ਪਛਾਣ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ, ਪ੍ਰਮਾਤਮਾ ਭਗਤੀ ਦੇ ਜ਼ਰੀਏ ਮਨੁੱਖ ਦਾ ਜੀਵਨ ਆਨੰਦਮਈ ਕਰਦਾ ਹੈ। ਤੀਜਾ ਲੇਖ ‘ਸੁਣਿ ਸੁਣਿ ਸਿਖ ਹਮਾਰੀ’ ਵਿਚ ਲੇਖਕ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਪਿਤਾ ਪਾਲਿਕ ਦੀ ਤਰ੍ਹਾਂ ਗੁਰਬਾਣੀ ਵਿਚ ਸੰਬੋਧਨ ਕਰਦੇ ਹੋਏ ਮਨੁੱਖਤਾ ਨੂੰ ਪ੍ਰਮਾਤਮਾ ਨਾਲ ਅਥਾਹ ਪ੍ਰੇਮ ਕਰਨ ਦੀ ਪ੍ਰੇਰਨਾ ਦਿੰਦੇ ਹਨ, ਕਿਉਂਕਿ ਪ੍ਰਮਾਤਮਾ ਪ੍ਰੇਮ ਵਿਚ ਪੂਰੇ ਬ੍ਰਹਿਮੰਡ ਸ਼ਾਮਲ ਹੈ। ਮਨਮੁੱਖ ਤੋਂ ਗੁਰਮੁੱਖ ਬਣਨ ਦਾ ਰਾਹ ਚੁਣਨਾ ਹੈ। ਜੀਵਨ ਦੀ ਮੁਕਤੀ ਲਈ ਮਨੁੱਖ ਨੂੰ ਖੁਦ ਜਤਨ ਕਰਨੇ ਪੈਣਗੇ। ਜੇਕਰ ਮਨੁੱਖ ਗੁਰੂ ਸਾਹਿਬ ਦੇ ਦੱਸੇ ਮਾਰਗ ’ਤੇ ਚੱਲੇਗਾ, ਤਾਂ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ, ਵਿਕਾਰ ਸ਼ਾਂਤ ਹੋ ਜਾਂਦੇ ਹਨ। ਭਗਤੀ ਤੇ ਕਿਰਪਾ ਸੰਪੂਰਨ ਗਿਆਨ ਬਖ਼ਸ਼ਣ ਵਾਲੀ ਹੈ। ਮਨੁੱਖ ਆਤਮ ਪੜਚੋਲ ਕਰਕੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਗੁਰਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਹੁਕਮ ਹੈ, ਜੀਵਨ ਜਿਊਣ ਦੇ ਢੰਗ ਲਈ ਹਿਦਾਇਤ ਹੈ। ਚੌਥਾ ਲੇਖ ‘ਹਿਦਾਇਤਾਂ ਦਾ ਅੰਮ੍ਰਿਤ ਕਲਸ਼’ ਵਿਚ ਲੇਖਕ ਨੇ ਵਿਸਤਾਰ ਨਾਲ ਗੁਰੂ ਨਾਨਕ ਦੇਵ ਜੀ ਵੱਲੋਂ ਲੋਕਾਈ ਨੂੰ ਉਨ੍ਹਾਂ ਦੇ ਸੁਨਹਿਰੀ ਜੀਵਨ ਜਿਊਣ ਲਈ ਹਿਦਾਇਤਾਂ ਦਾ ਵਰਣਨ ਕੀਤਾ ਹੈ। ਡਾ. ਸਤਿੰਦਰਪਾਲ ਸਿੰਘ ਨੇ ਗੁਰਬਾਣੀ ਦੀਆਂ ਉਦਾਹਰਨਾਂ ਦੇ ਕੇ ਮਾਨਵਤਾ ਨੂੰ ਸੌਖੇ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਵਿਖਾਵਾ, ਸੁੰਦਰ ਨਾਰੀ, ਸੁਹਣੇ ਤੇ ਵੱਡੇ ਘਰ, ਵਾਸ਼ਨਾਵਾਂ, ਘੁਮੰਡ, ਬਿਹਤਰੀਨ ਆਵਾਜਾਈ ਅਤੇ ਹੋਰ ਮਨ ਨੂੰ ਲੁਭਾਉਣ ਵਾਲੀਆਂ ਵਸਤਾਂ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ ਹੈ। ਇਨ੍ਹਾਂ ਨਾਲ ਇਨਸਾਨ ਭੁਲੇਖਿਆਂ ਵਿਚ ਹੀ ਉਲਝਿਆ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਨਾਲ ਇਨ੍ਹਾਂ ਵਸਤਾਂ ਤੋਂ ਖਹਿੜਾ ਛੁਡਾਕੇ ਸਫਲ ਜੀਵਨ ਬਿਤਾਇਆ ਜਾ ਸਕਦਾ ਹੈ। ਵਿਅਕਤੀ ਦਾ ਚੰਗਾ ਕਿਰਦਾਰ ਹੀ ਉਸਦਾ ਬੇੜਾ ਪਾਰ ਕਰ ਸਕਦਾ ਹੈ। ਮੁੱਖ ਤੌਰ ’ਤੇ ਲੋਕਾਈ ਕੁਝ ਚੀਜ਼ਾਂ ਨੂੰ ਪਾਉਣ ਦੀ ਲਾਲਸਾ ਕਰਕੇ ਆਪਣਾ ਜੀਵਨ ਮੁਸ਼ਕਲਾਂ ਵਿਚ ਪਾ ਲੈਂਦਾ ਹੈ, ਜਿਨ੍ਹਾਂ ਵਿਚ ਮੋਹ, ਮਾਇਆ, ਸੁਆਦ, ਸ਼ਿੰਗਾਰ, ਕੀਮਤੀ ਵਸਤਰ, ਸੁੰਦਰ ਨਾਰੀ ਅਤੇ ਰਿਸ਼ਤੇ ਸ਼ਾਮਲ ਹਨ। ਇਹ ਸਾਰੀਆਂ ਵਸਤਾਂ ਨਾਲ ਮਾਨਸਿਕ ਸ਼ਾਂਤੀ ਨਹੀਂ ਮਿਲ ਸਕਦੀ। ਗੁਰਸਿੱਖ ਦਾ ਪੂਰਨ ਸਮਰਪਣ ਤੇ ਭਰੋਸਾ ਗੁਰੂ ਲਈ ਹੋਣਾ ਚਾਹੀਦਾ ਹੈ। ਸੰਸਾਰ ਮਾਇਆ ਦੇ ਵਿਕਾਰਾਂ ਵਿਚ ਠੱਗਿਆ ਹੋਇਆ ਹੈ। ਵਿਕਾਰਾਂ ਦਾ ਤਿਆਗ ਕਰਕੇ ਮਨੁੱਖ ਸਹਿਜ, ਸੰਤੋਖ, ਸੰਜਮ ਅਤੇ ਦਇਆ ਜਿਹੇ ਗੁਣ ਧਾਰਨ ਕਰ ਲੈਂਦਾ ਹੈ, ਜੋ ਮੁਕਤੀ ਦਾ ਰਾਹ ਹਨ। ਕਰਮਕਾਂਡੀ ਪ੍ਰਵਿਰਤੀ ਤੋਂ ਖਹਿੜਾ ਛੁਡਾਉਣਾ ਜ਼ਰੂਰੀ ਹੈ। ਨਾਸ਼ਵਾਨ ਵਸਤਾਂ ਦੀ ਖਿੱਚ ਨਹੀਂ ਹੋਣੀ ਚਾਹੀਦੀ। ਗੁਰਸਿੱਖ ਆਪਣਾ ਸ਼ਿੰਗਾਰ ਸ਼ਬਦ ਨਾਲ ਕਰੇ। ਦੁਨਿਆਵੀ ਸ਼ਿੰਗਾਰ ਵਕਤੀ ਤੇ ਬੇਕਾਰ ਹਨ। ਗੁਰਸਿੱਖ ਦਾ ਪ੍ਰਮਾਤਮਾ ਨਾਲ ਪਿਆਰ ਗੂੜ੍ਹਾ ਹੋਵੇ ਤੇ ਫਿਰ ਉਹ ਆਪਾ ਨਿਸ਼ਾਵਰ ਕਰਨ ਲਈ ਤਿਆਰ ਰਹੇਗਾ। ਸੰਸਾਰ ਵਿਚ ਨਾਮ ਜਪਣ ਤੁਲ ਕੋਈ ਕਰਮ ਨਹੀਂ। ਪ੍ਰਮਾਤਮਾ ਦਾ ਭੈਅ ਸਿੱਧੇ ਰਸਤੇ ਪਾਉਂਦਾ ਰਹੇਗਾ। ਮਨੁੱਖੀ ਜੀਵਨ ਅਨਮੋਲ ਹੈ, ਕਰਮਾਂ ਦੀ ਕਮਾਈ ਨਾਲ ਸਫਲ ਬਣਾਇਆ ਜਾ ਸਕਦਾ ਹੈ। ਸੰਸਾਰਿਕ ਪ੍ਰਾਪਤੀਆਂ ਬੇਕਾਰ ਹਨ। ਧਰਮ ਦੇ ਭੇਖੀਆਂ ਦੇ ਪਖੰਡ ਤੋਂ ਦੂਰ ਰਹਿਣ ਦੀ ਨਸੀਅਤ ਦਿੱਤੀ ਹੈ। ਪਖੰਡੀ ਲੋਕ ਧਰਮੀ ਵੇਸ਼ ਧਾਰਨ ਕਰ ਲੈਂਦੇ ਹਨ। ਦੂਜੇ ਦੀ ਨਿੰਦਿਆ ਤੋਂ ਪ੍ਰਹੇਜ਼ ਕਰੋ। ਪ੍ਰਮਾਤਮਾ ਦਾ ਗਿਆਨ ਸੱਚਾ ਗਿਆਨ ਹੈ। ਪੰਜ ਤੱਤਾਂ ਪਵਨ, ਪਾਣੀ, ਅਗਨੀ, ਆਕਾਸ਼ ਤੇ ਧਰਤੀ ਦੀ ਰਚਨਾ ਮੰਨਿਆਂ ਹੈ, ਪ੍ਰੰਤੂ ਇਹ ਨਾਸ਼ਵਾਨ ਸਰੀਰ ਹੈ। ਪ੍ਰਮਾਤਮਾ ਦਾ ਨਾਮ ਤੇ ਭਗਤੀ ਹਮੇਸ਼ਾ ਨਾਲ ਰਹਿੰਦੇ ਹਨ। ਗੁਣ ਹੀ ਸੱਚੇ ਸੰਗੀ ਸਾਥੀ ਹੁੰਦੇ ਹਨ। ਸਤਿਗੁਰ ਬਿਨਾਂ ਜੀਵਨ ਵਿਅਰਥ ਹੁੰਦਾ ਹੈ, ਨਾਮ ਤੇ ਜੀਵਨ ਦਾ ਅਟੁੱਟ ਸੰਬੰਧ ਹੈ। ਸੁੱਖ ਦੀ ਪ੍ਰਾਪਤੀ ਨਾਮ ਸਿਮਰਨ ਨਾਲ ਹੀ ਮਿਲਦੀ ਹੈ। ਗੁਰਸਿੱਖ ਮਨਮਤ ਤੋਂ ਕੋਹਾਂ ਦੂਰ ਹੈ। ਗੁਰਸਿੱਖ ਜਦੋਂ ਗੁਰ ਸ਼ਬਦ ਵਿਚ ਮਨ ਇਕਾਗਰ ਕਰਦਾ ਹੈ, ਤਾਂ ਉਸਦੀ ਸੁਰਤਿ ਉਚੀ ਉਠ ਜਾਂਦੀ ਹੈ। ਭਗਤੀ ਗੁਰਸਿੱਖ ਲਈ ਵਿਖਾਵਾ ਨਹੀਂ। ਆਵਾਗਮਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਗੁਰਸਿੱਖ ਦਾ ਮਨ ਨਿਰਮਲ ਹੋ ਜਾਂਦਾ ਹੈ। ਪ੍ਰਮਾਤਮਾ ਦਾ ਨਾਮ ਜਪਣਾ ਹੀ ਸੱਚੀ ਭਗਤੀ ਹੈ। ਪ੍ਰਮਾਤਮਾ ਸਤਿ ਹੈ, ਕਰਤਾ ਪੁਰਖ ਹੈ, ਨਿਰਭਉ ਹੈ, ਨਿਰਵੈਰ ਹੈ, ਅਕਾਲ ਰੂਪ ਤੇ ਆਵਾਗਮਨ ਤੋਂ ਪਰ੍ਹੇ ਹੈ। ਉਹ ਸ੍ਰਿਸ਼ਟੀ ਦੀ ਹਰ ਰਚਨਾ ਵਿਚ ਵਿਦਮਾਨ ਹੈ। ਬਹੁ ਗਿਣਤੀ ਲੋਕ ਇੱਕ ਧਰਮੀ ਨੂੰ ਸਹਿਣ ਨਹੀਂ ਕਰਦੇ। ਇੰਦ੍ਰੀਆਂ ਨੂੰ ਵਸ ਵਿਚ ਰੱਖਣਾ ਜ਼ਰੂਰੀ ਹੈ। ਗੁਰੂ ਸਾਹਿਬ ਦੀ ਮੁੱਖ ਹਿਦਾਇਤ ਔਗੁਣਾ ਦਾ ਤਿਆਗ ਕਰਕੇ ਸਮੁੱਚੀ ਮਨੁੱਖਤਾ ਦਾ ਭਲਾ ਸੋਚਣਾ ਹੈ। ਭਲਾਈ ਅੰਮ੍ਰਿਤ ਹੈ, ਮੋਹ ਮਾਇਆ ਦਾ ਜੰਜਾਲ ਖ਼ਤਰਨਾਕ ਹੈ। ਅਗਿਆਨੀ ਅਨਮੋਲ ਜੀਵਨ ਭੋਗ ਵਿਲਾਸ, ਸੰਸਾਰਕ ਰਸਾਂ ਵਿਚ ਬਤੀਤ ਕਰ ਦਿੰਦੇ ਹਨ। ਤਾਕਤ, ਸੱਤਾ, ਦੌਲਤ, ਸਰੀਰਕ ਸੁੰਦਰਤਾ, ਉਚੀ ਜਾਤ ਅਤੇ ਜਵਾਨੀ ਪੰਜ ਠੱਗ ਹਨ, ਜਿਹੜੇ ਹਰ ਮਨੁੱਖ ਨੂੰ ਭਰਮ ਵਿਚ ਪਾ ਦਿੰਦੇ ਹਨ। ਗੁਰੂ ਸਾਹਿਬ ਨੇ ਕੂੜ ਤੋਂ ਬਚਾਇਆ ਹੈ, ਸੁਚੇਤ ਰਹਿਣ ਅਤੇ ਜੀਵਨ ਜਾਚ ਦੱਸੀ ਹੈ। ਗੁਰੂ ਨਾਨਕ ਨੇ ਪ੍ਰਮਾਤਮਾ ਦੀ ਨਦਰਿ ਪ੍ਰਾਪਤ ਕਰਨ ਲਈ ਗੁਰਸਿੱਖ ਦੀ ਭਗਤੀ ਦੇ ਤਿੰਨ ਪੱਧਰ ਦੱਸੇ “ਗਾਵੀਐ ਸੁਣੀਐ ਮਨਿ ਰਖੀਐ ਭਾਉ॥” ਆਖ਼ਰੀ ਪੰਜਵਾਂ ਲੇਖ ‘ਗੁਰੂ ਨਾਨਕ ਸਾਹਿਬ ਦਾ ਰਿਨ’ ਹੈ, ਜਿਸ ਵਿਚ ਲੇਖਕ ਨੇ ਦੱਸਿਆ ਹੈ ਕਿ ਗੁਰੂ ਸਾਹਿਬ ਨੇ ਆਪਣੀਆਂ ਹਿਦਾਇਤਾਂ ਰਾਹੀਂ ਲੋਕਾਈ ਦਾ ਭਲਾ ਕਰਕੇ ਉਨ੍ਹਾਂ ਨੂੰ ਆਵਾਗਮਨ ਦੇ ਰਸਤੇ ਵਿਚੋਂ ਕੱਢਕੇ ਸਿੱਧੇ ਰਸਤੇ ਪਾ ਕੇ ਉਨ੍ਹਾਂ ਦਾ ਜੀਵਨ ਸਫਲ ਕਰ ਦਿੱਤਾ ਹੈ। ਇਹ ਸਾਰਾ ਕੁਝ ਪ੍ਰਮਾਤਮਾ ਦੇ ਹੁਕਮ ਨਾਲ ਹੀ ਸੰਭਵ ਹੋ ਸਕਿਆ ਹੈ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਪ੍ਰਮਾਤਮਾ ਦੀ ਮਿਹਰ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ।

**150 ਪੰਨਿਆਂ, 300 ਰੁਪਏ ਭੇਟਾ ਵਾਲੀ ਇਹ ਪੁਸਤਕ ਭਾ. ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।**

**ਸੰਪਰਕ ਡਾ. ਸੁਰਿੰਦਰ ਪਾਲ ਸਿੰਘ : 8417852899**




***ਗੁਰੂ ਸਾਹਿਬ ਨੇ ਦੱਸਿਆ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਯੁੱਗ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੁੱਖ ਸੰਸਾਰਕ ਪਦਾਰਥਾਂ ਰੂਪ, ਰਸ, ਗੰਧ, ਬਲ ਵਿਚ ਨਹੀਂ, ਸਗੋਂ ਚੰਗੇ ਕੰਮ ਕਰਨ ਨਾਲ ਪ੍ਰਮਾਤਮਾ ਦੀ ਕਿਰਪਾ ਵਿਚ ਹੈ। ਗੁਰੂ ਸਾਹਿਬ ਨੇ ਸਮੁੱਚੀ ਮਨੁੱਖਤਾ ਲਈ ਜੀਵਨ ਜਾਚ ਦੱਸੀ ਹੈ। ਦੂਜਾ ਲੇਖ ‘ਗੁਰੂ ਨਾਨਕ ਦੀ ਬਾਣੀ’ ਦੇ ਸਿਰਲੇਖ ਵਾਲਾ ਹੈ, ਜਿਸ ਵਿਚ ਲੇਖਕ ਨੇ ਗੁਰੂ ਸਾਹਿਬ ਦਾ ਗੁਰਬਾਣੀ ਰਾਹੀਂ ਸਮਾਜ ਨੂੰ ਗਿਆਨ ਵੰਡਣ ਦੇ ਮੰਤਵ ਬਾਰੇ ਦੱਸਿਆ ਹੈ। ਗੁਰਬਾਣੀ ਰਾਹੀਂ ਸਮਾਜਿਕ ਸੋਚ ਨੂੰ ਨਵੀਂ ਦਿਸ਼ਾ ਦੇ ਕੇ ਨਵੇਂ ਰਾਹ ’ਤੇ ਤੋਰਨਾ ਵੀ ਹੈ। ਗੁਰੂ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 974 ਸ਼ਬਦ ਦਰਜ ਹਨ। ਉਨ੍ਹਾਂ ਆਪਣੀ ਬਾਣੀ ਇੱਕ ਪੋਥੀ ਵਿਚ ਲਿਖ ਕੇ ਸਾਂਭ ਲਈ ਸੀ। ਇਹ ਬਾਣੀ ਕਈ ਰੂਪਾਂ ਵਿਚ ਹੈ। ਬਹੁਪੱਖੀ ਤੇ ਸਮਾਜਿਕ ਸਰੋਕਾਰਾਂ ਵਾਲੀ ਹੈ। ਆਸਾ ਦੀ ਵਾਰ ਆਤਮ ਚੇਤਨਾ ਦੀ ਖ਼ੁਰਾਕ ਹੈ, ਗੁਰਬਾਣੀ/ਪ੍ਰਮਾਤਮਾ ਗ੍ਰਹਿਸਥ ਜੀਵਨ ਦੀ ਹਾਮੀ, ਵਿਗਿਆਨਕ, ਪ੍ਰਮਾਤਮਾ ਨਿਰਾਕਾਰ, ਸਰਵਸ੍ਰੇਸ਼ਟ, ਹਰ ਥਾਂ ਮੌਜੂਦ, ਸ੍ਰਿਸ਼ਟੀ ਦੇ ਕਣ-ਕਣ ਵਿਚ, ਸਿਰਜਕ, ਸਾਰੇ ਧਰਮ-ਕਰਮ ਵਿਚ, ਗੁਣਾਂ ਦਾ ਸਾਗਰ, ਸਰਵਉੱਚ, ਕਿਸੇ ਪ੍ਰਤੀ ਜਵਾਬਦੇਹ ਨਹੀਂ, ਹਰ ਕਾਰਜ ਮਨੁੱਖ ਦੇ ਹਿੱਤ ਲਈ, ਨਿਰਵੈਰ ਅਤੇ ਸੱਚ ਦੀ ਪਛਾਣ ਹੈ।***

# ਇਸਰਾਈਲ ਅਮਰੀਕਾ ਵੱਲੋਂ ਵਸਾਹ ਕੇ ਕੀਤੇ ਹਮਲੇ ਦਾ ਪ੍ਰਚੰਡ ਇਰਾਨੀ ਜਵਾਬ

**ਡਾ. ਸੁਰਿੰਦਰ ਮੰਡ**
ਪ੍ਰੋਫੈਸਰ ਅਤੇ ਮੁਖੀ (ਰਿਟਾਇਰਡ),
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਸਰਕਾਰੀ ਕਾਲਜ ਤਲਵਾੜਾ (ਹੁਸ਼ਿਆਰਪੁਰ)
94173-24543



ਪੰਜਾਬ ਮੇਲ USA



24 ਜੂਨ ਸਵੇਰ ਦੀ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਇਰਾਨ ਇਸਰਾਈਲ ਦਰਮਿਆਨ ਸੀਜ਼ਫਾਇਰ ਕਰਵਾ ਦੇਣ ਵਾਲੀ ਖ਼ਬਰ ਨੂੰ ਅੱਗੇ ਵਿਚਾਰਾਂਗੇ। ਪਹਿਲਾਂ ਪਿਛੋਕੜ ਜਾਣ ਲਈਏ।

ਇਰਾਨ ਜੋ 1980 ਤੋਂ ਸਖ਼ਤ ਅਮਰੀਕੀ ਪਾਬੰਦੀਆਂ ਦੀ ਮਾਰ ਹੇਠ ਹੈ, ਉਸ ਉੱਤੇ ਪਹਿਲਾਂ 13 ਜੂਨ ਨੂੰ ਇਸਰਾਈਲ ਅਤੇ ਫਿਰ ਅਮਰੀਕਾ ਵੱਲੋਂ ਇਸ ਬਹਾਨੇ ਅਚਨਚੇਤ ਮਾਰੂ ਹਮਲਾ ਕਰ ਦਿੱਤਾ ਗਿਆ ਕਿ ਉਹ ਪ੍ਰਮਾਣੂ ਬੰਬ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸਰਾਈਲ ਨੇ ਇਰਾਨੀ ਫੌਜ ਦੇ ਮੁਖੀ ਤੇ ਕਈ ਜਨਰਲ, ਪ੍ਰਮਾਣੂ ਵਿਗਿਆਨੀ ਘਰਾਂ ਵਿਚ ਸੁੱਤੇ ਕਤਲ ਕਰ ਦਿੱਤੇ। ਉਸਦੇ ਤਿੰਨ ਪ੍ਰਮਾਣੂ ਪਲਾਂਟ ਆਪਣੇ ਵੱਲੋਂ ਤਾਂ ਤਬਾਹ ਕਰ ਦਿੱਤੇ ਹਨ। ਹਫ਼ਤਾ ਬਾਅਦ ਫਿਰ ਅਮਰੀਕਾ ਦੇ ਪ੍ਰਮਾਣੂ ਬੰਬਾਰ ਬੀ-2 ਵੱਲੋਂ ਪ੍ਰਮਾਣੂ ਸਥਾਨਾਂ ਉੱਤੇ ਬੰਕਰ ਬਸਟਰ ਬੰਬ ਸੁੱਟੇ ਗਏ।

ਇਰਾਨ ਨੂੰ 'ਗੱਲਬਾਤ ਚਲਦੀ ਅਤੇ ਬਸ ਸਮਝੌਤਾ ਹੋ ਈ ਚੱਲਿਆ' ਦੇ ਭੱਚੇ ਵਿਚ ਲਿਆ ਕੇ ਦੋਵੇਂ ਵਾਰ ਹਮਲੇ ਕੀਤੇ ਗਏ ਹਨ। ਇਰਾਨ ਕਹਿੰਦਾ ਕਿ ਇਹ ਅੱਤਵਾਦੀ ਕਿਸਮ ਦੇ ਹਮਲੇ ਹੀ ਸਨ। ਸਭ ਅੰਤਰਰਾਸ਼ਟਰੀ ਨਿਯਮ ਕਾਨੂੰਨ ਛਿੱਕੇ ਟੰਗ ਦਿੱਤੇ ਗਏ। ਇਰਾਨ ਇਸਨੂੰ ਵਿਸ਼ਵਾਸਘਾਤ ਕਹਿ ਰਿਹਾ। ਟਰੰਪ ਅਤੇ ਨੇਤਨਯਾਹੂ ਆਖਦੇ ਰਹੇ ਕਿ ਇਰਾਨ ਦੇ ਲੀਡਰ ਖੁਮੇਨਾਈ ਨੂੰ ਮਾਰ ਕੇ ਆਪਣੇ ਪੱਖੀ ਸਰਕਾਰ ਬਣਾਉਣਾ ਸਾਡਾ ਅਗਲਾ ਉਦੇਸ਼ ਹੈ।

ਇਰਾਨ ਸਣੇ ਮੱਧ ਪੂਰਬ ਵਿਚ ਚਾਰ ਸਰਕਾਰਾਂ ਸਨ, ਜਿਨ੍ਹਾਂ ਆਪਣੇ ਕੌਮੀ ਹਿੱਤਾਂ ਉੱਤੇ ਪਹਿਰਾ ਦਿੰਦਿਆਂ ਤੇਲ ਦਾ ਕੌਮੀਕਰਨ ਵੀ ਕੀਤਾ ਅਤੇ ਅਮਰੀਕਾ ਪੱਛਮ ਦੀ ਤੇਲ ਕਬਜ਼ੇ ਵਾਲੀ ਈਨ ਨਾ ਮੰਨੀ। ਤਿੰਨਾਂ (ਇਰਾਕ, ਲਿਬੀਆ, ਸੀਰੀਆ) ਨੂੰ ਝੂਠੇ ਬਹਾਨੇ ਲਾ ਕੇ ਖਤਮ ਕਰ ਦਿੱਤਾ ਗਿਆ। ਇਰਾਕ ਬਾਰੇ ਝੂਠਾ ਭੰਡੀ ਪ੍ਰਚਾਰ ਕਰਕੇ ਹਮਲਾ ਕੀਤਾ ਕਿ ਸੱਦਾਮ ਹੁਸੈਨ ਨੇ ਸਾਰਾ ਸੰਸਾਰ ਤਬਾਹ ਕਰਨ ਜਿੰਨੇ ਰਸਾਇਣਕ ਹਥਿਆਰ ਇਕੱਠੇ ਕਰ ਲਏ ਹਨ, ਲਿਬੀਆ ਦੇ ਕਰਨਲ ਗੱਦਾਫੀ ਅਤੇ ਸੀਰੀਆ ਦੇ ਬਸ਼ਰ ਅਲ ਅਸਦ ਦੀਆਂ ਸਰਕਾਰਾਂ ਨੂੰ ਤਾਨਾਸ਼ਾਹ ਆਖ ਕੇ ਮਾਰਿਆ, ਬਦਲਿਆ ਅਤੇ ਦੇਸ਼ਾਂ ਨੂੰ ਕਦੀ ਨਾ ਖਤਮ ਹੋਣ ਵਾਲੀ ਖਾਨਾਜੰਗੀ ਵਿਚ ਧਕੇਲ ਦਿੱਤਾ। ਤਿੰਨੋਂ ਦੇਸ਼ ਬਰਬਾਦ ਹਨ ਅਤੇ ਉਥੇ ਤੇਲ ਦੀ ਲੁੱਟ ਮੱਚੀ ਹੈ।

ਹੁਣ ਚੌਥੇ ਇਰਾਨ ਦਾ 'ਨੰਬਰ' ਲਾਇਆ ਗਿਆ ਹੈ। ਇਰਾਨ ਵਿਚ 1953 ਵਿਚ ਚੰਗੀ ਭਲੀ ਚੁਣੀ ਸਰਕਾਰ ਚੱਲ ਰਹੀ ਸੀ, ਉਹ ਤੇਲ ਦਾ ਰਾਸ਼ਟਰੀਕਰਨ ਕਰਨ ਦੇ ਰਾਹ ਪਈ, ਜੋ ਪੂੰਜੀਵਾਦੀ ਸਾਮਰਾਜ ਦੀ ਸਿੱਧੀ ਨਿੱਜੀ ਲੁੱਟ ਨੂੰ ਵਾਰਾ ਨਹੀਂ ਖਾਂਦਾ। ਉਸਦਾ ਅਮਰੀਕਾ ਨੇ ਤਖ਼ਤਾਪਲਟ ਕਰਵਾ ਕੇ ਆਪਣੇ ਸ਼ਾਹ ਰਜ਼ਾ ਪਹਿਲਵੀ ਨੂੰ ਰਾਜੇ ਵਜੋਂ ਕਬਜ਼ਾ ਕਰਵਾ ਦਿੱਤਾ। ਪਰ 1979 'ਚ ਇਰਾਨੀਆਂ ਨੇ ਰਾਜੇ ਸ਼ਾਹ ਰਜ਼ਾ ਪਹਿਲਵੀ ਨੂੰ ਲਾਹ ਕੇ ਮੌਜੂਦਾ ਨਿਜ਼ਾਮ ਲਿਆਂਦਾ। ਪਹਿਲਵੀ ਅਮਰੀਕਾ ਜਾ ਲੁਕਿਆ। ਹੁਣ ਬਾਕਾਇਦਾ ਚੋਣਾਂ ਹੁੰਦੀਆਂ ਹਨ, ਧਾਰਮਿਕ ਆਗੂ ਖੁਮੇਨਾਈ ਹੈ। ਇਹ ਜੋ ਮੌਜੂਦਾ ਇਸਰਾਈਲ ਅਮਰੀਕਾ ਦਾ ਹਮਲਾ ਹੋਇਆ, ਇਹ ਅਗਰ ਪ੍ਰਮਾਣੂ ਪ੍ਰੋਗਰਾਮ ਵਿਰੁੱਧ ਹੀ ਹੁੰਦਾ, ਤਾਂ ਅਮਰੀਕਾ ਇਸਰਾਈਲ ਤੁਰੰਤ ਸਰਕਾਰ ਬਦਲਣ ਦੀ ਰਟ ਲਾਉਣੀ ਸ਼ੁਰੂ ਕਿਉਂ ਕਰਦੇ? ਇਨ੍ਹਾਂ ਨੇ ਤਾਂ ਇਰਾਨ ਵਿਰੋਧੀ ਅਪ੍ਰੇਸ਼ਨ ਦਾ ਨਾਮ ਹੀ 'ਰਾਈਜ਼ਿੰਗ ਲਾਈਨ' ਰੱਖਿਆ ਹੈ, ਜੋ ਸ਼ਾਹ ਰਜ਼ਾ ਪਹਿਲਵੀ ਦੀ ਹਕੂਮਤ ਦਾ ਚਿੰਨ ਸੀ, ਸੋ ਅਸਲ ਮਕਸਦ ਆਪਣੀ ਕਠਪੁਤਲੀ ਸਰਕਾਰ ਬਣਾਉਣਾ ਹੈ। ਅਮਰੀਕਾ ਰਹਿੰਦਾ ਰਜ਼ਾ ਪਹਿਲਵੀ ਦਾ ਮੁੰਡਾ ਨਵੇਂ ਇਰਾਨੀ ਲੀਡਰ ਵਜੋਂ ਉਭਾਰਿਆ ਜਾ ਰਿਹਾ ਤੇ ਇਸ ਮੁਹਿੰਮ ਵਿਚ ਸਾਡੇ ਉੱਤੋਂ 'ਥਾਪੜਾ ਪ੍ਰਾਪਤ' ਖ਼ਬਰਾਂ ਦੇ ਕਈ ਚੈਨਲ ਵੀ ਨਜ਼ਰ ਆ ਰਹੇ ਹਨ। ਇਨ੍ਹਾਂ ਦੀ ਰਗ ਇਸ ਗੱਲੋਂ ਇਸਰਾਈਲ ਨਾਲ ਰਲਦੀ ਜਾਪਦੀ ਹੈ ਕਿ ਉਹ ਘੋਰ ਮੁਸਲਿਮ ਵਿਰੋਧੀ ਹੈ।

ਇਰਾਨ ਨੂੰ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਣ ਦੀਆਂ ਗੱਲਾਂ ਉਹ ਕਰ ਰਹੇ ਹਨ, ਜਿਨ੍ਹਾਂ ਕੋਲ ਖੁਦ ਬੇਸ਼ੁਮਾਰ ਪ੍ਰਮਾਣੂ ਬੰਬ ਹਨ। ਇਨ੍ਹਾਂ ਨੇ ਕਿਸਦੀ ਆਗਿਆ ਨਾਲ ਬੰਬ ਬਣਾਏ ਹਨ? ਭਾਰਤ ਪਾਕਿਸਤਾਨ ਉੱਤਰੀ ਕੋਰੀਆ ਇਸਰਾਈਲ ਸਮੇਤ ਕਿਹੜਾ ਦੇਸ਼ ਹੈ, ਜਿਸਨੇ ਦੂਜਿਆਂ ਤੋਂ ਇਜਾਜ਼ਤ ਲੈ ਕੇ ਪ੍ਰਮਾਣੂ ਬੰਬ ਬਣਾਏ? ਆਪਣੇ ਬੇਲੀ ਮੁਲਕ ਕੋਲ ਬੰਬ ਹੋਣ ਤੇ ਜਿਹੜਾ ਨਹੀਂ ਉਸ ਕੋਲ ਨਾ ਹੋਣ, ਇੰਜ ਤਾਂ ਸੰਸਾਰ ਨਹੀਂ ਚੱਲ ਸਕਦਾ। ਚੰਗੀ ਗੱਲ ਤਾਂ ਇਹ ਕਿ ਕਿਸੇ ਕੋਲ ਵੀ ਨਾ ਹੋਣ, ਪਰ ਇੰਜ ਨੀ ਹੋਣਾ ਕਦੀ। ਆਪਣਾ ਬਚਾਅ ਕਰਨ ਦੇ ਰਾਹੇ ਤਾਂ ਫਿਰ ਹਰ ਕੋਈ ਪਊ।

ਇਸਰਾਈਲ ਬਾਰੇ ਮੈਨੂੰ ਤਾਂ ਲੱਗਦਾ ਕਿ ਇਸਾਈ ਮੁਲਕਾਂ ਦੀ ਦਾਅਪੇਚ ਨੀਤੀ ਬੇਹੱਦ ਸਫਲ ਰਹੀ। ਜਰਮਨ ਤਾਨਾਸ਼ਾਹ ਹਿਟਲਰ ਨੇ ਯਹੂਦੀਆਂ ਨੂੰ ਦੂਜੀ ਸੰਸਾਰ ਜੰਗ ਦੇ ਦੌਰ ਵਿਚ ਲੱਖਾਂ ਦੀ ਗਿਣਤੀ ਵਿਚ ਮਾਰਿਆ। ਦੂਜੇ ਕਈ ਯੂਰਪੀ ਦੇਸ਼ਾਂ ਵਿਚ ਵੀ ਵਿਤਕਰਾ ਹੁੰਦਾ ਰਿਹਾ। ਇੰਜ ਯਹੂਦੀਆਂ ਦੇ ਇਸਾਈਆਂ ਨਾਲ ਹਮੇਸ਼ਾਂ ਲਈ ਖ਼ੂਨੀ ਟਕਰਾਓ ਦੇ ਆਸਾਰ ਸਨ। ਇਸਾਈਆਂ ਆਖੀ ਜਾਣਾ ਸੀ ਕਿ "ਤੁਸੀਂ ਯਹੂਦੀਆਂ ਨੇ ਸਾਡੇ ਈਸਾ ਮਸੀਹ ਨੂੰ ਸੂਲੀ ਟੰਗਿਆ ਸੀ ਤੇ ਯਹੂਦੀਆਂ ਕਹਿਣਾ ਸੀ ਕਿ ਤੁਸੀਂ ਸਾਨੂੰ ਲੱਖਾਂ ਨੂੰ ਜਰਮਨ ਦੇ ਗੈਸ ਚੈਂਬਰਾਂ ਵਿਚ ਮਾਰ ਕੇ ਨਸਲਕੁਸ਼ੀ ਕੀਤੀ।" ਪਰ ਇੰਗਲੈਂਡ, ਅਮਰੀਕਾ ਨੇ 1947 ਵਿਚ ਫਲਸਤੀਨ ਨੂੰ ਤਕਰੀਬਨ ਅੱਧੋ ਅੱਧੀ ਵੰਡ ਕੇ ਵਿਚ ਯਹੂਦੀਆਂ ਲਈ ਇਸਰਾਈਲ ਦੇਸ਼ ਬਣਾ ਦਿੱਤਾ। ਯਹੂਦੀ ਅਮੀਰ ਅਤੇ ਧੱਕੇਸ਼ਾਹੀਆਂ ਦੇ ਫੱਟੇ ਸਨ। ਉਹ ਹੌਲੀ-ਹੌਲੀ ਸਾਰੇ ਫਲਸਤੀਨ ਉੱਤੇ ਕਾਬਜ਼ ਹੋ ਗਏ ਹਨ। ਉਨ੍ਹਾਂ ਫਲਸਤੀਨੀ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਜਿਸ ਵਿਚੋਂ ਹੀ ਹਮਾਸ ਵਾਲੇ ਝਗੜੇ ਨੇ ਜਨਮ ਲਿਆ। ਇੰਜ ਯੂਰਪੀ ਮੁਲਕ ਆਪਣਾ ਕਲੇਸ਼ਖਾਨਾ ਮੁਸਲਮਾਨਾਂ ਦੇ ਗਲ ਪਵਾਉਣ ਵਿਚ ਕਾਮਯਾਬ ਹੋ ਗਏ। ਅਮਰੀਕਾ, ਇੰਗਲੈਂਡ, ਜਰਮਨ ਹੋਰੀਂ ਆਪ ਇਸਰਾਈਲ ਦੇ ਚਹੇਤੇ ਬਾਪੂ ਬਣ ਬੈਠੇ।

ਹੁਣ ਇਸਰਾਈਲ ਮੱਧ ਪੂਰਬ ਦਾ ਠਾਣੇਦਾਰ ਹੈ। ਆਕਾ ਅਮਰੀਕਾ ਹੈ। ਅਮਰੀਕਾ ਦੇ ਜਾਰਡਨ, ਬਹਿਰੀਨ, ਕਤਰ, ਸਾਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਓਮਾਨ, ਇਰਾਕ, ਤੁਰਕੀ, ਸੀਰੀਆ ਵਿਚ ਫੌਜੀ ਅੱਡੇ ਹਨ। 40-50 ਹਜ਼ਾਰ ਫੌਜੀ ਤਾਇਨਾਤ ਹਨ। ਤੇਲ ਖਿੱਤੇ ਉੱਪਰ ਦੱਬਦਬਾ ਹੈ। ਇਕੱਲਾ ਇਰਾਨ ਹੈ, ਜੋ ਈਨ ਨਹੀਂ ਮੰਨਦਾ। ਇਰਾਨ ਦੀ ਸਰਕਾਰ ਬਦਲਣ ਦੀ ਲੋਕਾਂ ਨੂੰ ਅਪੀਲ ਤਾਂ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਆਪਣੇ ਹਮਲੇ ਦੇ ਪਹਿਲੇ ਦਿਨ ਹੀ ਕਰ ਦਿੱਤੀ ਸੀ।

ਏਸੇ ਯਬ੍ਹੇ ਅਤੇ ਮਾਣ ਦੀ ਬਦੌਲਤ ਹੀ ਦੋਵਾਂ ਮੁਲਕਾਂ ਵੱਲੋਂ ਇਰਾਨ ਉੱਤੇ ਵਸਾਹ ਕੇ ਇਕਪਾਸੜ ਚੋਰੀ ਸਾਜ਼ਿਸ਼ੀ ਹਮਲਾ ਕੀਤਾ ਗਿਆ। ਉਸਦੇ ਪ੍ਰਮਾਣੂ ਕੇਂਦਰਾਂ ਉੱਤੇ ਅਮਰੀਕੀ ਬੰਕਰ ਬਸਟਰ ਹਮਲਾ ਤਾਂ ਇਰਾਨ ਵਿਚ ਪ੍ਰਮਾਣੂ ਹਮਲੇ ਵਰਗੀ ਤਬਾਹੀ ਲਿਆ ਸਕਦਾ ਸੀ। ਨਾਲ ਦਬਕੇ ਤੇ ਫੜ੍ਹਾਂ ਵੀ ਮਾਰੀਆਂ ਗਈਆਂ।

ਇਸਰਾਈਲ ਵੱਲੋਂ 13 ਜੂਨ ਨੂੰ ਰਾਤੀਂ ਘਰਾਂ ਵਿਚ ਸੁੱਤੇ ਪ੍ਰਮਾਣੂ ਵਿਗਿਆਨੀ ਅਤੇ ਫੌਜੀ ਅਫ਼ਸਰ ਮਾਰਨ ਅਤੇ ਪ੍ਰਮਾਣੂ ਕੇਂਦਰਾਂ ਉੱਤੇ 200 ਜਹਾਜ਼ਾਂ ਨਾਲ ਕੀਤੇ ਹਮਲਿਆਂ ਦੀ ਕਾਰਵਾਈ ਨੂੰ ਟਰੰਪ ਨੇ ਸਲਾਹਿਆ, ਆਖਿਆ ਕਿ ਮੈਨੂੰ ਸਭ ਪਤਾ ਸੀ। ਕਿਹਾ ਕਿ ਹੁਣ ਇਰਾਨ ਫੌਰੀ ਹਥਿਆਰ ਸੁੱਟ ਕੇ, ਹਾਰ ਮੰਨ ਕੇ ਸਰੰਡਰ ਕਰੇ, ਸੰਪੂਰਨ ਸਰੰਡਰ। ਨਹੀਂ ਤਾਂ ਸੰਪੂਰਨ ਵਿਨਾਸ਼ ਹੋਵੇਗਾ। ਤਹਿਰਾਨ ਨੂੰ ਫੌਰੀ ਖਾਲੀ ਕਰ ਦੇਣ ਦਾ ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਹੁਕਮ ਦਿੱਤਾ। ਸਾਡੇ ਕਈ ਇਸਰਾਈਲੀ ਰੰਗ ਵਿਚ ਰੰਗੇ ਖਬਰਾਂ ਦੇ ਚੈਨਲਾਂ ਦੇ ਐਂਕਰ, "ਵਿਸ਼ੇਸ਼ਗ" ਤਾੜੀ ਵਜਾਉਂਦੇ ਰਹੇ। ਇਰਾਨੀ ਲੀਡਰ ਖੁਮੇਨਈ ਨੂੰ ਕਤਲ ਕਰ ਦੇਣ ਦਾ ਫ਼ਰਮਾਨ ਵੀ ਜਾਰੀ ਕਰ ਦਿੱਤਾ ਗਿਆ ਕਿ ਸਾਨੂੰ ਪਤਾ ਕਿ ਉਹ ਕਿੱਥੇ ਲੁਕਿਆ।

ਪਰ ਇਰਾਨ ਦੀ ਜਵਾਬੀ ਕਾਰਵਾਈ, ਹੌਂਸਲੇ ਅਤੇ ਰਣਨੀਤੀ ਨੇ ਇਸਰਾਈਲ ਅਮਰੀਕਾ ਅਤੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਰਾਨੀ ਮਿਸਾਈਲਾਂ ਨੇ ਹੈਰਾਨੀਜਨਕ ਤਬਾਹੀ ਮਚਾਈ। ਇਸਰਾਈਲੀ ਅਮਰੀਕੀ ਏਅਰ ਡਿਫੈਂਸ ਇਰਾਨੀ ਮਿਸਾਈਲ ਹਮਲੇ ਰੋਕ ਨਾ ਸਕੀ। ਇਸਰਾਈਲੀ ਲੋਕ ਦਿਨੇ ਰਾਤ ਬੰਕਰਾਂ ਤਹਿਖਾਨਿਆਂ ਵੱਲ ਹੀ ਭੱਜਦੇ ਰਹੇ। ਕਈਆਂ ਆਖਿਆ ਕਿ ਇਸਰਾਈਲ ਹੁਣ ਖੁਦ ਗਾਜ਼ਾ ਦੀ ਕੀਤੀ ਤਬਾਹੀ ਵਰਗਾ ਦਿੱਸਦਾ ਹੈ।

ਇਸਰਾਈਲ, ਅਮਰੀਕਾ ਨੂੰ ਉਦੋਂ ਜੰਗ ਵਿਚ ਸਿੱਧਾ ਘੜੀਸਣ ਵਿਚ ਸਫਲ ਅਤੇ ਖੁਸ਼ ਹੋਇਆ, ਜਦ ਅਮਰੀਕਾ ਨੇ ਬੀ2 ਬੰਬਾਰਾਂ ਨਾਲ ਇਰਾਨੀ ਪ੍ਰਮਾਣੂ ਕੇਂਦਰਾਂ ਉੱਤੇ ਬੰਕਰ ਬਸਟਰ ਬੰਬ ਸੁੱਟੇ। ਇਸਰਾਈਲੀ ਨੱਚੇ ਤੇ ਬੰਬ ਸੁੱਟ ਕੇ ਪੱਟਾਂ ਉੱਤੇ ਥਾਪੀਆਂ ਮਾਰ ਕੇ ਬੂਲਬੂਲੀਆਂ ਵੀ ਮਾਰੀਆਂ।

ਇਰਾਨੀ ਵਿਦੇਸ਼ ਮੰਤਰੀ ਨੇ 23 ਨੂੰ ਰੂਸੀ ਰਾਸ਼ਟਰਪਤੀ ਪੂਤਿਨ ਨਾਲ ਮੁਲਾਕਾਤ ਕੀਤੀ। ਵੱਡੇ ਰੂਸੀ ਲੀਡਰ ਮੈਦਵੇਦੇਵ ਨੇ ਐਲਾਨ ਕੀਤਾ ਕਿ ਪੀੜਤ ਇਰਾਨ ਨੂੰ ਕਈ ਦੇਸ਼ ਪ੍ਰਮਾਣੂ ਬੰਬ ਦੇਣ ਨੂੰ ਤਿਆਰ ਹਨ। ਇਰਾਨ ਨੇ ਓਸੇ ਹੀ ਦਿਨ ਕਤਰ ਵਿਚਲੇ ਅਮਰੀਕੀ ਫੌਜੀ ਅੱਡੇ ਉੱਤੇ ਜਦ ਰਾਤ ਨੂੰ ਹਮਲਾ ਕੀਤਾ, ਤਾਂ ਲੋਕਾਂ ਸੋਚਿਆ ਕਿ ਹੁਣ ਗੱਲ ਬਹੁਤ ਵਧ ਜਾਵੇਗੀ। ਪਰ ਅਮਰੀਕਾ ਨੇ ਫੌਰੀ ਹੈਰਾਨਕੁੰਨ ਮੋੜਾ ਕੱਟਿਆ ਅਤੇ ਟਰੰਪ ਨੇ 24 ਦੀ ਸਵੇਰ ਨੂੰ ਹੀ ਐਲਾਨ ਕਰ ਦਿੱਤਾ ਕਿ ਮੈਂ ਇਰਾਨ ਇਸਰਾਈਲ ਵਿਚ ਸੀਜ਼ਫਾਇਰ ਕਰਵਾ ਦਿੱਤਾ ਹੈ, ਹੁਣ ਕੋਈ ਗੋਲੀ ਨਹੀਂ ਚੱਲੇਗੀ। ਇਸਰਾਈਲ ਨੇ ਸਹਿਮਤੀ ਦਿੱਤੀ। ਪਰ ਇਰਾਨ ਨੇ ਕਿਹਾ ਕਿ ਇਹ ਝੂਠ ਹੈ, ਉਨ੍ਹਾਂ ਦਿਨੇ 6 ਰਾਊਂਡ ਬਹੁਤ ਵੱਡੇ ਹਮਲੇ ਕੀਤੇ। ਜਦ ਇਸਰਾਈਲ ਨੇ ਮੋੜਵੇਂ ਹਮਲੇ ਲਈ ਜਹਾਜ਼ ਉਡਾਏ, ਤਾਂ ਟਰੰਪ ਨੇ ਨੇਤਨਯਾਹੂ ਨੂੰ ਫੋਨ ਕਰਕੇ ਫੌਰੀ ਹੁਕਮ ਦਿੱਤਾ ਕਿ ਇਸਰਾਈਲੀ ਪਾਇਲਟਾਂ ਨੂੰ ਤੁਰੰਤ ਜਹਾਜ਼ ਵਾਪਸ ਮੋੜ ਲਿਆਉਣ ਦਾ ਹੁਕਮ ਦੇਵੋ ਕਿ ਇਰਾਨ ਉੱਤੇ ਬੰਬ ਨਾ ਸੁੱਟਣ, ਇਹੀ ਹੋਇਆ ਉਹ ਰਸਮੀ ਚੱਕਰ ਲਾ ਕੇ ਮੁੜ ਆਏ, ਅੱਗੋਂ ਇਰਾਨ ਨੇ ਵੀ ਆਖਿਆ, ਜੇ ਹੁਣ ਸਾਡੇ 'ਤੇ ਹਮਲਾ ਨਹੀਂ ਹੁੰਦਾ ਤਾਂ ਇਰਾਨ ਵੀ ਹਮਲਾ ਨਹੀਂ ਕਰੇਗਾ। ਸੋ ਫਿਲਹਾਲ ਅਜਿਹਾ ਸੀਜ਼ਫਾਇਰ ਹੋ ਗਿਆ ਹੈ। ਮੈਨੂੰ ਲੱਗਦਾ ਕਿ ਅਮਰੀਕਾ ਨੇ ਇਹ ਕਲੇਸ਼ਖਾਨੇ ਵਿਚ ਆਪਣੇ ਸਿੱਧੇ ਉਲਝਣ ਤੋਂ ਬਚਾਅ ਲਈ ਕੀਤਾ। ਪਰ ਇਸ ਸੀਜ਼ਫਾਇਰ ਦੇ ਟੁੱਟਣ ਦੀ ਸੰਭਾਵਨਾ ਹੈ।

ਮੇਰੀ ਜਾਚੇ ਇਸ ਸਾਜ਼ਿਸ਼ੀ ਕਿਸਮ ਦੇ ਇਸਰਾਈਲੀ ਅਮਰੀਕੀ ਹਮਲੇ ਦਾ ਉਲਟਾ ਅਸਰ ਹੋਇਆ ਹੈ। ਇਸਰਾਈਲ ਦਾ ਸੁਰੱਖਿਅਤ ਅਤੇ ਬਹੁਤ ਤਕੜੇ ਮੁਲਕ ਵਜੋਂ ਵਕਾਰ ਨਹੀਂ ਰਿਹਾ। ਇਸ ਨਾਲ ਭਵਿੱਖ ਵਿਚ ਮੱਧ ਪੂਰਬ ਦੇ ਮੁਲਕਾਂ ਉੱਪਰ ਉਸਦਾ ਜ਼ੋਰਾਵਰਾਂ ਵਾਲਾ ਬਣਿਆਂ ਛੱਪਾ ਚੁੱਕਿਆ ਜਾਵੇਗਾ। ਇਰਾਨ ਦਾ ਅਣਖੀ, ਦਲੇਰ, ਨਿੱਡਰ ਲੜਾਕੂ ਕੌਮ ਵਜੋਂ ਵਕਾਰ ਵਧਿਆ ਹੈ। ਇਸਰਾਈਲ ਅਮਰੀਕਾ ਬੇਅਸੂਲੇ ਹਮਲਾਵਰਾਂ ਵਜੋਂ ਚਰਚਿਤ ਹੋਏ। ਅਮਰੀਕਾ ਖੇਮਾ ਨੰਗਾ ਹੋਇਆ ਅਤੇ ਡਰਪੋਕ ਵਪਾਰੀ ਵਰਗਾ ਜਾਪਿਆ। ਇਰਾਨ ਦੀ ਰੂਸ, ਚੀਨ, ਉੱਤਰੀ ਕੋਰੀਆ ਨਾਲ ਲੰਗੋਟੀਆ ਯਾਰੀ ਮਜ਼ਬੂਤ ਹੋਈ। ਰੂਸ ਨੇ ਇਰਾਨ ਨੂੰ ਪ੍ਰਮਾਣੂ ਬੰਬ ਤੱਕ ਦੇ ਦੇਣ ਦਾ ਇਸ਼ਾਰਾ ਦੇ ਦਿੱਤਾ।

ਲੱਗਦਾ ਕਿ ਇਰਾਨ ਹੁਣ ਪ੍ਰਮਾਣੂ ਅਪ੍ਰਸਾਰ ਸੰਧੀ ਵਿਚੋਂ ਬਾਹਰ ਆ ਸਕਦਾ ਤੇ ਪ੍ਰਮਾਣੂ ਬੰਬ ਬਣਾਏਗਾ। ਉਸਦੀ ਲੀਡਰਸ਼ਿਪ ਮਜ਼ਬੂਤ ਹੋਈ ਹੈ। ਅਮਰੀਕਾ ਤ੍ਰਬਕ ਗਿਆ ਹੈ ਤੇ ਤਾਜ਼ਾ ਬਿਆਨ ਦੇ ਦਿੱਤਾ ਕਿ ਮੈਂ ਇਰਾਨ ਦੀ ਲੀਡਰਸ਼ਿਪ ਨਹੀਂ ਬਦਲਣਾ ਚਾਹੁੰਦਾ। ਟਰੰਪ ਇਰਾਨ ਨਾਲ ਬੇਮੌਕਾ ਫੌਰੀ ਵਪਾਰ ਦੀਆਂ ਬਚਗਾਨਾ ਜਿਹੀਆਂ ਗੱਲਾਂ ਕਰਨ ਲੱਗ ਪਿਆ ਹੈ। ਟਰੰਪ ਦਾ ਤਾਜ਼ਾ ਬਿਆਨ ਕਿ ਇਰਾਨ ਹੁਣ ਵਪਾਰਕ ਖੁਸ਼ਹਾਲੀ ਵੱਲ ਵਧੇਗਾ।

ਇਹ ਹੈ ਅੱਜ ਦਾ ਦਿੱਸਦਾ ਸੱਚ। ਲੀਡਰਾਂ ਦੇ ਚੰਦਰੇ ਮਨਾਂ 'ਚ ਕੀ ਚੱਲ ਰਿਹਾ, ਕੌਣ ਜਾਣਦਾ।✿


# ਅਰਬ ਦੇਸ਼ ਫਲਸਤੀਨੀਆਂ ਅਤੇ ਇਰਾਨ ਦੀ ਇਜ਼ਰਾਈਲ ਦੇ ਖਿਲਾਫ ਮਦਦ ਕਿਉਂ ਨਹੀਂ ਕਰ ਰਹੇ?


ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA







**ਇਨ੍ਹਾਂ ਦੇਸ਼ਾਂ ਨੂੰ ਪਤਾ ਹੈ ਕਿ ਇਜ਼ਰਾਈਲ ਅਮਰੀਕਾ ਦੇ ਇੱਕ ਇਸ਼ਾਰੇ 'ਤੇ ਕਿਸੇ ਵੀ ਗੁਆਂਢੀ ਦੇਸ਼ ਦੀ ਧੌਣ ਮਰੋੜ ਸਕਦਾ ਹੈ। ਗਾਜ਼ਾ ਦੀ ਜੰਗ ਦਾ ਹਰੇਕ ਦਿਨ ਅਰਬ ਦੇਸ਼ਾਂ 'ਤੇ ਭਾਰੀ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਜਨ ਅਕ੍ਰੋਸ਼ ਵਧਦਾ ਜਾ ਰਿਹਾ ਹੈ। ਇਸ ਮਜਬੂਰੀ ਕਾਰਨ ਅਰਬ ਦੇਸ਼ ਗਾਜ਼ਾ ਜੰਗ ਨੂੰ ਰੋਕਣ ਅਤੇ ਆਪਣੀਆਂ ਗੱਦੀਆਂ ਬਚਾਉਣ ਲਈ ਅਮਰੀਕਾ ਨੂੰ ਅਪੀਲਾਂ ਕਰ ਰਹੇ ਹਨ, ਉਨ੍ਹਾਂ ਨੂੰ ਫਲਸਤੀਨੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।**

ਦੁਨੀਆਂ ਵਿਚ ਕੁੱਲ 22 ਅਰਬ ਦੇਸ਼ ਹਨ, ਜੋ ਮੱਧ ਪੂਰਬ ਤੋਂ ਲੈ ਕੇ ਉੱਤਰੀ ਅਫਰੀਕਾ ਦੇ ਦੇਸ਼ਾਂ ਜਿਵੇਂ ਮਿਸਰ, ਲੀਬੀਆ, ਮੌਰੱਕੋ ਅਤੇ ਅਲਜੀਰੀਆ ਆਦਿ ਤੱਕ ਫੈਲੇ ਹੋਏ ਹਨ। ਇਨ੍ਹਾਂ ਵਿਚ ਸਭ ਤੋਂ ਜਿਆਦਾ ਦੌਲਤਮੰਦ ਸਾਊਦੀ ਅਰਬ, ਯੂਨਾਈਟਿਡ ਅਰਬ ਅਮੀਰਾਤ (ਦੁਬਈ, ਆਬੂਧਾਬੀ, ਸ਼ਾਰਜਾਹ, ਆਜਮਨ, ਉੱਮ ਅਲ ਕੁਵਾਇਨ, ਰਾਸ ਅਲ ਖੇਮਾਹ ਅਤੇ ਫੁਜ਼ਾਈਰਾਹ), ਉਮਾਨ, ਬਹਿਰੀਨ, ਕੁਵੈਤ ਅਤੇ ਕਤਰ ਹਨ। ਇਹ ਸਾਰੇ ਦੇਸ਼ ਸੁੰਨੀ ਫਿਰਕੇ ਨਾਲ ਸਬੰਧ ਰੱਖਦੇ ਹਨ ਤੇ ਫਲਸਤੀਨੀ (ਗਾਜ਼ਾ ਪੱਟੀ ਅਤੇ ਪੱਛਮੀ ਕਿਨਾਰਾ) ਵੀ ਸੁੰਨੀ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਇਜ਼ਰਾਈਲ ਨੂੰ ਗਾਜ਼ਾ ਵਿਚ ਜ਼ੁਲਮ ਕਰਦਿਆਂ ਇੱਕ ਸਾਲ ਅੱਠ ਮਹੀਨੇ (7 ਅਕਤੂਬਰ 2023 ਨੂੰ ਸ਼ੁਰੂ ਹੋਏ) ਦੇ ਕਰੀਬ ਹੋ ਗਏ ਹਨ। ਲਗਭਗ ਰੋਜ਼ਾਨਾ ਹੋ ਰਹੇ ਹਵਾਈ ਹਮਲਿਆਂ ਵਿਚ ਸੈਂਕੜੇ ਮਾਸੂਮ ਬੱਚਿਆ, ਔਰਤਾਂ ਅਤੇ ਮਰਦਾਂ ਨੂੰ ਕਤਲ ਕੀਤਾ ਹਾ ਰਿਹਾ ਹੈ। ਹੁਣ ਤੱਕ 180 ਪੱਤਰਕਾਰਾਂ ਸਮੇਤ ਕਰੀਬ 56000 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਗਾਜ਼ਾ ਪੱਟੀ ਦੇ ਖਾਨ ਯੂਨਸ, ਰਫਾਹ, ਦੀਰ ਅਲ ਬਲਾਹ ਅਤੇ ਗਾਜ਼ਾ ਸਿਟੀ ਆਦਿ ਸ਼ਹਿਰਾਂ ਨੂੰ ਖੰਡਰਾਂ ਵਿਚ ਬਦਲ ਦਿੱਤਾ ਗਿਆ ਹੈ। ਹੁਣ ਤਾਂ ਜ਼ੁਲਮ ਦੀ ਇੰਤਹਾ ਹੋ ਗਈ ਹੈ, ਇਜ਼ਰਾਈਲੀ ਫੌਜ ਨੇ ਨਾਕਾਬੰਦੀ ਕਰ ਕੇ ਗਾਜ਼ਾ ਪੱਟੀ ਵਿਚ ਰਾਸ਼ਨ ਪਾਣੀ ਪਹੁੰਚਣਾ ਬਿਲਕੁਲ ਬੰਦ ਕਰ ਦਿੱਤਾ ਹੈ। ਹਜ਼ਾਰਾਂ ਲੋਕਾਂ ਦੀ ਭੁੱਖ ਨਾਲ ਮਰਨ ਦੀ ਨੌਬਤ ਆ ਗਈ ਹੈ। ਹੁਣ ਇਜ਼ਰਾਈਲੀ ਫੌਜ ਨੇ ਇੱਕ ਨਵਾਂ ਜ਼ੁਲਮ ਸ਼ੁਰੂ ਕੀਤਾ ਹੈ। ਗਾਜ਼ਾ ਵਿਚ ਇਸ ਵੇਲੇ ਇੱਕ ਅਮਰੀਕਨ ਸਵੈ ਸੇਵੀ ਸੰਸਥਾ ਰਾਸ਼ਨ ਵੰਡ ਰਹੀ ਹੈ। ਇਜ਼ਰਾਈਲੀ ਫੌਜ ਹਰ ਦੂਸਰੇ ਤੀਸਰੇ ਦਿਨ ਰਾਸ਼ਨ ਲੈਣ ਲਈ ਇਕੱਠੇ ਹੋਏ ਫਸਲਤੀਨੀਆਂ ਨੂੰ ਗੋਲੀਆਂ ਨਾਲ ਭੁੰਨ ਰਹੀ ਹੈ। ਪਿਛਲੇ ਹਫਤੇ ਹੀ ਇਸ ਗੋਲਾਬਾਰੀ ਕਾਰਨ 150 ਦੇ ਕਰੀਬ ਫਲਸਤੀਨੀ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ।

ਪਰ ਹੈਰਾਨੀਜਨਕ ਤੌਰ 'ਤੇ ਸਾਊਦੀ ਅਰਬ (ਜੋ ਅਰਬ ਦੇਸ਼ਾਂ ਦਾ ਸਵੈ ਘੋਸ਼ਿਤ ਨੇਤਾ ਹੈ) ਸਮੇਤ ਸਾਰੇ ਅਰਬ ਦੇਸ਼ਾਂ ਨੇ ਇਸ ਜ਼ੁਲਮੋ-ਸਿਤਮ ਸਬੰਧੀ ਚੁੱਪ ਧਾਰੀ ਹੋਈ ਹੈ। ਇਰਾਨ ਤੇ ਤੁਰਕੀ, ਜੋ ਅਰਬ ਦੇਸ਼ ਨਹੀਂ ਹਨ, ਤੋਂ ਇਲਾਵਾ ਕਿਸੇ ਇਸਲਾਮੀ ਦੇਸ਼ ਨੇ ਕੋਈ ਖਾਸ ਬਿਆਨ ਤੱਕ ਜਾਰੀ ਨਹੀਂ ਕੀਤਾ। ਪਰ ਅਰਬ ਦੇਸ਼ਾਂ ਦੀ ਜਨਤਾ ਵਿਚ ਗਾਜ਼ਾ ਦੇ ਹਾਲਾਤ ਬਾਰੇ ਵਿਆਪਕ ਰੋਸ ਪਸਰਿਆ ਹੋਇਆ ਹੈ ਤੇ ਕਈ ਥਾਵਾਂ 'ਤੇ ਵਿਸ਼ਾਲ ਧਰਨੇ ਪ੍ਰਦਰਸ਼ਨ ਵੀ ਹੋਏ ਹਨ। ਜ਼ਿਆਦਾਤਰ ਅਰਬ ਦੇਸ਼ਾਂ ਵਿਚ ਬਾਦਸ਼ਾਹਾਂ, ਸੁਲਤਾਨਾਂ ਤੇ ਤਾਨਾਸ਼ਾਹਾਂ ਦਾ ਰਾਜ ਹੈ, ਜੋ ਅਜਿਹੇ ਪ੍ਰਦਰਸ਼ਨਾਂ ਤੋਂ ਡਰਦੇ ਹਨ ਕਿ ਕਿਤੇ ਜਨਤਾ ਦੇ ਭੜਕੇ ਹੋਏ ਜਜ਼ਬਾਤ ਉਨ੍ਹਾਂ ਗੱਦੀ ਲਈ ਖਤਰਾ ਨਾ ਬਣ ਜਾਣ। ਇਸ ਕਾਰਨ ਸਾਊਦੀ ਅਰਬ, ਮਿਸਰ, ਜਾਰਡਨ, ਬਹਿਰੀਨ ਅਤੇ ਮੌਰੱਕੋ ਨੇ ਫਲਸਤੀਨ ਪੱਖੀ ਪ੍ਰਦਰਸ਼ਨਾਂ ਨੂੰ ਸਖਤੀ ਨਾਲ ਰੋਕ ਦਿੱਤਾ ਹੈ। ਤਾਨਾਸ਼ਾਹਾਂ ਨੂੰ ਜਨਤਾ ਦੇ ਵਿਰੋਧ ਤੋਂ ਹਮੇਸ਼ਾਂ ਡਰ ਰਹਿੰਦਾ ਹੈ, ਚਾਹੇ ਉਹ ਸੜਕਾਂ 'ਤੇ ਹੋਵੇ ਤੇ ਚਾਹੇ ਮੀਡੀਆ ਰਾਹੀਂ। ਅਰਬੀ ਸ਼ਾਸਕ ਅਲਜੀਰੀਆ, ਲਿਬੀਆ ਅਤੇ ਸੀਰੀਆ ਵਿਚ ਅਜਿਹਾ ਵਰਤਾਰਾ ਦੇਖ ਚੁੱਕੇ ਹਨ, ਜਿੱਥੇ ਜਨਤਕ ਰੋਹ ਨੇ ਸਥਾਨਕ ਤਾਨਾਸ਼ਾਹਾਂ ਦਾ ਤਖਤਾ ਪਲਟ ਦਿੱਤਾ ਸੀ। ਇਹ ਅਲੱਗ ਗੱਲ ਹੈ ਕਿ ਇਸ ਦੇ ਸਿੱਟੇ ਵਜੋਂ ਲੀਬੀਆ ਅਤੇ ਸੀਰੀਆ ਬਿਲਕੁਲ ਤਬਾਹ ਹੋ ਚੁੱਕੇ ਹਨ।

ਅਰਬ ਦੇਸ਼ ਤੇਲ ਦੀ ਦੌਲਤ ਨਾਲ ਮਾਲਾਮਾਲ ਹਨ ਤੇ ਨਾਗਰਿਕਾਂ 'ਤੇ ਟੈਕਸ ਬਹੁਤ ਹੀ ਘੱਟ ਹਨ। ਇੱਕ ਖਾਸ ਪਾਲਿਸੀ ਤਹਿਤ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੇ ਜਨਤਾ ਨੂੰ ਜਾਣਬੁੱਝ ਕੇ ਅੱਯਾਸ਼ੀ ਵੱਲ ਧੱਕ ਦਿੱਤਾ ਹੈ। ਉਹ ਚਾਹੁੰਦੇ ਹਨ ਕਿ ਪੈਟਰੋ ਡਾਲਰਾਂ ਨਾਲ ਰੱਜੀ ਜਨਤਾ ਆਪਣਾ ਪੈਸਾ, ਸਮਾਂ ਅਤੇ ਸੋਚ ਜ਼ਿੰਦਗੀ ਦੇ ਮਜ਼ੇ ਲੁੱਟਣ ਵਿਚ ਗੁਜ਼ਾਰੇ, ਨਾ ਕਿ ਫਲਸਤੀਨ ਵਰਗੇ ਮਸਲਿਆਂ ਵੱਲ ਧਿਆਨ ਦੇਣ ਲਈ, ਅਜਿਹੇ ਕੰਮ ਸਰਕਾਰਾਂ 'ਤੇ ਛੱਡ ਦੇਣੇ ਚਾਹੀਦੇ ਹਨ। ਫਲਸਤੀਨ ਮਸਲੇ ਨੇ ਅਰਬ ਦੇਸ਼ਾਂ ਦੀ ਕਾਇਰਤਾ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ ਕਿ ਉਨ੍ਹਾਂ ਵਿਚ ਇਜ਼ਰਾਈਲ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਹੈ। ਕੋਈ ਵੀ ਤਾਨਾਸ਼ਾਹ ਵਿਲਾਸਤਾ ਭਰਪੂਰ ਜ਼ਿੰਦਗੀ ਤਿਆਗ ਕੇ ਜੰਗ ਦੀ ਭੱਠੀ ਵਿਚ ਨਹੀਂ ਪੈਣਾ ਚਾਹੁੰਦਾ। ਅਸਲ ਵਿਚ ਪਹਿਲਾਂ ਵੀ ਤਿੰਨ-ਚਾਰ ਵਾਰ ਇਜ਼ਰਾਈਲ ਅਰਬ ਦੇਸ਼ਾਂ ਦੀਆਂ ਸਾਂਝੀਆਂ ਫੌਜਾਂ ਨੂੰ ਜੰਗਾਂ ਵਿਚ ਕਰਾਰੀ ਹਾਰ ਦੇ ਚੁੱਕਾ ਹੈ। ਇਸ ਤੋਂ ਇਲਾਵਾ ਇਜ਼ਰਾਈਲ ਦੇ ਖਿਲਾਫ ਫਲਸਤੀਨੀਆਂ ਦੀ ਮਦਦ ਕਰਨ ਦਾ ਸਿੱਧਾ ਮਤਲਬ ਅਮਰੀਕਾ ਨਾਲ ਸਬੰਧ ਵਿਗਾੜਨਾ ਹੋਵੇਗਾ, ਜਿਸ 'ਤੇ ਅਰਬ ਦੇਸ਼ ਆਪਣੀ ਸੁਰੱਖਿਆ ਲਈ ਸ਼ਤ ਪ੍ਰਤੀਸ਼ਤ ਨਿਰਭਰ ਹਨ।

ਇਨ੍ਹਾਂ ਦੇਸ਼ਾਂ ਨੂੰ ਪਤਾ ਹੈ ਕਿ ਇਜ਼ਰਾਈਲ ਅਮਰੀਕਾ ਦੇ ਇੱਕ ਇਸ਼ਾਰੇ 'ਤੇ ਕਿਸੇ ਵੀ ਗੁਆਂਢੀ ਦੇਸ਼ ਦੀ ਧੌਣ ਮਰੋੜ ਸਕਦਾ ਹੈ। ਗਾਜ਼ਾ ਦੀ ਜੰਗ ਦਾ ਹਰੇਕ ਦਿਨ ਅਰਬ ਦੇਸ਼ਾਂ 'ਤੇ ਭਾਰੀ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਜਨ ਅਕ੍ਰੋਸ਼ ਵਧਦਾ ਜਾ ਰਿਹਾ ਹੈ। ਇਸ ਮਜਬੂਰੀ ਕਾਰਨ ਅਰਬ ਦੇਸ਼ ਗਾਜ਼ਾ ਜੰਗ ਨੂੰ ਰੋਕਣ ਅਤੇ ਆਪਣੀਆਂ ਗੱਦੀਆਂ ਬਚਾਉਣ ਲਈ ਅਮਰੀਕਾ ਨੂੰ ਅਪੀਲਾਂ ਕਰ ਰਹੇ ਹਨ, ਉਨ੍ਹਾਂ ਨੂੰ ਫਲਸਤੀਨੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜਨਤਾ ਸਵਾਲ ਕਰਨ ਲੱਗ ਪਈ ਹੈ ਕਿ ਜਿਹੜੇ ਅਰਬ ਦੇਸ਼ ਹਰ ਸਾਲ ਅਮਰੀਕਾ ਤੋਂ ਅਰਬਾਂ ਡਾਲਰ ਦੇ ਹਥਿਆਰ ਖਰੀਦਦੇ ਹਨ, ਉਹ ਫਲਸਤੀਨੀਆਂ ਨੂੰ ਇੱਕ ਗੋਲੀ ਤੱਕ ਦੀ ਮਦਦ ਵੀ ਨਹੀਂ ਦੇ ਸਕੇ। ਯੂਨਾਈਟਿਡ ਅਰਬ ਅਮੀਰਾਤ, ਬਹਿਰੀਨ ਅਤੇ ਮੌਰੱਕੋ ਵਰਗੇ ਦੇਸ਼ ਜਿਨ੍ਹਾਂ ਨੇ ਅਮਰੀਕਾ ਦੇ ਦਬਾਅ ਹੇਠ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਿਤ ਕਰ ਲਏ ਸਨ, ਹੁਣ ਫਸੇ ਹੋਏ ਮਹਿਸੂਸ ਕਰ ਰਹੇ ਹਨ। ਇਸ ਤੋਂ ਇਲਾਵਾ ਇੱਕ ਹੋਰ ਮੁੱਦਾ ਵੀ ਅਰਬ ਦੇਸ਼ਾਂ ਲਈ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਫਲਸਤੀਨ ਪੱਖੀ ਪ੍ਰਦਰਸ਼ਨ ਕੱਟੜ ਮੁਲਾਣਿਆਂ ਦੀ ਅਗਵਾਈ ਹੇਠ ਹੋ ਰਹੇ ਹਨ, ਜੋ ਅਰਬੀ ਤਾਨਾਸ਼ਾਹਾਂ ਦੇ ਕੱਟੜ ਵਿਰੋਧੀ ਹਨ। ਜੇ ਕਿਤੇ ਇਨ੍ਹਾਂ ਤਾਨਾਸ਼ਾਹਾਂ ਦੀ ਹਕੂਮਤ ਖਤਮ ਹੋਈ, ਤਾਂ ਲੋਕਤੰਤਰ ਦੀ ਬਜਾਏ ਇਹ ਦੇਸ਼ ਸੀਰੀਆ ਅਤੇ ਇਰਾਨ ਵਾਂਗ ਕੱਟੜਪੰਥੀਆਂ ਦੇ ਕਬਜ਼ੇ ਹੇਠ ਆ ਜਾਣਗੇ।

ਫਲਸਤੀਨ ਵਾਂਗ ਇਰਾਨ ਅਤੇ ਇਜ਼ਰਾਈਲ ਦਰਮਿਆਨ ਚੱਲ ਰਹੇ ਘਮਸਾਣ ਵਿਚ ਵੀ ਕੋਈ ਅਰਬ ਦੇਸ਼ ਇਰਾਨ ਦੀ ਮਦਦ ਨਹੀਂ ਕਰ ਰਿਹਾ, ਸਿਰਫ ਬਿਆਨ ਦੇ ਕੇ ਖਾਨਾਪੂਰਤੀ ਕਰ ਰਹੇ ਹਨ। ਅਸਲ ਵਿਚ ਇਰਾਨ ਨਾ ਤਾਂ ਅਰਬ ਦੇਸ਼ ਹੈ ਤੇ ਨਾ ਹੀ ਸੁੰਨੀ। ਉਹ ਆਪਣੇ ਆਪ ਨੂੰ ਆਰੀਅਨ ਮੂਲ ਦਾ ਸਮਝਦਾ ਹੈ ਤੇ ਇਥੇ ਇਸਲਾਮ ਦੀ ਸ਼ੀਆ ਸ਼ਾਖਾ ਦਾ ਬੋਲਬਾਲਾ ਹੈ। ਸਾਊਦੀ ਅਰਬ ਅਤੇ ਇਰਾਨ ਦੇ ਸਬੰਧ ਬਾਦਸ਼ਾਹ ਸ਼ਾਹ ਰਜ਼ਾ ਪਹਿਲਵੀ (ਰਾਜ 1941 ਤੋਂ 1979) ਦੇ ਸਮੇਂ ਬਹੁਤ ਵਧੀਆ ਸਨ। 1979 ਵਿਚ ਇਰਾਨ ਵਿਚ ਇਸਲਾਮਿਕ ਕ੍ਰਾਂਤੀ ਹੋ ਗਈ ਤੇ ਸ਼ਾਹ ਦਾ ਤਖਤਾ ਪਲਟ ਕੇ ਆਯਤਉੱਲਾ ਖੋਮੇਨੀ ਇਰਾਨ ਦਾ ਸੁਪਰੀਮ ਲੀਡਰ ਬਣ ਗਿਆ। ਗੱਦੀ ਸੰਭਾਲਦੇ ਸਾਰ ਖੋਮੇਨੀ ਨੇ ਸਾਰੇ ਮੁਸਲਿਮ ਦੇਸ਼ਾਂ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਬਾਦਸ਼ਾਹਾਂ ਤੇ ਤਾਨਾਸ਼ਾਹਾਂ ਦਾ ਤਖਤਾ ਪਲਟ ਕੇ ਹਰ ਦੇਸ਼ ਵਿਚ ਇਸਲਾਮੀ ਰਾਜ ਕਾਇਮ ਕੀਤਾ ਜਾਵੇ।

ਇਸ ਕਾਰਨ ਅਰਬ ਦੇਸ਼ਾਂ ਵਿਚ ਭੈਅ ਦਾ ਮਾਹੌਲ ਬਣ ਗਿਆ ਤੇ ਉਨ੍ਹਾਂ ਨੇ ਇਰਾਨ ਤੋਂ ਦੂਰੀ ਬਣਾਉਣ ਵਿਚ ਹੀ ਭਲਾਈ ਸਮਝੀ। 4 ਨਵੰਬਰ 1979 ਨੂੰ ਆਯਤਉੱਲਾ ਖੋਮੇਨੀ ਪੱਖੀ ਵਿਦਿਆਰਥੀਆਂ ਨੇ ਤਹਿਰਾਨ ਸਥਿਤ ਅਮਰੀਕੀ ਦੂਤਘਰ 'ਤੇ ਕਬਜ਼ਾ ਕਰ ਕੇ ਅਧਿਕਾਰੀਆਂ ਨੂੰ ਬੰਧਕ ਬਣਾ ਲਿਆ। ਲੱਖ ਯਤਨ ਕਰਨ ਦੇ ਬਾਵਜੂਦ ਵੀ ਅਮਰੀਕਾ ਆਪਣੇ ਬੰਧਕ ਨਾ ਛੁਡਾ ਸਕਿਆ ਤੇ ਅਖੀਰ 20 ਜਨਵਰੀ 1981 ਵਾਲੇ ਦਿਨ ਉਸ ਨੂੰ ਇਰਾਨ ਦੀਆਂ ਮੰਗਾਂ ਮੰਨਣੀਆਂ ਪਈਆਂ। ਇਸ ਕਾਰਨ ਇਰਾਨ ਦੀ ਅਮਰੀਕਾ ਨਾਲ ਵੀ ਕੱਟੜ ਦੁਸ਼ਮਣੀ ਸ਼ੁਰੂ ਹੋ ਗਈ, ਜੋ ਅੱਜ ਤੱਕ ਜਾਰੀ ਹੈ। ਅਮਰੀਕਾ ਅਤੇ ਅਰਬ ਦੇਸ਼ਾਂ ਦੀ ਸ਼ਹਿ 'ਤੇ 22 ਸਤੰਬਰ 1980 ਨੂੰ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਇਰਾਨ 'ਤੇ ਹਮਲਾ ਕਰ ਦਿੱਤਾ। ਅਮਰੀਕਾ ਅਤੇ ਅਰਬ ਦੇਸ਼ਾਂ ਤੋਂ ਮਿਲੀ ਭਾਰੀ ਆਰਥਿਕ ਤੇ ਸੈਨਿਕ ਮਦਦ ਦੇ ਬਾਵਜੂਦ ਇਰਾਕ ਸ਼ੁਰੂਆਤੀ ਬੜਤ ਕਾਇਮ ਨਾ ਰੱਖ ਸਕਿਆ ਤੇ ਲੜਾਈ ਫਸ ਗਈ। ਹੌਲੀ-ਹੌਲੀ ਧਾਰਮਿਕ ਜੋਸ਼ ਨਾਲ ਲੜ ਰਹੀ ਇਰਾਨੀ ਫੌਜ ਨੇ ਆਪਣੇ ਸਾਰੇ ਇਲਾਕੇ ਵਾਪਸ ਲੈ ਲਏ ਤੇ ਇਰਾਕ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਆਖਰ ਯੂ.ਐੱਨ.ਉ. ਦੇ ਦਖਲ ਨਾਲ 20 ਅਗਸਤ 1988 ਨੂੰ ਇਹ ਜੰਗ ਬੰਦ ਹੋਈ।

ਖੋਮੇਨੀ ਸਾਊਦੀ ਅਰਬ ਦੇ ਸ਼ਾਹੀ ਘਰਾਣੇ ਨੂੰ ਸ਼ੈਤਾਨ ਦੇ ਪੁੱਤਰ ਕਹਿੰਦਾ ਹੁੰਦਾ ਸੀ। ਉਹ ਚਾਹੁੰਦਾ ਸੀ ਕਿ ਮੱਕਾ ਮਦੀਨਾ ਸਥਿਤ ਇਸਲਾਮਿਕ ਧਾਰਮਿਕ ਸਥਾਨਾਂ 'ਤੇ ਸਾਰੇ ਮੁਸਲਿਮ ਦੇਸ਼ਾਂ ਦਾ ਬਰਾਬਰ ਅਧਿਕਾਰ ਹੋਵੇ। 1987 ਵਿਚ ਇਰਾਨ ਤੋਂ ਗਏ ਹਾਜ਼ੀਆਂ ਨੇ ਕਾਅਬਾ 'ਤੇ ਕਬਜ਼ਾ ਕਰ ਲਿਆ। ਸਾਊਦੀ ਪੁਲਿਸ ਨਾਲ ਹੋਈ ਲੜਾਈ ਵਿਚ 275 ਇਰਾਨੀ, 85 ਪੁਲਿਸ ਵਾਲੇ ਤੇ 42 ਹੋਰ ਦੇਸ਼ਾਂ ਦੇ ਹਾਜ਼ੀ ਮਾਰੇ ਗਏ ਪਰ ਕਬਜ਼ਾ ਛੁਡਾ ਲਿਆ ਗਿਆ। ਇਸ ਤੋਂ ਇਲਾਵਾ ਸੀਰੀਆ, ਯਮਨ, ਬਹਿਰੀਨ, ਲੈਬਨਾਨ ਅਤੇ ਇਰਾਕ ਵਿਚ ਹੋਈਆਂ ਸਿਵਲ ਜੰਗਾਂ ਸਮੇਂ ਸਾਊਦੀ ਅਰਬ ਅਤੇ ਇਰਾਨ ਇੱਕ ਦੂਸਰੇ ਦੇ ਵਿਰੋਧ ਵਿਚ ਖੜ੍ਹੇ ਨਜ਼ਰ ਆਏ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਦੋਵੇਂ ਦੇਸ਼ ਨਜ਼ਦੀਕ ਆਉਣ ਲੱਗ ਪਏ ਹਨ। ਚੀਨ ਦੀ ਵਿਚੋਲਗੀ ਕਾਰਨ 10 ਮਾਰਚ 2023 ਨੂੰ ਦੋਵਾਂ ਦਰਮਿਆਨ ਇੱਕ ਸੰਧੀ ਹੋ ਗਈ ਤੇ ਇਰਾਨ ਨੇ ਸਾਊਦੀ ਅਰਬ ਦੀ ਮੁੱਖ ਮੰਗ ਮੰਨ ਲਈ ਕਿ ਉਹ ਹਾਊਥੀ ਬਾਗੀਆਂ ਨੂੰ ਹਥਿਆਰ ਨਹੀਂ ਦੇਵੇਗਾ। ਦੋਵਾਂ ਦੇਸ਼ਾਂ ਨੇ ਇੱਕ ਦੂਸਰੇ ਅੰਦਰ ਆਪਣੇ ਦੂਤਘਰ ਖੋਲ੍ਹ ਲਏ ਤੇ ਵਪਾਰ ਵੀ ਸ਼ੁਰੂ ਹੋ ਗਿਆ। ਪਰ ਹੁਣ ਅਰਬ ਦੇਸ਼ ਇਰਾਨ ਦੀਆਂ ਵਾਰ-ਵਾਰ ਅਪੀਲਾਂ ਦੇ ਬਾਵਜੂਦ ਇਜ਼ਰਾਈਲ ਅਤੇ ਅਮਰੀਕਾ ਦੇ ਡਰੋਂ ਉਸ ਨੂੰ ਕੋਈ ਫੌਜੀ ਸਹਾਇਤਾ ਨਹੀਂ ਦੇ ਰਹੇ ਹਨ।

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA



## ਦਸਤਕ

# ਮਾਂ ਬੋਲੀ ਪੰਜਾਬੀ ਦੇ ਵਾਰਿਸ ਕਿਸ ਰਾਹੇ ਪੈ ਗਏ?

ਸਿਆਣੇ ਆਖਦੇ ਨੇ ਸਾਡੀਆਂ ਤਿੰਨ ਮਾਂਵਾਂ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਭੁੱਲਣਾ ਨਹੀਂ ਚਾਹੀਦਾ। ਇਨ੍ਹਾਂ ਦਾ ਆਦਰ ਮਾਣ ਤੇ ਸਤਿਕਾਰ ਕਰਨ ਵਿਚ ਸਾਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ ਕਿਉਂਕਿ ਅਸੀਂ ਜੋ ਕੁਝ ਵੀ ਹਾਂ, ਇਨ੍ਹਾਂ ਦੀ ਬਦੌਲਤ ਹੀ ਹਾਂ। ਜੇਕਰ ਸਾਡੀ ਹੋਂਦ ਦੇਸ਼ ਦੁਨੀਆਂ ਵਿਚ ਕਾਇਮ ਹੈ ਅਤੇ ਇਸ ਧਰਤੀ 'ਤੇ ਸਾਡਾ ਨਾਂ ਵੱਜਦਾ ਹੈ, ਤਾਂ ਇਨ੍ਹਾਂ ਤਿੰਨਾਂ ਮਾਵਾਂ ਸਦਕਾ ਹੀ ਹੈ। ਪਹਿਲੀ ਮਾਂ ਹੈ ਧਰਤੀ ਮਾਂ, ਜਿਸ ਦੀ ਬਦੌਲਤ ਅਸੀਂ ਆਪਣਾ ਸਾਰਾ ਪਾਲਣ-ਪੋਸ਼ਣ ਅਤੇ ਰਸ ਰੰਗ ਮਾਣਦੇ ਹਾਂ। ਸਾਨੂੰ ਜਨਮ ਦੇਣ ਵਾਲੀ ਮਾਂ ਦੀ ਦੇਣ ਤਾਂ ਜਨਮਾਂ ਜਨਮਾਂਤਰਾਂ ਤੱਕ ਵੀ ਮੋੜੀ ਨਹੀਂ ਜਾ ਸਕਦੀ। ਇਸੇ ਤਰ੍ਹਾਂ ਸਾਡੀ ਮਾਤ ਭਾਸ਼ਾ ਸਾਡੀ ਹੋਂਦ ਦਾ ਬਹੁਤ ਵੱਡਾ ਚਿੰਨ੍ਹ ਹੈ। ਇਨ੍ਹਾਂ ਤਿੰਨਾਂ ਨੂੰ ਕਾਇਮ ਰੱਖਣ ਵਾਲੇ ਵਾਰਸ ਇਨ੍ਹਾਂ ਤੋਂ ਅੱਜ ਮੁੱਖ ਮੋੜੀ ਬੈਠੇ ਹਨ। ਪਲੀਤ ਹੋਇਆ ਵਾਤਾਵਰਣ ਦੇਖ ਕੇ ਮਨ ਦੁਖੀ ਹੁੰਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਧਰਤੀ ਮਾਂ ਨੂੰ ਸ਼ਿੰਗਾਰਨਾ ਤੇ ਸੰਵਾਰਨਾ ਸੀ, ਉਨ੍ਹਾਂ ਨੇ ਹੀ ਧਰਤੀ ਦਾ ਹਾਰ ਸ਼ਿੰਗਾਰ ਲਾਹ ਕੇ ਆਪਣੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ।

ਜਨਮ ਦੇਣ ਵਾਲੀਆਂ ਮਾਂਵਾਂ ਨੂੰ ਉਨ੍ਹਾਂ ਦੇ ਅਫ਼ਸਰ ਤੇ ਅਮੀਰ ਪੁੱਤਰਾਂ ਨੇ ਬਿਰਧ ਆਸ਼ਰਮ ਵਿਚ ਛੱਡ ਦਿੱਤਾ ਹੈ ਕਿਉਂਕਿ ਉਨ੍ਹਾਂ ਕੋਲ ਉਨ੍ਹਾਂ ਦੀ ਦੇਖਭਾਲ ਕਰਨ ਦਾ ਸਮਾਂ ਹੀ ਨਹੀਂ ਹੈ। ਇਹ ਕਿਹੋ ਜਿਹੀ ਮਾਰ ਵਗ ਗਈ ਹੈ ਕਿ ਮਾਂ ਪੁੱਤ ਦਾ ਮੋਹ ਵੀ ਟੁੱਟ ਗਿਆ ਹੈ ਤੇ ਮਾਪੇ ਬਿਰਧ ਆਸ਼ਰਮਾਂ ਵਿਚ ਆਪਣੇ ਪੁੱਤਰਾਂ ਧੀਆਂ ਦਾ ਮੂੰਹ ਦੇਖਣ ਲਈ ਤੜਫ ਰਹੇ ਹਨ। ਪੈਸੇ ਦੀ ਅੰਨ੍ਹੀ ਦੌੜ ਨੇ ਸਾਨੂੰ ਸਾਰੇ ਰਿਸ਼ਤੇ ਨਾਤੇ ਹੀ ਭੁਲਾ ਦਿੱਤੇ ਹਨ। ਸਾਡਾ ਉਦੇਸ਼ ਸਿਰਫ ਤੇ ਸਿਰਫ ਇੱਕੋ ਹੀ ਰਹਿ ਗਿਆ ਹੈ ਕਿ ਅਸੀਂ ਵੱਧ ਤੋਂ ਵੱਧ ਮਾਇਆ ਇਕੱਠੀ ਕਰਨੀ ਹੈ। ਇਹ ਵੀ ਸਭ ਨੂੰ ਪਤਾ ਹੈ ਕਿ ਇਹ ਮਾਇਆ ਅੱਜ ਤੱਕ ਨਾ ਕਿਸੇ ਦੇ ਨਾਲ ਗਈ ਹੈ ਤੇ ਨਾ ਹੀ ਜਾਵੇਗੀ। ਇਸ ਦੇ ਬਾਵਜੂਦ ਅਸੀਂ ਉਸ ਅਨੰਤ ਲੰਬੀ ਦੌੜ ਵਿਚ ਲੱਗੇ ਹੋਏ ਹਾਂ। ਸਾਡੀਆਂ ਮਾਵਾਂ ਨੇ ਸਾਨੂੰ ਕਿਵੇਂ ਪਾਲ਼ਿਆ? ਇਸ ਗੱਲ ਦਾ ਸਾਨੂੰ ਕਦੀ ਅਹਿਸਾਸ ਹੀ ਨਹੀਂ ਹੁੰਦਾ ਕਿਉਂਕਿ ਬਚਪਨ ਦੀਆਂ ਗੱਲਾਂ ਅਸੀਂ ਭੁੱਲਦੇ ਜਾ ਰਹੇ ਹਾਂ ਤੇ ਆਪਣੇ ਵਿਚੋਂ ਅਸੀਂ ਬਚਪਨ ਨੂੰ ਵੀ ਗੁਆ ਦਿੱਤਾ ਹੈ। ਇਕ ਮਾਂ ਪੰਜ ਬੱਚਿਆਂ ਨੂੰ ਪਾਲ਼ ਲੈਂਦੀ ਹੈ ਪਰ ਪੰਜ ਪੁੱਤਰ ਇਕ ਮਾਂ ਦੀ ਦੇਖਭਾਲ਼ ਨਹੀਂ ਕਰ ਸਕਦੇ। ਬਚਪਨ ਹੀ ਇੱਕ ਅਜਿਹੀ ਅਵਸਥਾ ਹੈ, ਜੋ ਜੀਵਨ ਦਾ ਮੁੱਢ ਬੰਨਦੀ ਹੈ ਤੇ ਇਸ ਅਵਸਥਾ ਵਿਚ ਮਾਤਾ ਕੋਲੋਂ ਸਭ ਗੁਰ ਗਿਆਨ ਸਿੱਖ ਕੇ ਅੱਗੇ ਵੱਧਦੇ ਹਾਂ। ਅਸੀਂ ਅੱਜ ਜਿਸ ਵੀ ਰੁਤਬੇ ਦੇ ਹਾਂ, ਉਸ ਪਿੱਛੇ ਸਭ ਤੋਂ ਵੱਡਾ ਹੱਥ ਸਾਡੇ ਮਾਪਿਆਂ ਦਾ ਤੇ ਉਸ ਤੋਂ ਬਾਅਦ ਅਧਿਆਪਕਾਂ ਦਾ ਹੈ।

ਹੁਣ ਗੱਲ ਕਰਦੇ ਹਾਂ ਮਾਂ ਬੋਲੀ ਪੰਜਾਬੀ ਦੀ। ਰੋਜ਼ ਖ਼ਬਰਾਂ ਆਉਂਦੀਆਂ ਹਨ ਕਿ ਸਾਡੇ ਵੱਡੇ-ਵੱਡੇ ਅਫ਼ਸਰ ਚਿੱਠੀ ਪੱਤਰ ਅੰਗਰੇਜ਼ੀ ਵਿਚ ਹੀ ਕਰਦੇ ਹਨ, ਉਨ੍ਹਾਂ ਦਾ ਪੰਜਾਬੀ ਨਾਲ ਕੋਈ ਮੋਹ ਨਹੀਂ। ਕਾਰਨ ਸਪੱਸ਼ਟ ਹੈ ਕਿ ਉਨ੍ਹਾਂ ਵਿਚੋਂ ਬਹੁਤੇ ਪੰਜਾਬੀ ਮੂਲ ਦੇ ਹੈ ਹੀ ਨਹੀਂ ਹਨ, ਜਿਹੜੇ ਪੰਜਾਬੀ ਮੂਲ ਦੇ ਹਨ, ਉਹ ਵੀ ਆਪਣਾ ਮਾਣ ਅੰਗਰੇਜ਼ੀ ਬੋਲਣ ਅਤੇ ਲਿਖਣ ਵਿਚ ਹੀ ਸਮਝਦੇ ਹਨ। ਦੂਰ ਦੀਆਂ ਗੱਲਾਂ ਛੱਡੋ ਮੈਨੂੰ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦੇ ਸੰਪਾਦਕੀ ਕਾਰਜਾਂ ਨੂੰ ਨਿਬੇੜਨ ਵਾਸਤੇ ਸਕੂਲਾਂ ਵਿਚ ਬੱਚਿਆਂ ਅਤੇ ਅਧਿਆਪਕਾਂ ਨਾਲ ਸੰਵਾਦ ਰਚਾਉਣ ਦਾ ਮੌਕਾ ਮਿਲਦਾ ਰਹਿੰਦਾ ਹੈ। ਜਦੋਂ ਇੱਕ ਅਧਿਆਪਕ ਇਹ ਆਖ ਦੇਵੇ ਕਿ ਸਿਲੇਬਸ ਹੀ ਸਾਨੂੰ ਸਿਰ ਚੁੱਕਣ ਦੀ ਵਿਹਲ ਨਹੀਂ ਦਿੰਦਾ, ਰਸਾਲੇ ਤੇ ਬਾਲ ਪੁਸਤਕਾਂ ਕਦੋਂ ਪੜ੍ਹਾਈਏ?




ਉਸ ਵੇਲੇ ਮਨ ਨੂੰ ਦੁੱਖ ਹੁੰਦਾ ਹੈ ਕਿ ਜਿਸ ਅਧਿਆਪਕ ਨੇ ਬੱਚੇ ਦਾ ਸਰਬਪੱਖੀ ਵਿਕਾਸ ਕਰਨਾ ਹੈ, ਉਹ ਸਿਰਫ਼ ਤੇ ਸਿਰਫ਼ ਬੱਚੇ ਨੂੰ ਸਿਲੇਬਸ ਤੱਕ ਸੀਮਤ ਕਰਕੇ ਆਪਣਾ ਡੰਗ ਟਪਾਉਣ ਵਿਚ ਲੱਗਿਆ ਹੋਇਆ ਹੈ। ਇੱਥੇ ਅਸੀਂ ਇਕੱਲਾ ਅਧਿਆਪਕ ਨੂੰ ਵੀ ਦੋਸ਼ੀ ਨਹੀਂ ਠਹਿਰਾ ਸਕਦੇ ਕਿਉਂਕਿ ਸਿੱਖਿਆ ਵਿਭਾਗ ਦੀਆਂ ਨੀਤੀਆਂ ਹੀ ਇਹੋ ਜਿਹੀਆਂ ਹਨ ਕਿ ਅਧਿਆਪਕ ਆਪਣੀ ਕਲਾ ਅਨੁਸਾਰ ਬੱਚਿਆਂ ਨੂੰ ਸਿੱਖਿਅਤ ਹੀ ਨਾ ਕਰੇ। ਰੋਜ਼ਾਨਾ ਸਕੂਲ ਸ਼ੁਰੂ ਹੁੰਦਿਆਂ ਸਾਰ ਉਪਰੋਂ ਨਿਰਦੇਸ਼ ਆਉਂਦੇ ਹਨ ਕਿ ਆਹ ਕਰਨਾ ਹੈ ਤੇ ਔਹ ਕਰਨਾ ਹੈ। ਜੇਕਰ ਵਿਭਾਗ ਨੇ ਨਿਰਦੇਸ਼ਾਂ ਦੇ ਆਸਰੇ ਹੀ ਚੱਲਣਾ ਹੈ, ਤਾਂ ਇਨ੍ਹਾਂ ਅਧਿਆਪਕਾਂ ਕੋਲੋਂ ਇੰਨੀਆਂ ਡਿਗਰੀਆਂ ਕਿਉਂ ਕਰਵਾਈਆਂ ਗਈਆਂ ਇੰਨੇ ਔਖੇ ਟੈਸਟ ਕਿਉਂ ਲਏ ਗਏ? ਸਰਕਾਰੀ ਨਿਰਦੇਸ਼ਾਂ ਨੇ ਅਧਿਆਪਕਾਂ ਦੀ ਆਪਣੀ ਪ੍ਰਤਿਭਾ ਨੂੰ ਮਾਰ ਦਿੱਤਾ ਹੈ। ਲੋੜ ਇਸ ਪ੍ਰਕਾਰ ਹੈ ਕਿ ਦਿੱਤੇ ਹੋਏ ਸਿਲੇਬਸ ਨੂੰ ਅਧਿਆਪਕ ਆਪਣੀ ਪੜ੍ਹੀ ਤੇ ਸਿੱਖੀ ਵਿੱਦਿਅਕ ਅਤੇ ਅਧਿਆਪਨ ਕਲਾ ਦੀ ਜੁਗਤ ਅਨੁਸਾਰ ਪੜ੍ਹਾਵੇ ਅਤੇ ਸਮਝਾਵੇ। ਪਰ ਇੱਥੇ ਤਾਂ ਆਲਮ ਹੀ ਨਿਰਾਲਾ ਹੈ।

ਹੁਣ ਗੱਲ ਕਰਦੇ ਹਾਂ ਪੰਜਾਬੀ ਪਿਆਰ ਦੀ ਤੇ ਬਾਲ ਸਾਹਿਤ ਦੇ ਮਹੱਤਵ ਦੀ। ਇਹ ਗੱਲ ਅਫਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਸਾਡੇ ਬਹੁਤੇ ਸਕੂਲ ਮੁਖੀ ਬੱਚਿਆਂ ਵਾਸਤੇ ਇੱਕ ਰੌਚਕ ਬਾਲ ਮੈਗਜ਼ੀਨ ਲਗਵਾਉਣ ਨੂੰ ਤਰਜੀਹ ਨਹੀਂ ਦਿੰਦੇ। ਹੋਰ ਵੀ ਦੁੱਖਦਾਈ ਕਿੱਸਾ ਇਹ ਹੈ ਕਿ ਸਾਡੇ ਬਹੁਤੇ ਅਧਿਆਪਕ ਬੱਚਿਆਂ ਲਈ ਪ੍ਰਕਾਸ਼ਿਤ ਹੁੰਦੇ ਪੰਜਾਬੀ ਰਸਾਲਿਆਂ ਦੇ ਨਾਵਾਂ ਤੋਂ ਵੀ ਵਾਕਿਫ਼ ਨਹੀਂ ਹਨ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਉਨ੍ਹਾਂ ਦੀ ਬਾਲ ਸਾਹਿਤ ਵਿਚ ਕੋਈ ਰੁਚੀ ਨਹੀਂ, ਜਦਕਿ ਬਾਲ ਸਾਹਿਤ ਦਾ ਸਿੱਖਿਆ ਅਤੇ ਜੀਵਨ ਨੂੰ ਨਰੋਆ ਬਣਾਉਣ ਵਿਚ ਅਹਿਮ ਯੋਗਦਾਨ ਹੈ। ਜੇਕਰ ਸਾਡੇ ਅਧਿਆਪਕ ਅਤੇ ਸਕੂਲ ਮੁਖੀ ਮਾਂ ਬੋਲੀ ਪੰਜਾਬੀ ਅਤੇ ਬਾਲ ਸਾਹਿਤ ਤੋਂ ਕੋਰੇ ਹਨ, ਫਿਰ ਅਸੀਂ ਹੋਰਾਂ ਤੋਂ ਕੀ ਉਮੀਦਾਂ ਰੱਖ ਸਕਦੇ ਹਾਂ। ਇੱਕ ਅਧਿਆਪਕ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਬਾਲ ਸਾਹਿਤ ਦੀ ਕੀ ਜ਼ਰੂਰਤ ਹੈ? ਹੁਣ ਤੁਸੀਂ ਅਜਿਹੇ ਅਧਿਆਪਕ ਦੀ ਮਾਨਸਿਕਤਾ ਦਾ ਅੰਦਾਜ਼ਾ ਖੁਦ ਲਗਾ ਸਕਦੇ ਹੋ ਕਿ ਉਹ ਆਪਣੇ ਦੇਸ਼ ਲਈ ਕਿਹੋ ਜਿਹੇ ਵਾਰਿਸ ਤਿਆਰ ਕਰੇਗਾ।

ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਹੁੰਦੇ ਬਾਲ ਰਸਾਲੇ ਪੰਖੜੀਆਂ ਅਤੇ ਪ੍ਰਾਈਮਰੀ ਸਿੱਖਿਆ ਵੀ ਨਹੀਂ ਪੁੱਜਦੇ। ਪੂਰੇ ਪੰਜਾਬ ਵਿਚੋਂ ਦਹਾਕਿਆਂ ਤੋਂ ਨਿਰੰਤਰ ਛਪਣ ਵਾਲੇ ਪੰਖੜੀਆਂ, ਪ੍ਰਾਇਮਰੀ ਸਿੱਖਿਆ ਅਤੇ ਨਿੱਕੀਆਂ ਕਰੂੰਬਲਾਂ ਸਿਰਫ ਤਿੰਨ ਬਾਲ ਰਸਾਲੇ ਹੀ ਹਨ। ਜਦਕਿ ਪੁਸਤਕ ਲੜੀ ਦੇ ਰੂਪ ਵਿਚ ਕਦੀ ਕਦਾਈਂ ਆੜ੍ਹੀ ਅਤੇ ਤਨੀਸ਼ਾ ਵੀ ਮਿਲ਼ ਜਾਂਦੇ ਹਨ। ਦਿੱਲੀ ਤੋਂ ਹੰਸਤੀ ਦੁਨੀਆਂ ਅਤੇ ਪਾਕਿਸਤਾਨ ਲਾਹੌਰ ਤੋਂ ਸ਼ਾਹਮੁਖੀ ਲਿੱਪੀ ਵਿਚ ਅਸ਼ਰਫ ਸੁਹੇਲ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੁੰਦੇ ਹਨ। ਇੰਡੀਆ ਬੁੱਕ ਆਫ ਰਿਕਾਰਡਸ ਵਿਚ ਦਰਜ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਨੂੰ ਪੁੱਜਦਾ ਕਰਨ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ ਪ੍ਰੰਤੂ ਕੁਝ ਨਕਾਰਾਤਮਕ ਵਿਚਾਰਾਂ ਦੇ ਧਾਰਨੀ ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਸੋਚ ਨੂੰ ਦੇਖ ਕੇ ਨਿਰਾਸ਼ਾ ਹੁੰਦੀ ਹੈ। ਸਿੱਖਿਆ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਸਕੂਲ ਮੁਖੀਆਂ ਨੂੰ ਨਿਰਦੇਸ਼ ਜਾਰੀ ਕਰੇ ਕਿ ਬੱਚਿਆਂ ਦੇ ਪੰਜਾਬੀ ਵਿਚ ਛਪਣ ਵਾਲੇ ਸਾਰੇ ਬਾਲ ਰਸਾਲੇ ਹਰ ਸਰਕਾਰੀ ਅਤੇ ਗੈਰ ਸਰਕਾਰੀ ਸਕੂਲ ਵਿਚ ਪੁੱਜਣੇ ਲਾਜ਼ਮੀ ਕੀਤੇ ਜਾਣ। ਸਿੱਖਿਆ ਸ਼ਾਸਤਰੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜਿਹੜੇ ਵਿਦਿਆਰਥੀ ਬਾਲ ਸਾਹਿਤ ਦੇ ਰਸਾਲੇ ਅਤੇ ਪੁਸਤਕਾਂ ਪੜ੍ਹਦੇ ਹਨ, ਉਹ ਜੀਵਨ ਵਿਚ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੇ ਹਨ। ਸੁਰ ਸੰਗਮ ਵਿੱਦਿਅਕ ਟਰੱਸਟ ਮਾਹਿਲਪੁਰ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਪਿਛਲੇ 30 ਸਾਲ ਤੋਂ ਬਾਲ ਸਾਹਿਤ ਦੇ ਪ੍ਰਚਾਰ ਅਤੇ

**ਉਸ ਵੇਲੇ ਮਨ ਨੂੰ ਦੁੱਖ ਹੁੰਦਾ ਹੈ ਕਿ ਜਿਸ ਅਧਿਆਪਕ ਨੇ ਬੱਚੇ ਦਾ ਸਰਬਪੱਖੀ ਵਿਕਾਸ ਕਰਨਾ ਹੈ, ਉਹ ਸਿਰਫ਼ ਤੇ ਸਿਰਫ਼ ਬੱਚੇ ਨੂੰ ਸਿਲੇਬਸ ਤੱਕ ਸੀਮਤ ਕਰਕੇ ਆਪਣਾ ਡੰਗ ਟਪਾਉਣ ਵਿਚ ਲੱਗਿਆ ਹੋਇਆ ਹੈ। ਇੱਥੇ ਅਸੀਂ ਇਕੱਲਾ ਅਧਿਆਪਕ ਨੂੰ ਵੀ ਦੋਸ਼ੀ ਨਹੀਂ ਠਹਿਰਾ ਸਕਦੇ ਕਿਉਂਕਿ ਸਿੱਖਿਆ ਵਿਭਾਗ ਦੀਆਂ ਨੀਤੀਆਂ ਹੀ ਇਹੋ ਜਿਹੀਆਂ ਹਨ ਕਿ ਅਧਿਆਪਕ ਆਪਣੀ ਕਲਾ ਅਨੁਸਾਰ ਬੱਚਿਆਂ ਨੂੰ ਸਿੱਖਿਅਤ ਹੀ ਨਾ ਕਰੇ।**

ਪ੍ਰਸਾਰ ਵਿੱਚ ਨਿਰੰਤਰ ਯੋਗਦਾਨ ਪਾਇਆ ਜਾ ਰਿਹਾ ਹੈ। ਰਸਾਲੇ ਦੀ ਵੈੱਬਸਾਈਟ www.Nkikiankarumblan.com 'ਤੇ ਰਸਾਲਾ ਮੁਫ਼ਤ ਉਪਲਬਧ ਕਰਵਾਇਆ ਜਾ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਸਗੋਂ ਹੁਸ਼ਿਆਰ ਅਤੇ ਸਾਹਿਤ ਪ੍ਰੇਮੀ ਵਿਦਿਆਰਥੀਆਂ ਨੂੰ ਵਿੱਦਿਅਕ ਅਤੇ ਸਮਾਜ ਸੇਵੀ ਸੰਸਥਾਵਾਂ ਰਾਹੀਂ ਰਸਾਲੇ ਦੀਆਂ 7100 ਕਾਪੀਆਂ ਅਤੇ 500 ਪੁਸਤਕਾਂ ਹਰ ਸਾਲ ਤੋਹਫੇ ਵਜੋਂ ਭੇਟ ਕੀਤੀਆਂ ਜਾਂਦੀਆਂ ਹਨ। ਹਰ ਸਾਲ ਬਾਲ ਦਿਵਸ ਤੋਂ ਪਹਿਲਾਂ ਆਉਣ ਵਾਲੇ ਐਤਵਾਰ ਨੂੰ ਸਾਹਿਤ ਸਿਰਜਣਾ ਮੁਕਾਬਲੇ ਕਰਵਾ ਕੇ ਭਾਗੀਦਾਰਾਂ ਨੂੰ ਪੁਸਤਕਾਂ ਦੇ ਸੈੱਟ ਅਤੇ ਨਗਦ ਇਨਾਮਾਂ ਨਾਲ ਨਿਵਾਜਿਆ ਜਾਂਦਾ ਹੈ। 2025 ਤੱਕ ਨਿੱਕੀਆਂ ਕਰੂੰਬਲਾਂ ਨਾਲ ਜੁੜੇ 30 ਬਾਲ ਸਾਹਿਤ ਲੇਖਕ ਨਿੱਕੀਆਂ ਕਰੂੰਬਲਾਂ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾ ਚੁੱਕੇ ਹਨ। ਇਸ ਤੋਂ ਪਹਿਲਾਂ 2019 ਵਿਚ ਰਸਾਲੇ ਦੀ ਸਿਲਵਰ ਜੁਬਲੀ ਮੌਕੇ 18 ਸਾਲ ਤੋਂ ਘੱਟ ਉਮਰ ਦੇ 25 ਬਾਲ ਸਾਹਿਤਕਾਰਾਂ ਨੂੰ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰ ਪ੍ਰਦਾਨ ਕੀਤੇ ਗਏ। ਸਿੱਖਿਆ ਸੰਸਥਾਵਾਂ ਨਾਲ ਸਬੰਧਿਤ ਸੱਜਣਾਂ ਨੂੰ ਇਹ ਯਾਦ ਕਰਵਾਉਂਦੇ ਹਾਂ ਕਿ ਤਤਕਲੀਨ ਡੀ.ਜੀ.ਐੱਸ.ਈ. ਸ਼੍ਰੀ ਕ੍ਰਿਸ਼ਨ ਕੁਮਾਰ ਹੁਰਾਂ ਪ੍ਰੀਤਲੜੀ, ਪੰਖੜੀਆਂ, ਪ੍ਰਾਇਮਰੀ ਸਿੱਖਿਆ ਨਾਲ ਨਿੱਕੀਆਂ ਕਰੂੰਬਲਾਂ ਰਸਾਲੇ ਨੂੰ 2008 ਵਿਚ ਲਾਗਤ ਕੀਮਤ ਤੇ ਖਰੀਦਕੇ ਪੰਜਾਬ ਦੇ ਸਾਰੇ ਸਕੂਲਾਂ ਵਿਚ ਪੁੱਜਦਾ ਕੀਤਾ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਸਿਰਫ ਸਾਹਿਤਕ ਰੁਚੀਆਂ ਵਾਲੇ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੇ ਲੋੜ ਮਹਿਸੂਸ ਕੀਤੀ। ਸਮੇਂ ਦੀ ਹਾਣੀ ਸੋਚ ਦੇ ਮਾਲਕ ਅਧਿਕਾਰੀਆਂ ਤੇ ਆਗੂਆਂ ਦੀ ਬਦੌਲਤ ਹੀ ਮਾਂ ਬੋਲੀ ਨੂੰ ਬਣਦਾ ਮਾਣ ਮਿਲ ਸਕਦਾ ਹੈ। ਜੇਕਰ ਅਸੀਂ ਸਾਰੇ ਜਣੇ ਆਪੋ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਈਏ, ਤਾਂ ਸਭ ਮਸਲੇ ਹੱਲ ਹੋ ਸਕਦੇ ਹਨ। ਅਸੀਂ ਮਾਂ ਬੋਲੀ ਦੇ ਵਾਰਿਸਾਂ ਨੂੰ ਇਹੀ ਅਪੀਲ ਕਰਦੇ ਹਾਂ ਕਿ ਉਹ ਆਪਣੇ ਬੱਚਿਆਂ ਨੂੰ ਉਮਰ ਗੁੱਟ ਅਨੁਸਾਰ ਬਾਲ ਰਸਾਲੇ ਅਤੇ ਬਾਲ ਪੁਸਤਕਾਂ ਜ਼ਰੂਰ ਦੇਣ, ਤਾਂ ਕਿ ਉਹ ਆਦਰਸ਼ ਨਾਗਰਿਕ ਬਣ ਸਕਣ।

# "ਗੱਲਾਂ ਆਰਵ ਦੀਆਂ-ਮਹਿਕ ਵਿਰਸੇ ਦੀ"


ਕੁਲਵੰਤ ਉੱਭੀ ਧਾਲੀਆਂ
ਫਰਿਜ਼ਨੋ, ਕੈਲੀਫੋਰਨੀਆਂ।
ਫੋਨ: (559) 473-9264
ਪੰਜਾਬ ਮੇਲ USA



ਅੰਤਰਰਾਸ਼ਟਰੀ ਪੰਜਾਬੀ ਸੱਭਿਆਚਾਰਕ ਸਟੇਜਾਂ ਦੀ ਸ਼ਾਨ ਆਸ਼ਾ ਸ਼ਰਮਾ ਦੇ ਦੋਹਤੇ ਆਰਵ ਨੇ ਵਧਾਇਆ ਆਪਣੇ ਨਾਨਕਿਆਂ ਦੇ ਦਾਦਕਿਆਂ ਦਾ ਮਾਣ। ਜੋ ਆਪਣੀ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਬੱਚਿਆਂ ਨੂੰ ਸੇਧ ਦੇਵੇਗਾ, ਜੋ ਵਿਦੇਸ਼ੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਆਪਣੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੋ ਰਹੇ ਹਨ।

ਆਪਣੀ ਉੱਚ ਵਿੱਦਿਆ ਅਤੇ ਅਧਿਆਪਨ ਦੇ ਕਾਰਜ ਤੋਂ ਇਲਾਵਾ ਪਿਛਲੇ ਚਾਰ ਦਹਾਕਿਆਂ ਤੋਂ ਵਧੀਕ ਸਮਾਂ ਪੰਜਾਬੀ ਸੱਭਿਆਚਾਰਕ ਸਟੇਜਾਂ 'ਤੇ ਉੱਚਾ ਮੁਕਾਮ ਹਾਸਲ ਕਰ ਚੁੱਕੀ ਬੀਬੀ ਆਸ਼ਾ ਸ਼ਰਮਾ ਅੱਜ ਵੀ ਆਪਣੀ ਸਟੇਜ ਤੋਂ ਪੇਸ਼ਕਾਰੀ ਕਰਨ ਵਿਚ ਸਭ ਤੋਂ ਅੱਗੇ ਹੈ। ਉਸ ਕੋਲ ਸਾਹਿਤਕ ਸ਼ਬਦਾਵਲੀ ਹੈ ਅਤੇ ਸਮੇਂ ਦੇ ਆਧਾਰ ਸ਼ਬਦਾਂ ਨੂੰ ਜੋੜਨਾ ਆਉਂਦਾ ਹੈ। ਉਸ ਨੂੰ ਜੇਕਰ ਪੰਜਾਬੀ ਸੱਭਿਆਚਾਰ ਦਾ ਇਨਸਾਈਕਲੋਪੀਡੀਆ ਕਹੀਏ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਜਿਨ੍ਹਾਂ ਤੋਂ ਹਰ ਕੋਈ ਕੁਝ ਨਾ ਕੁਝ ਸਿੱਖਦਾ ਰਹੇਗਾ। ਮੈਂ ਵੀ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਪਲਾਂ ਦੀ ਸਾਂਝ ਬਣਾ, ਬਹੁਤ ਕੁਝ ਸਿੱਖਿਆ ਹੈ। ਅਕਸਰ ਹੀ ਅਸੀਂ ਉਨ੍ਹਾਂ ਨੂੰ ਵੱਡੀ ਭੈਣ ਜੀ ਕਹਿ ਸਤਿਕਾਰ ਦਿੰਦੇ ਹਾਂ।

ਆਸ਼ਾ ਸ਼ਰਮਾ ਅਤੇ ਹਰਮੋਹਨ ਸਿੰਘ ਹੈਰੀ ਹੋਰਾਂ ਦੀ ਧੀ ਸੁਕ੍ਰਿਤੀ ਅਤੇ ਜਵਾਈ ਅਭੀਨਵ ਸਿੰਘ ਪਲਾਹੀ ਦਾ ਲਾਡਲਾ ਪੁੱਤਰ ਆਰਵ ਸਿੰਘ ਜੋ ਆਪਣੀ ਨਾਨਕੇ ਸਾਹਿਤਕ ਸੁਰੀਲੀਆਂ ਲੋਰੀਆਂ ਅਤੇ ਸੱਭਿਆਚਾਰਕ ਗੱਲਾਂ ਸੁਣਦਾ ਪਲਿਆ ਹੋਵੇ, ਉਹ ਕਿਸ ਤਰ੍ਹਾਂ ਘੱਟ ਰਹਿ ਸਕਦਾ ਹੈ। ਇਸ ਤੋਂ ਇਲਾਵਾ ਉਸ ਨੂੰ ਦਾਦਾ ਪੰਜਾਬੀ ਸਾਹਿਤਕਰ ਗੁਰਮੀਤ ਸਿੰਘ ਪਲਾਹੀ ਵਰਗਿਆਂ ਦਾਦਕਿਆਂ ਦਾ ਪਿਆਰ ਵੀ ਇਸੇ ਰੂਪ ਵਿਚ ਮਿਲਿਆ ਹੋਵੇ। ਉਹ ਫਿਰ ਕਿਸ ਤਰ੍ਹਾਂ ਪਿੱਛੇ ਰਹਿ ਸਕਦਾ ਹੈ। ਬੱਚਾ ਜੋ ਪਰਿਵਾਰ ਤੋਂ ਸਿੱਖਦਾ ਹੈ, ਫਿਰ ਉਹ ਹੀ ਉਸ ਦੀ ਸ਼ਖਸੀਅਤ ਵਿਚ ਝਲਕਦਾ ਹੈ। ਇਹ ਸਾਰੇ ਗੁਣ ਛੋਟੇ ਬੱਚੇ ਆਰਵ ਵਿਚ ਵੇਖੇ ਜਾ ਸਕਦੇ ਹਨ। ਅਜਿਹੇ ਬੱਚੇ ਆਪਣੇ ਸਾਥੀਆਂ ਅਤੇ ਹੋਰ ਆਉਣ ਵਾਲੀ ਪੀੜ੍ਹੀ ਲਈ ਵੀ ਪ੍ਰੇਰਨਾ ਸਰੋਤ ਬਣਦੇ ਹਨ।






ਆਰਵ ਸਿੰਘ ਅਤੇ ਬੀਬੀ ਆਸ਼ਾ ਸ਼ਰਮਾ (ਆਰਵ ਸਿੰਘ ਦੀ ਨਾਨੀ)

ਅੱਜ ਦੇ ਜ਼ਮਾਨੇ ਵਿਚ ਬੱਚੇ ਅਕਸਰ ਮਾਪਿਆਂ ਤੋਂ ਘੱਟ ਅਤੇ ਸੋਸ਼ਲ ਮੀਡੀਏ ਤੋਂ ਵੱਧ ਸਿੱਖਦੇ ਹਨ। ਪਰ ਪਰਿਵਾਰ ਦੇ ਚੰਗੇ ਪਾਲਣ-ਪੋਸ਼ਣ ਅਤੇ ਸੇਧ ਕਰਕੇ ਆਰਵ ਸਿੰਘ ਹੁਣ ਆਪਣੀ ਉਮਰ ਦੇ ਪੰਜਵੇਂ ਸਾਲ ਵਿਚ ਮਾਪਿਆਂ ਤੋਂ ਸਿੱਖ ਕੇ ਆਪਣੀ ਹਮਉਮਰ ਅਤੇ ਬਾਕੀ ਬੱਚਿਆਂ ਨੂੰ ਜੋ ਸੋਸ਼ਲ ਮੀਡੀਏ ਨਾਲ ਜੁੜੇ ਹਨ, ਇਸ ਰਾਹੀਂ ਸਿਖਾਉਣ ਦੇ ਕਾਬਲ ਬਣ ਗਿਆ। ਉਸ ਨੇ ਆਪਣਾ ਯੂਟਿਊਬ ਚੈਨਲ ਸ਼ੁਰੂ ਕਰ ਦਿੱਤਾ ਹੈ। ਜਿਸ ਨੂੰ ਸਬਕ੍ਰਾਈਬ ਕਰਕੇ ਬਹੁਤ ਸਾਰੇ ਬੱਚੇ ਅਤੇ ਪਰਿਵਾਰ ਉਸ ਨਾਲ ਜੁੜ ਰਹੇ ਹਨ। ਵਿਦੇਸ਼ੀ ਪ੍ਰਭਾਵ ਅਧੀਨ ਅਕਸਰ ਅੱਜਕੱਲ੍ਹ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਚਿੰਤਤ ਹਨ ਕਿਉਂਕਿ ਬੱਚੇ ਆਪਣੇ ਸੱਭਿਆਚਾਰਕ ਵਿਰਸੇ ਤੋਂ ਦੂਰ ਹੋ ਰਹੇ ਹਨ। ਮਨੋਵਿਗਿਆਨਕ ਤੌਰ 'ਤੇ ਜੇ ਦੇਖੀਏ, ਤਾਂ ਅੱਜਕਲ ਬੱਚੇ ਵੱਡਿਆਂ ਦਾ ਪ੍ਰਭਾਵ ਘੱਟ ਕਬੂਲਦੇ ਹਨ। ਪਰ ਹਮਉਮਰ ਦੀ ਗੱਲ ਝਟਪਟ ਮੰਨ ਲੈਂਦੇ ਹਨ। ਇਸ ਖੇਤਰ ਵਿਚ ਵੀ ਆਰਵ ਸਿੰਘ ਦੁਆਰਾ ਚਲਾਇਆ ਯੂ-ਟਿਊਬ ਚੈਨਲ ਬੱਚਿਆਂ ਨੂੰ ਚੰਗੀ ਸੇਧ ਦੇਣ ਲਈ ਸਾਰਥਿਕ ਸਿੱਧ ਹੋਵੇਗਾ, ਜਿਸ 'ਤੇ ਸਾਡਾ ਸਮੁੱਚਾ ਭਾਈਚਾਰਾ ਮਾਣ ਵੀ ਮਹਿਸੂਸ ਕਰਦਾ ਹੈ।

ਆਰਵ ਸਿੰਘ ਦੀ ਨਾਨੀ ਬੀਬੀ ਆਸ਼ਾ ਸ਼ਰਮਾ ਅਤੇ ਨਾਨਾ ਹਰਮੋਹਨ ਸਿੰਘ ਹੈਰੀ ਨੇ ਦੱਸਿਆ ਕਿ ਆਰਵ ਅਜੇ 5 ਕੁ ਸਾਲ ਦਾ ਬੱਚਾ ਹੈ। ਅਮਰੀਕਾ ਰਹਿੰਦੇ ਆਰਵ ਸਿੰਘ ਤੇ ਉਸ ਵਰਗੇ ਹੋਰ ਪੰਜਾਬੀ ਬੱਚਿਆਂ ਦੀ ਆਪਣੇ ਵਿਰਸੇ, ਬੋਲੀ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਸਾਂਝ ਪੁਆਉਣ ਲਈ ਅਤੇ ਉਨ੍ਹਾਂ ਨੂੰ ਆਪੇ ਦੇ ਪ੍ਰਗਟਾਵੇ ਲਈ ਪ੍ਰੇਰਿਤ ਕਰਨ ਲਈ ਅਸੀਂ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਨਾਮਕ ਯੂਟਿਊਬ ਚੈਨਲ ਬਣਾਇਆ ਹੈ।" ਅੱਗੇ ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਆਰਵ ਸਿੰਘ ਦੀ ਪੰਜਾਬੀ ਬੋਲੀ ਵਿਚ ਆਪਣੇ ਜਜ਼ਬਾਤ ਸਾਂਝੇ ਕਰਨ ਦੀ ਕੋਸ਼ਿਸ਼ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਆਪ ਨੂੰ ਪਸੰਦ ਆਏਗੀ। ਜੋ ਆਰਵ ਦੀ ਹੌਂਸਲਾ-ਅਫ਼ਜ਼ਾਈ ਅਤੇ ਹੋਰਨਾਂ ਬੱਚਿਆਂ ਨੂੰ ਵਿਰਸੇ ਨਾਲ਼ ਜੋੜਨ ਦੀ ਪ੍ਰੇਰਨਾ ਦੇਣ ਲਈ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਇੱਕ ਚੰਗਾ ਪ੍ਰੇਰਨਾ ਸਰੋਤ ਕਦਮ ਹੋਵੇਗਾ। ਇਨ੍ਹਾਂ ਹੀ ਕਦਮਾਂ 'ਤੇ ਚੱਲਦੇ ਹੋਏ ਇਸ ਚੰਗੀ ਸੋਚ ਨੂੰ ਅੱਗੇ ਵਧਾਉਣ ਲਈ ਯੂਟਿਊਬ ਚੈਨਲ ਸਬਸਕ੍ਰਾਈਬ ਕਰਨ ਅਤੇ ਵੀਡੀਓਜ਼ ਨੂੰ ਦੇਖ ਕੇ ਆਪਣੇ ਵਿਚਾਰ ਦੇਣ ਦੀ ਅਪੀਲ ਵੀ ਕੀਤੀ। ਜਦ ਤੁਸੀਂ ਉਸ ਦੀ ਵੀਡੀਓਜ਼ ਪਸੰਦ ਅਤੇ ਸ਼ੇਅਰ ਕਰਕੇ ਆਪ ਜ਼ਰੂਰ ਆਰਵ ਸਿੰਘ ਨੂੰ ਹੱਲਾਸ਼ੇਰੀ ਦਿਉਗੇ, ਤਾਂ ਬੱਚੇ ਦਾ ਹੋਰ ਹੌਂਸਲਾ ਵਧੇਗਾ ਅਤੇ ਉਹ ਹੋਰ ਬੱਚਿਆਂ ਲਈ ਸੱਭਿਆਚਾਰਕ ਰੰਗਾਂ ਵਿਚ ਰੰਗੇ ਨਵੇਂ-ਨਵੇਂ ਵਿਸ਼ੇ ਆਪਣੀ ਨੰਨੀ ਪਿਆਰੀ ਮੁਸਕਾਨ ਅਤੇ ਆਵਾਜ਼ ਵਿਚ ਲਿਆ ਕੇ ਪੇਸ਼ ਕਰੇਗਾ।

ਮੇਰੇ ਵੱਲੋਂ ਆਰਵ ਸਿੰਘ ਅਤੇ ਉਸਦੇ ਮਾਪਿਆਂ ਲਈ ਢੇਰ ਸਾਰੀਆਂ ਸ਼ੁੱਭ ਕਾਮਨਾਵਾਂ ਹਨ ਕਿ ਉਹ ਆਪਣੇ ਨਾਨਕੇ ਅਤੇ ਦਾਦਕੇ ਪਰਿਵਾਰ ਦੀ ਤਰ੍ਹਾਂ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰੇ। ਪ੍ਰਮਾਤਮਾ ਇਸ ਬੱਚੇ ਨੂੰ ਖੁਸ਼ੀਆਂ ਅਤੇ ਤਰੱਕੀਆਂ ਬਖਸ਼ੇ।

## ਰੁੱਤ ਬਰਸਾਤ 'ਤੇ ਵਿਸ਼ੇਸ਼

# ਧਰਤੀ ਦੇ ਗੁਰਦੇ ਹਨ : ਕੁਦਰਤੀ ਢਾਬਾਂ

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਕੁਦਰਤ ਦਾ ਸਮਤੋਲ ਬਣਾਈ ਰੱਖਣ ਲਈ ਕੁਦਰਤੀ ਬਨਸਪਤੀ, ਜੰਗਲ ਅਤੇ ਕੁਦਰਤੀ ਢਾਬਾਂ/ਛੰਭਾਂ ਦਾ ਹੋਣਾ ਲਾਜ਼ਮੀ ਐ। ਭਾਰਤ ਵਿਚ ਜਿੱਥੇ 1.5 ਫੀਸਦੀ ਰਕਬਾ, ਕੁਦਰਤੀ ਜਲਗਾਹਾਂ ਅਧੀਨ ਹੈ, ਉਥੇ ਇਹ ਦਰ ਪੰਜਾਬ ਵਿਚ ਕੇਵਲ ਮਾਤਰ 0.5 ਫ਼ੀਸਦੀ ਹੈ। 2 ਫਰਵਰੀ 1971 ਨੂੰ ਈਰਾਨ ਦੇ ਸਰਹੱਦੀ ਸ਼ਹਿਰ ਰਾਮਸਰ, ਜੋ ਦੁਨੀਆਂ ਦੀ ਸਭ ਤੋਂ ਵੱਡੀ ਕੁਦਰਤੀ ਝੀਲ ਕੈਸਪੀਅਨ ਸਾਗਰ ਦੇ ਨਾਲ ਖਹਿੰਦੈ, ਵਿਖੇ ਯੂਨੈਸਕੋ ਦੀ ਪਹਿਲਕਦਮੀ ਨਾਲ ਵਾਤਾਵਰਣ ਪ੍ਰੇਮੀਆਂ ਅਤੇ ਚਿੰਤਕਾਂ ਦੀ ਅੰਤਰਾਸ਼ਟਰੀ ਬੈਠਕ ਹੋਈ।

ਇਸ ਬੈਠਕ ਵਿਚ ਜਲਗਾਹਾਂ ਅਧੀਨ ਲਗਾਤਾਰ ਘੱਟ ਰਹੇ ਰਕਬੇ ਅਤੇ ਉਨ੍ਹਾਂ ਦੀ ਮਾੜੀ ਹਾਲਤ 'ਤੇ ਚਿੰਤਾ ਦਾ ਇਜ਼ਹਾਰ ਕਰਦਿਆਂ ਹਰ ਸਾਲ 2 ਫਰਵਰੀ ਨੂੰ ਜਲਗਾਹ ਦਿਹਾੜਾ ਮਨਾਉਣ ਦਾ ਐਲਾਨ ਕੀਤਾ। ਇਕ ਅਨੁਮਾਨ ਮੁਤਾਬਕ ਸਾਡੇ ਦੇਸ਼ ਭਰ 'ਚ ਪੂਰਾ ਸਾਲ 118ਸੈਂਟੀਮੀਟਰ ਮੀਂਹ ਪੈਂਦਾ ਹੈ। ਇਸ ਤਰ੍ਹਾਂ ਕੁੱਲ ਜਲ ਭੰਡਾਰ 38 ਲੱਖ ਮਿਲੀਅਨ ਘਣ ਮੀ: ਬਣਦੈ। ਇਸ 'ਚੋਂ 13 ਲੱਖ ਮਿਲੀਅਨ ਘਣ ਮੀ: ਪਾਣੀ ਵਾਸ਼ਪੀਕਰਣ ਹੋ ਕੇ ਜਿਥੇ ਮੁੜ ਮੀਂਹ ਅਤੇ ਠੰਡਕ ਦਾ ਵਾਇਸ ਬਣ ਜਾਂਦਾ ਹੈ, ਉਥੇ 8 ਲੱਖ ਮਿਲੀਅਨ ਘਣ ਮੀ: ਜ਼ਮੀਨ 'ਚ ਜਜ਼ਬ ਹੋ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਹਾਈ ਹੁੰਦਾ ਹੈ।





ਕੁਦਰਤੀ ਢਾਬ ਅਤੇ ਟੋਭਿਆਂ ਨੂੰ ਤਰੱਕੀ ਪਸੰਦਾਂ ਵਲੋਂ ਸੁੰਦਰੀਕਰਨ ਦੇ ਨਾਮ ਪੁਰ, ਕੂੜੇ ਕਰਕਟ ਨਾਲ ਪੂਰੇ ਜਾਣ ਦਾ ਦ੍ਰਿਸ਼।

ਪੰਜਾਬ ਦੀ ਗੱਲ ਕਰੀਏ, ਤਾਂ ਪਾਣੀ ਦੇ ਪੱਧਰ ਨੂੰ ਬਣਾਈ ਰੱਖਣ ਲਈ ਸਤਲੁਜ, ਬਿਆਸ ਅਤੇ ਰਾਵੀ ਦਰਿਆ, ਘੱਗਰ, ਚਿੱਟੀ ਵੇਈਂ, ਕਾਲੀ ਵੇਈਂ, ਚੱਕੀਖੱਡ, ਉੱਜ, ਸਵਾਨ, ਸੋਹਨ, ਆਨੰਦਪੁਰ, ਬਲਾਚੌਰ, ਨੂਰਪੁਰਬੇਦੀ, ਸੁਖਨਾ, ਪਟਿਆਲਾ ਕੀ ਰਾਓ, ਜੈਂਤੀ ਦੇਵੀ ਕੀ ਰਾਓ ਅਤੇ ਸਿਸਵਾਂ ਮੌਸਮੀ ਨਦੀਆਂ ਹਨ। ਬੁੱਢਾ ਅਤੇ ਸੱਕੀ ਕਿਰਨ ਨਾਲਾ ਹਨ। ਅਫ਼ਸੋਸ ਕਿ ਅੱਜ ਦੀ ਤਾਰੀਖ਼ ਵਿਚ ਇਹ ਸਭ ਅੰਮ੍ਰਿਤਮਈ ਜੀਵਨ ਦਾਤ ਨੂੰ ਅਸੀਂ ਜ਼ਹਿਰ-ਕਹਿਰ 'ਚ ਤਬਦੀਲ ਕਰ ਦਿੱਤਾ ਹੈ, ਜਿਸ ਕਾਰਨ ਅਸੀਂ ਨਿੱਤ ਦਿਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ। ਇਹ ਅਸਿੱਧੇ ਰੂਪ ਵਿਚ ਹਰੀ ਅਤੇ ਉਦਯੋਗਿਕ ਕ੍ਰਾਂਤੀ ਦੇ ਦੂਰਗਾਮੀ ਪ੍ਰਭਾਵ ਹਨ।

ਪਰ ਇੱਥੇ ਸਾਡਾ ਅੱਜ ਦਾ ਵਿਸ਼ਾ ਉਨ੍ਹਾਂ ਹਰੀਕੇ ਪੱਤਣ, ਰੋਪੜ ਜਾਂ ਕਾਂਜਲੀ ਅੰਤਰਰਾਜੀ ਜਾਂ ਅੰਤਰਾਸ਼ਟਰੀ ਪੱਧਰ ਦੀਆਂ ਜਲਗਾਹਾਂ ਦਾ ਨਹੀਂ ਹੈ, ਸਗੋਂ ਕੇਵਲ ਮਾਤਰ ਜਲਗਾਹਾਂ ਨੂੰ ਦੇਸੀ ਭਾਸ਼ਾ ਵਿਚ ਪਿੰਡ ਪੱਧਰ 'ਤੇ ਕਿਹਾ ਜਾਂਦਾ ਢਾਬਾਂ/ਟੋਭਿਆਂ ਤੱਕ ਹੀ ਸੀਮਤ ਹੈ। ਸਾਡੇ ਸੂਰਜੀ ਪਰਿਵਾਰ 'ਚੋਂ ਕੇਵਲ ਮਾਤਰ ਇਹ ਧਰਤੀ ਹੀ ਹੈ, ਜੋ ਜੀਵ ਮੰਡਲ ਦਾ ਦਰਜਾ ਰੱਖਦੀ ਹੈ। ਜਲ, ਥਲ ਅਤੇ ਵਾਯੂ ਮੰਡਲ ਤਿੰਨੋਂ ਮਿਲ ਕੇ ਜੀਵ ਮੰਡਲ ਦੀ ਰਚਨਾ ਕਰਦੇ ਹਨ। ਪਾਣੀ, ਕੁਦਰਤ ਵਲੋਂ ਬਖਸ਼ਿਸ਼ ਇਕ ਵਡਮੁੱਲੀ ਦਾਤ ਹੈ। ਗੁਰਵਾਕ ਹੈ

"ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ॥"

ਸੋ ਜਿੰਨੀਆਂ ਵੀ ਪੁਰਾਣੀਆਂ ਸੱਭਿਆਤਾਵਾਂ ਪ੍ਰਫੁੱਲਤ ਹੋਈਆਂ ਜਾਂ ਪੁਰਾਣੇ ਸ਼ਹਿਰ ਆਬਾਦ ਹੋਏ, ਪਾਣੀ ਦੀ ਲੋੜ ਹਿੱਤ, ਸਭ ਦਰਿਆਵਾਂ ਕਿਨਾਰੇ ਹੀ ਹੋਏ। ਇਹੀ ਨਹੀਂ, ਸਗੋਂ ਪ੍ਰਾਚੀਨ, ਮੱਧ ਜਾਂ ਅੰਗਰੇਜ਼-ਸਿੱਖ ਯੁੱਗ ਤੱਕ ਸਾਰੀਆਂ ਜੰਗਾਂ ਦਰਿਆਵਾਂ ਜਾਂ ਢਾਬਾਂ/ਛੰਭਾਂ ਦੇ ਨਜ਼ਦੀਕ ਹੀ ਹੋਈਆਂ। ਸੋ ਪੁਰਾਣੇ ਦੌਰ ਵਿਚ ਬਜ਼ੁਰਗਾਂ ਵਲੋਂ ਪਾਣੀ ਸਾਧਨਾਂ ਦੀ ਥੋੜ੍ਹ ਕਾਰਨ ਹਰ ਪਿੰਡ ਦੇ ਚੌਹੀਂ ਕੂੰਟੀਂ ਪਾਣੀ ਦੀ ਲੋੜ ਹਿੱਤ ਵੱਡੀਆਂ ਢਾਬਾਂ/ਖੱਡਾਂ ਰਾਖਵੀਆਂ ਛੱਡੀਆਂ ਜਾਂਦੀਆਂ ਸਨ। ਜਿਨ੍ਹਾਂ ਵਿਚ ਵਰਤੋਂ ਹਿੱਤ ਜਿੱਥੇ ਮੀਹਾਂ ਦਾ ਪਾਣੀ ਜਮ੍ਹਾਂ ਰਹਿੰਦਾ, ਉਥੇ ਮਕਾਨ, ਵਿਹੜੇ ਲਿੱਪਣ ਲਈ ਢਾਬਾਂ ਦੀ ਮਿੱਟੀ ਬੜੀ ਕਾਰਗਰ ਹੁੰਦੀ। ਨਹਾਉਣਾ, ਧੋਣਾ, ਪਸ਼ੂ, ਪੰਛੀਆਂ ਜਾਂ ਥੋੜਾ ਬਹੁਤਾ ਪਾਣੀ ਖੇਤੀਬਾੜੀ ਸੰਚਾਈ ਲਈ ਵੀ ਵਰਤ ਲਿਆ ਜਾਂਦਾ। ਅਖਾਣ ਹੈ:-

'ਉਹ ਜ਼ਮੀਨ ਰਾਣੀ-ਜਿਹਦੇ ਸਿਰ 'ਤੇ ਪਾਣੀ'

ਸਿਖਰ ਦੁਪਹਿਰ ਵੇਲੇ ਆਮ ਰਾਹਗੀਰ, ਵੱਗ ਚਰਾਉਣ ਵਾਲੇ ਆਰਾਮ ਲਈ ਦੁਪਹਿਰਾਂ ਕੱਟਦੇ। ਪੁਰਾਣੇ ਵੇਲਿਆਂ 'ਚ ਬਹੁਤੇ ਬੰਦੇ ਤੁਰ ਕੇ ਹੀ ਦੂਰ ਦਰਾਜ ਦੇ ਪਿੰਡਾਂ ਤੱਕ ਰਿਸ਼ਤੇਦਾਰੀਆਂ ਵਿਚ ਚਲੇ ਜਾਇਆ ਕਰਦੇ। ਬਜ਼ੁਰਗਾਂ ਨੇ ਪਿੰਡੋਂ ਤੁਰਦਿਆਂ ਸਾਫੇ ਦੇ ਲੜ ਰੋਟੀ ਬੰਨ੍ਹ ਲੈਣੀ, ਚਾਦਰਾ ਲਾਹ ਕੇ ਮੋਢੇ ਧਰ ਲੈਣਾ ਅਤੇ ਖੁੱਸੇ ਉਤਾਰ ਕੇ ਹੱਥ 'ਚ ਫੜ ਲੈਣੇ। ਰਿਸ਼ਤੇਦਾਰ ਦੇ ਪਿੰਡ ਤੋਂ ਉਰਾਰ ਚਲਦੇ ਚਰਸ, ਹਲਟ ਜਾਂ ਢਾਬ 'ਤੇ ਰੁੱਕ ਕੇ ਤਰੋਤਾਜ਼ਾ ਹੋਣਾ। ਜੁੱਤੀ, ਚਾਦਰਾ ਲਾ ਕੇ ਫਿਰ ਅੱਗੇ ਵਧਣਾ। ਢਾਬਾਂ ਮਨੋਰੰਜਨ ਦਾ ਵੀ ਸਾਧਨ ਹੁੰਦੀਆਂ ਸਨ ਉਦੋਂ। ਜਿੱਥੇ ਗੱਭਰੂਆਂ ਨੇ ਪਸ਼ੂ ਨਹਾਉਣ, ਆਪ ਨਹਾਉਣ ਜਾਂ ਦੁਪਹਿਰਾ ਕੱਟਣ ਚਲੇ ਜਾਣਾ, ਉਥੇ ਮੁਟਿਆਰਾਂ, ਬੀਬੀਆਂ ਨੇ ਬੱਚੇ ਨਹਾਉਣ ਜਾਂ ਕੱਪੜੇ ਧੋਣ ਚਲੇ ਜਾਣਾ। ਇਸ ਤਰ੍ਹਾਂ ਕਈ ਮਨਚਲੇ ਗੱਭਰੂ-ਮੁਟਿਆਰਾਂ ਨੂੰ ਮਿਲਣ ਦਾ ਬਹਾਨਾ ਮਿਲ ਜਾਂਦਾ। ਅਖ਼ਾਣ ਐ:

'ਖੂਹ ਟੋਭਿਆਂ 'ਤੇ ਮਿਲਣੋ ਰਹਿਗੇ-ਚੰਦਰੇ ਲਵਾ ਲੇ ਨਲ਼ਕੇ'

ਸੋ ਜਿੱਥੇ ਢਾਬਾਂ ਪਾਣੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਦੀਆਂ ਸਨ, ਉਥੇ ਸਾਰਾ ਸਾਲ ਢਾਬਾਂ ਦਾ ਪਾਣੀ ਜ਼ਮੀਨ 'ਚ ਰਿਸ-ਰਿਸ ਕੇ ਹੇਠਲੇ ਪਾਣੀ ਦੇ ਪੱਧਰ ਨੂੰ ਵੀ ਬਰਕਰਾਰ ਰੱਖਦਾ ਸੀ। ਇਨ੍ਹਾਂ ਢਾਬਾਂ/ਟੋਭਿਆਂ ਨੂੰ ਹੋਰ ਡੂੰਘੇ ਅਤੇ ਸਾਫ਼ ਕਰਕੇ ਚੌਤਰਫ਼ਾ ਬੂਟੇ ਲਾਉਣ ਦੀ ਬਜਾਏ ਕੁਦਰਤ ਨਾਲ ਖਿਲਵਾੜ ਕਰਦਿਆਂ, ਬਹੁਤਾ ਨਾਜਾਇਜ਼ ਕਬਜ਼ਿਆਂ ਅਤੇ ਕੁੱਝ ਤਰੱਕੀ ਪਸੰਦਾਂ ਨੇ ਸੁੰਦਰੀਕਰਨ ਦੇ ਨਾਮ ਪੁਰ ਇਨ੍ਹਾਂ ਨੂੰ ਵਾਹ ਕੇ ਪੱਧਰਾ ਕਰ ਦਿੱਤਾ ਹੈ, ਜਿਸ ਵਜ੍ਹਾ ਧਰਤੀ ਦੇ ਗੁਰਦਿਆਂ ਦਾ ਦਰਜਾ ਰੱਖਦੀਆਂ ਤਮਾਮ ਢਾਬਾਂ/ਜਲਗਾਹਾਂ ਅਤੇ ਇਹਦੇ ਨਾਲ-ਨਾਲ ਕਿਨਾਰਿਆਂ 'ਤੇ ਖੜ੍ਹੇ ਧਰਤੀ ਦੇ ਫੇਫੜੇ ਕਹਾਉਂਦੇ ਰੁੱਖ, ਖ਼ਤਮ ਹੋਣ ਕਿਨਾਰੇ ਹਨ।

ਮਨੁੱਖੀ ਜਾਤ ਧਰਤੀ 'ਤੇ ਵਾਸ ਕਰਦੀਆਂ ਸਮੂਹ ਪ੍ਰਜਾਤੀਆਂ ਦੀ ਸਰਦਾਰ ਐ। ਇਸ ਧਰਤੀ 'ਤੇ ਰਹਿਣ ਦਾ ਜਿੰਨਾ ਹੱਕ ਸਾਡਾ ਹੈ, ਓਨਾ ਹੀ ਦੂਜਿਆਂ ਦਾ ਵੀ। ਸੋ ਆਪਣੇ ਨਿੱਜੀ ਆਰਥਿਕ ਲਾਭਾਂ ਤੋਂ ਉਪਰ ਉਠ ਕੇ ਕਈ ਜੀਵ-ਜੰਤੂਆਂ ਦੀਆਂ ਠਾਹਰਾਂ ਇਨ੍ਹਾਂ ਟੋਭਿਆਂ ਲਈ ਤਵੱਜੋਂ ਦੇਣੀ ਬਣਦੀ ਹੈ। ਇਹ ਜ਼ਰੂਰੀ ਹੈ ਕਿ ਪੁੱਤ ਪੋਤਿਆਂ ਲਈ ਖ਼ੈਰ ਚਾਹੁੰਦਿਆਂ ਉਦਮੀ ਪੰਚਾਇਤਾਂ, ਕਲੱਬ ਆਪਣੇ ਪਿੰਡਾਂ ਲਈ, ਅੱਗੇ ਆ ਕੇ ਢਾਬਾਂ/ਟੋਭਿਆਂ ਦੇ ਨਾਲ-ਨਾਲ ਕੁਦਰਤੀ ਬਨਸਪਤੀ ਨੂੰ ਮੁੜ ਸੁਰਜੀਤ ਕਰਨ ਦਾ ਬੀੜਾ ਚੁੱਕਣ। ਇਸੇ ਵਿਚ ਹੀ ਪੰਜਾਬ ਦਾ ਭਵਿੱਖ ਹੈ।

-ਕਿਉਂ ਜੋ, ਜਲ ਹੈ ਤਾਂ ਕੱਲ੍ਹ ਹੈ - ਰੁੱਖ ਹੈ ਤਾਂ ਸੁੱਖ ਹੈ।

# ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ

ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
ਪੰਜਾਬ ਮੇਲ USA





> ਸੰਸਾਰ ਅੰਦਰ ਸੱਚ ਦੀ ਪਰਖ ਉਹ ਕਰ ਰਹੇ ਹਨ, ਜਿਨ੍ਹਾਂ ਸੱਚ ਕਦੇ ਜਾਣਿਆ ਹੀ ਨਹੀਂ। ਉਨ੍ਹਾਂ ਨੂੰ ਸੱਚ ਤੇ ਝੂਠ, ਨਿਆਂ ਤੇ ਅਨਿਆਂ , ਧਰਮ ਤੇ ਅਧਰਮ ਦਾ ਭੇਦ ਗਿਆਤ ਹੀ ਨਹੀਂ ਹੈ। ਅੱਜ ਸੰਸਾਰ ਅੰਦਰ ਪਾਪ ਹੋ ਰਹੇ ਹਨ ਤੇ ਪਾਪ ਦੀ ਹਿਮਾਇਤ ਡੱਟ ਕੇ ਹੋ ਰਹੀ ਹੈ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਇਹ ਪਾਪ ਹੈ ਹੀ ਨਹੀਂ। ਲੋਭ, ਕੂੜ ਨੇ ਪਾਪ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਇਸ ਦਾ ਵਿਆਪਕ ਤੇ ਘਾਤਕ ਪ੍ਰਭਾਵ ਮਨੁੱਖ ਦੇ ਜੀਵਨ 'ਤੇ ਪੈ ਰਿਹਾ ਹੈ। ਮਨੁੱਖ ਨੂੰ ਸੰਸਾਰ ਅੰਦਰ ਜੋ ਵੀ ਚੀਜ਼ ਮੋਹ ਰਹੀ ਹੈ, ਲੁਭਾਉਣੀ ਲੱਗ ਰਹੀ ਹੈ, ਦਰਅਸਲ ਉਹ ਉਸ ਦੇ ਦੁੱਖਾਂ ਦਾ ਮੂਲ ਹੈ। ਸੰਸਾਰ ਦਾ ਭਰਮ ਹੀ ਅਜਿਹਾ ਹੈ "ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥" ਸੱਚ ਦੀ ਪਰਖ ਨਾ ਹੋਣ ਕਾਰਣ ਹਰ ਮਨੁੱਖ ਪੜ੍ਹਿਆ-ਅਨਪੜ੍ਹ, ਧਨਵਾਨ-ਨਿਰਧਨ, ਕੁਲੀਨ-ਕੁਲਹੀਨ, ਰਾਜਾ-ਪਰਜਾ ਸਾਰੇ ਹੀ ਦੁੱਖ ਭੋਗ ਰਹੇ ਹਨ। ਸਮਾਜ ਅੰਦਰ ਕਦਰਾਂ-ਕੀਮਤਾਂ ਦੀ ਰਾਖੀ ਲਈ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਪਰ ਨਾ ਤਾਂ ਦੁੱਖ ਦੇ ਮੂਲ ਤੱਕ ਜਾਣ ਦੀ ਦ੍ਰਿਸ਼ਟੀ ਹੈ, ਨਾ ਹੀ ਨਿਦਾਨ ਦਾ ਗਿਆਨ ਹੈ ।

ਜੰਗਲ ਤੋਂ ਜੀਵਨ ਆਰੰਭ ਕਰ ਉੱਚੀਆਂ ਅਟਾਰੀਆਂ ਤੱਕ ਜਾ ਪੁੱਜਾ ਮਨੁੱਖ ਵਰਤਮਾਨ ਨੂੰ ਸੱਭਿਅਤਾ ਦੇ ਵਿਕਾਸ ਦਾ ਸ਼ਾਨਦਾਰ ਦੌਰ ਮੰਨ ਰਿਹਾ ਹੈ। ਵਿਗਿਆਨ ਤੇ ਤਕਨੀਕ ਨੇ ਜੀਵਨ ਢੰਗ ਨੂੰ ਆਸਾਨ ਕਰ ਦਿੱਤਾ ਹੈ। ਮਨੁੱਖ ਆਪਣੀ ਹਰ ਕਲਪਨਾ ਨੂੰ ਹਕੀਕਤ ਵਿਚ ਬਦਲਣ ਵਿਚ ਲਗਾਤਾਰ ਕਾਮਯਾਬ ਹੋ ਰਿਹਾ ਹੈ। ਅੱਜ ਸੁੱਖ ਦਾ ਹਰ ਸਮਾਨ ਬਾਜ਼ਾਰ ਵਿਚ ਉਪਲਬੱਧ ਹੈ ਪਰ ਸੁੱਖ ਦੀ ਪ੍ਰਤੀਤ ਕਰਾਉਣ ਵਾਲੀ ਸੋਚ ਗੁਆਚ ਗਈ ਲੱਗਦੀ ਹੈ। ਪਦਾਰਥਵਾਦੀ ਵਿਕਾਸ ਦਾ ਗ੍ਰਾਫ ਜਿਸ ਦਰ ਨਾਲ ਉੱਚਾ ਹੁੰਦਾ ਗਿਆ ਹੈ, ਮਨੁੱਖ ਦਾ ਕਿਰਦਾਰ ਉਸੇ ਦਰ ਨਾਲ ਡਿੱਗਦਾ ਗਿਆ ਹੈ। ਵਰਤਮਾਨ ਦਾ ਸਭ ਤੋਂ ਵੱਡਾ ਸੰਕਟ ਜੋ ਮਨੁੱਖੀ ਸਮਾਜ ਨੂੰ ਵੈਸ਼ਵਿਕ ਪੱਧਰ 'ਤੇ ਤੋੜ ਰਿਹਾ ਹੈ, ਉਹ ਹੈ ਵਿਸ਼ਵਾਸ ਦਾ। ਮਨੁੱਖ ਲਈ ਇਹ ਇੱਕ ਔਖੀ ਬੁਝਾਰਤ ਬਣ ਗਈ ਹੈ ਕਿ ਉਹ ਕਿਸ 'ਤੇ ਭਰੋਸਾ ਕਰੇ। ਇੱਕ ਸਮਾਂ ਸੀ ਜਦੋਂ ਆਤਮ ਬਲ ਮਹਿਸੂਸ ਹੁੰਦਾ ਸੀ ਕਿ ਸੁੱਖ-ਦੁੱਖ ਵਿਚ ਨਾਲ ਖੜ੍ਹੇ ਹੋਣ ਵਾਲੇ ਬਹੁਤ ਹਨ। ਇਸ ਬਹੁਤ ਵਿਚ ਪਰਿਵਾਰ, ਕੁਟੰਬ, ਗੁਆਂਢੀ ਹੀ ਨਹੀਂ, ਮਿੱਤਰ ਤੇ ਸਮਾਜ ਵੀ ਸ਼ਾਮਲ ਹੁੰਦਾ ਸੀ। ਇਹ ਦਾਇਰਾ ਸੁੰਗੜਦਾ ਗਿਆ। ਮਾਤਾ-ਪਿਤਾ ਨੂੰ ਆਪਣੀ ਸੰਤਾਨ 'ਤੇ ਭਰੋਸਾ ਨਹੀਂ ਰਿਹਾ। ਪਤੀ-ਪਤਨੀ ਦਾ ਆਪਸੀ ਸਬੰਧ ਵੀ ਡੋਲ ਗਿਆ ਹੈ। ਜੋ ਨਾਲ ਖੜ੍ਹਾ ਹੈ ਕਿਉਂ ਖੜ੍ਹਾ ਹੈ, ਕਦੋਂ ਤੱਕ ਖੜ੍ਹਾ ਰਹੇਗਾ, ਉਸ ਦੇ ਮਨ ਵਿਚ ਕੀ ਚੱਲ ਰਿਹਾ ਹੈ, ਇਹ ਸਮਝਣਾ ਮੁਸ਼ਕਿਲ ਹੋ ਗਿਆ ਹੈ। ਕਿਉਂਕਿ ਮਨੁੱਖ ਵਿਸ਼ਾਲ ਦੁਨੀਆਂ, ਵੱਡੇ ਸਮਾਜ, ਪੂਰੇ ਪਰਿਵਾਰ ਵਿਚ ਰਹਿੰਦੀਆਂ ਵੀ ਆਤਮ ਕੇਂਦ੍ਰਿਤ ਹੋ ਗਿਆ ਹੈ। ਉਹ ਮਾਤਰ ਆਪਣੇ ਲਈ ਸੋਚ ਰਿਹਾ ਹੈ। ਆਪਣੇ ਲਈ ਮੋਹ, ਲੋਭ ਇਤਨਾ ਵੱਧ ਗਿਆ ਹੈ ਕਿ ਦੂਜੇ ਲਈ ਸੋਚਣ ਦਾ ਸਮਾਂ ਹੀ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਸਮਾਜਿਕ ਹਾਲਾਤ ਨੇੜੇ ਹੋ ਕੇ ਵੇਖਣ ਤੇ ਸਮਝਣ ਤੋਂ ਬਾਅਦ ਨਬਜ਼ 'ਤੇ ਹੱਥ ਰੱਖ ਦਿੱਤਾ।

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥

ਪਰ ਨਿੰਦਾ ਪਰ ਮਲੁ ਮੁਖ਼ ਸੁਧੀ ਅਗਨਿ ਕ੍ਰੋਧੁ ਚੰਡਾਲੁ॥

ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਰ॥ ੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫)

ਮਨੁੱਖ ਦੇ ਅੰਦਰ ਲੋਭ ਕੁੱਤੇ ਵਾਂਗੂੰ ਵੱਸ ਰਿਹਾ ਹੈ, ਜੋ ਸਦਾ ਹੀ ਭੌਂਕਦਾ ਰਹਿੰਦਾ। ਉਹ ਬਿਨਾ ਕਾਰਣ ਵੀ ਭੌਂਕਦਾ ਹੈ, ਕਿਸੇ ਨੂੰ ਵੀ ਵੇਖ ਕੇ ਭੌਂਕਣ ਲੱਗਦਾ ਹੈ। ਕੁੱਤਾ ਕਿਸੇ ਵੇਲੇ ਵਫ਼ਾਦਾਰ ਜਾਨਵਰ ਮੰਨਿਆ ਜਾਂਦਾ ਸੀ। ਸਮਾਂ ਹੁਣ ਅਜਿਹਾ ਆ ਗਿਆ ਹੈ ਕਿ ਕੁੱਤਾ ਆਪਣੇ ਮਾਲਕ ਨੂੰ ਵੀ ਨਹੀਂ ਛੱਡ ਰਿਹਾ। ਮਾਲਕ ਨੂੰ ਹੀ ਮਾਰ ਦੇਣ ਦੀਆਂ ਘਟਨਾਵਾਂ ਹੋ ਰਹੀਆਂ ਹਨ। ਲੋਭ ਨੇ ਮਨੁੱਖ ਨੂੰ ਅਜਿਹਾ ਹੀ ਹੈਵਾਨ ਬਣਾ ਦਿੱਤਾ ਹੈ। ਲੋਭ ਨੇ ਹਰ ਰਿਸ਼ਤੇ ਦੀ ਮਰਿਆਦਾ ਤਾਰ-ਤਾਰ ਕਰ ਦਿੱਤੀ ਹੈ। ਲੋਭ ਕਾਰਨ ਆਪਣੇ ਜਨਮ ਦਾਤਾ ਮਾਤਾ-ਪਿਤਾ ਵੀ ਵੈਰੀ ਨਜ਼ਰ ਆ ਰਹੇ ਹਨ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਮਨੁੱਖ ਅੰਦਰ ਚੂਹੜਾ ਭਾਵ ਸਤ ਅਸਤ ਦਾ ਭੇਦ ਨਾ ਜਾਣਨ ਵਾਲਾ ਵੀ ਵੱਸ ਰਿਹਾ ਹੈ। ਮਨੁੱਖ ਦੀ ਬਿਰਤੀ ਅਜਿਹੀ ਹੋ ਗਈ ਹੈ ਕਿ ਉਸ ਨੂੰ ਕੂੜ ਹੀ ਸੁਹਾਂਦਾ ਹੈ। ਉਸ ਤੋਂ ਬਾਹਰ ਆਉਣ ਦੀ ਇੱਛਾ ਹੀ ਨਹੀਂ ਰਹੀ। ਝੂਠ, ਫਰੇਬ, ਈਰਖਾ, ਨਿੰਦਾ ਵਿਚ ਹੀ ਜੀਵਨ ਬਤੀਤ ਹੋ ਰਿਹਾ ਹੈ। ਇਸ ਵਿਚ ਹੀ ਮਨੁੱਖ ਨੂੰ ਸੁੱਖ ਪ੍ਰਾਪਤ ਹੋ ਰਿਹਾ ਹੈ ਕਿਉਂਕਿ ਉਸ ਨੇ ਨਿਰਮਲ ਜੀਵਨ ਦੇ ਸੱਚੇ ਆਨੰਦ ਦਾ ਰਸ ਕਦੇ ਚਖਿਆ ਹੀ ਨਹੀਂ ਹੈ। ਮਨੁੱਖ ਦੇ ਅੰਦਰ ਇੱਕ ਠੱਗ ਵੀ ਬੈਠਿਆ ਹੋਇਆ ਹੈ। ਇਹ ਠੱਗ ਬਿਰਤੀ ਆਪਣੇ ਸੁਆਰਥ ਕਾਰਣ ਅਭੱਖ ਵੀ ਛੱਕਣ ਲਈ ਸਦਾ ਤਿਆਰ ਰਹਿੰਦੀ ਹੈ। ਦੂਜੇ ਨੂੰ ਧੋਖਾ ਦੇਣ ਲਈ ਮਨੁੱਖ ਕੋਈ ਵੀ ਨੀਚ ਕਰਮ ਕਰ ਸਕਦਾ ਹੈ, ਜੋ ਸੋਚਿਆ ਵੀ ਨਾ ਗਿਆ ਹੋਵੇ। ਸਮਾਜ ਅੰਦਰ ਘੱਟ ਰਹੀ ਹਰ ਨਵੀਂ ਘਟਨਾ ਪਹਿਲਾਂ ਨਾਲੋਂ ਜ਼ਿਆਦਾ ਕੁਰੂਪ ਤੇ ਜ਼ਿਆਦਾ ਵਿਆਕੁਲ ਕਰਨ ਵਾਲੀ ਸਾਬਤ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਅੰਤਰ ਅਵਸਥਾ ਘਿਨਾਉਣਾ ਸੱਚ ਉਜਾਗਰ ਕਰਨ ਤੋਂ ਬਾਅਦ ਉਸ ਦੇ ਵਿਵਹਾਰ ਬਾਰੇ ਦੱਸਿਆ। ਮਨੁੱਖ ਦੀ ਅੰਤਰ ਬਿਰਤੀ ਅਜਿਹੀ ਹੋ ਗਈ ਹੈ ਕਿ ਉਸ ਨੂੰ ਸਰਬਤ੍ਰ ਕੂੜ ਹੀ ਕੂੜ ਨਜ਼ਰ ਆਉਂਦਾ ਹੈ ਤੇ ਆਪਣੇ ਅੰਦਰ ਦਾ ਕੂੜ ਵਿਖਾਈ ਨਹੀਂ ਦਿੰਦਾ। ਉਹ ਸਾਰੀਆਂ ਦੀ ਨਿੰਦਾ ਹੀ ਕਰਦਾ ਰਹਿੰਦਾ ਹੈ। ਉਸ ਦੇ ਮੁੱਖ ਤੋਂ ਕਦੇ ਸ਼ੁੱਭ ਬੋਲ ਨਿਕਲ਼ਦੇ ਹੀ ਨਹੀਂ, ਜਿਵੇਂ ਮੁਖ ਵਿਚ ਮਲ ਭਰਿਆ ਹੋਵੇ। ਮਨੁੱਖ ਦੇ ਅੰਦਰ ਚੰਡਾਲ ਜਿਹਾ ਤਾਕਤਵਰ ਕ੍ਰੋਧ ਭਰਿਆ ਹੋਇਆ ਹੈ, ਜਿਸ ਦਾ ਅਸਰ ਚਿਤਾ ਦੀ ਅਗਨੀ ਤੋਂ ਜ਼ਿਆਦਾ ਵਿਨਾਸ਼ਕ ਹੈ। ਕ੍ਰੋਧ ਲੋਕਾਂ ਦੇ, ਪਰਿਵਾਰਾਂ ਦੇ ਜੀਵਨ ਨਾਸ਼ ਕਰ ਰਿਹਾ ਹੈ ਪਰ ਕ੍ਰੋਧ ਦਾ ਨਾਸ਼ ਨਹੀਂ ਹੋ ਰਿਹਾ। ਗੁਰੂ ਨਾਨਕ ਸਾਹਿਬ ਨੇ ਮਨੁੱਖ ਦਾ ਮਨੋਵਿਗਿਆਨ ਵੀ ਸਾਹਮਣੇ ਰੱਖਿਆ। ਸਾਰੇ ਔਗੁਣ ਹੋਣ ਦੇ ਬਾਅਦ ਵੀ ਮਨੁੱਖ ਆਪਣੇ ਆਪ ਨੂੰ ਸਚਿਆਰ ਮੰਨਦਾ ਹੈ। ਉਹ ਸਾਰੀਆਂ ਦੀ ਨਿੰਦਾ ਕਰਦਾ ਹੈ ਪਰ ਸਦਾ ਆਪਣੀ ਵਡਿਆਈ ਆਪ ਹੀ ਕਰਦਾ ਰਹਿੰਦਾ ਹੈ। ਆਪਣੀ ਸ਼ਲਾਘਾ ਆਪ ਕਰਨਾ ਉਸ ਨੂੰ ਅਤਿ ਸੁਖਦਾਇਕ ਲੱਗਦਾ ਹੈ। ਅੱਜ ਸੋਸ਼ਲ ਮੀਡੀਆ ਦੇ ਯੁੱਗ ਵਿਚ ਆਤਮ ਪ੍ਰਸ਼ੰਸਾ ਨੂੰ ਭਾਰੀ ਹੁੰਗਾਰਾ ਮਿਲਿਆ ਹੈ। ਕੁੱਝ ਨਹੀਂ ਤਾਂ ਆਤਮ ਮੁਗਧ ਮਨੁੱਖ ਆਪਣੀਆਂ ਸੇਲਫ਼ੀਆਂ ਹੀ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪਾਈ ਜਾ ਰਿਹਾ ਹੈ। ਗਿਆਨ-ਧਿਆਨ ਦੀਆਂ ਗੱਲਾਂ ਕਰਨ ਵਾਲੇ ਵੀ ਇਸ ਤੋਂ ਨਹੀਂ ਬਚੇ ਹਨ। ਹਰ ਮਨੁੱਖ ਇਸ ਭਰਮ ਵਿਚ ਜਿਉ ਰਿਹਾ ਹੈ ਕਿ ਉਹ ਸਭ ਤੋਂ ਸਿਆਣਾ ਹੈ। ਦੂਜਾ ਕੋਈ ਵੀ ਹੋਵੇ, ਮਨੁੱਖ ਉਸ ਵਿਚ ਔਗੁਣ ਹੀ ਵੇਖਦਾ ਹੈ।

ਪੂਰੇ ਮਨੁੱਖੀ ਸਮਾਜ ਨੂੰ ਲੋਭ, ਕਪਟ, ਫਰੇਬ ਤੇ ਕਾਮ ਨੇ ਆਪਣੇ ਵੱਸ 'ਚ ਕਰ ਲਿਆ ਹੈ। ਦਿਨ ਦਾ ਆਰੰਭ ਜਿਨ੍ਹਾਂ ਖ਼ਬਰਾਂ ਨਾਲ ਹੁੰਦਾ ਹੈ ਜਾਂ ਦਿਨ ਵਿਚ ਜੋ ਖ਼ਬਰਾਂ ਬਣਦੀਆਂ ਹਨ, ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਨ੍ਹਾਂ ਚਾਰ ਚੌਧਰੀਆਂ ਨਾਲ ਹੀ ਜੁੜੀਆਂ ਹੁੰਦੀਆਂ ਹਨ।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੬੮)

ਸਮਾਜ ਦੇ ਚਿੰਤਨ ਦਾ ਵਿਸ਼ਾ ਇਹ ਨਹੀਂ ਕਿ ਕਿਵੇਂ ਨਿਆਂ, ਪਰੋਪਕਾਰ, ਦਇਆ, ਸੰਤੋਖ, ਸੰਜਮ ਤੇ ਸੱਚ ਦੀ ਸੱਤਾ ਕਾਇਮ ਹੋਵੇ। ਕਿਵੇਂ ਬਰਾਬਰੀ, ਭਾਈਚਾਰੇ ਤੇ ਪ੍ਰੇਮ ਦਾ ਵਾਤਾਵਰਣ ਬਣੇ। ਲੋਕ ਇਸੇ ਵਿਚਾਰ ਵਿਚ ਲੱਗੇ ਹੋਏ ਹਨ ਕਿ ਕਿਵੇਂ ਉਨ੍ਹਾਂ ਦੇ ਲੋਭ ਦੀ ਪੂਰਤੀ ਹੋਵੇ। ਭੌਤਿਕ ਤਰੱਕੀ ਚਾਹੀਦੀ ਹੈ, ਭਾਵੇਂ ਕੋਈ ਵੀ ਪਾਪ ਕਰਨਾ ਪਵੇ, ਠੱਗੀ ਕਰਨੀ ਪਵੇ। ਮਨੁੱਖ ਨੂੰ ਜੀਵਨ ਵਿਚ ਭੋਗ, ਵਿਲਾਸ ਚਾਹੀਦੇ ਕਿਉਂਕਿ ਇਸ ਵਿਚ ਹੀ ਉਸ ਨੂੰ ਜੀਵਨ ਦੀ ਸਫਲਤਾ ਵਿਖਾਈ ਦਿੰਦੀ ਹੈ। ਪਰ ਅਚਰਜ ਇਹ ਹੈ ਕਿ ਬਾਹਰੋਂ ਸਾਰੇ ਹੀ ਸੱਜਣ, ਭਲੇ ਮਾਨਸ ਬਣੇ ਹੋਏ ਹਨ "ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥" ਕੋਈ ਜਿਹੋ ਜਿਹਾ ਦਿਖਾਈ ਦੇ ਰਿਹਾ ਹੈ, ਉਹ ਉਸ ਦੇ ਇੱਕਦਮ ਉਲਟ ਹੋ ਸਕਦਾ ਹੈ। ਇਹ ਗੱਲ ਹੁਣ ਹੈਰਾਨ ਨਹੀਂ ਕਰਦੀ। ਕੋਈ ਕਿਸੇ ਨੂੰ ਵੀ ਧੋਖਾ ਦੇ ਸਕਦਾ ਹੈ, ਕੋਈ ਵੀ ਗੁਨਾਹ ਕਰ ਸਕਦਾ ਹੈ। ਇੱਕ ਪਤਨੀ ਵਿਆਹ ਤੋਂ ਪਹਿਲਾਂ ਹੀ ਆਪਣੇ ਹੋਣ ਵਾਲੇ ਪਤੀ ਦੇ ਕਤਲ ਦੀ ਯੋਜਨਾ ਬਣਾਉਣ ਲੱਗ ਜਾਵੇ, ਤਾਂ ਕੋਈ ਅਜਿਹੀ ਗੱਲ ਬਚਦੀ ਹੀ ਨਹੀਂ, ਜਿਸ ਨੂੰ ਅਣਹੋਣੀ ਕਿਹਾ ਜਾਵੇ। ਇਹ ਸਮਾਂ ਹੈ ਕਿ ਅਣਹੋਣੀ ਜਿਹੇ ਸ਼ਬਦ ਨੂੰ ਸ਼ਬਦਕੋਸ਼ ਤੋਂ ਖਾਰਿਜ ਕਰ ਦੇਣਾ ਹੀ ਉਚਿਤ ਹੋਵੇਗਾ। ਸੰਸਾਰ ਅੰਦਰ ਸਾਰਾ ਕੁੱਝ ਉਲਟ ਹੋ ਰਿਹਾ ਹੈ।

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥

ਅੰਧੇ ਕਾ ਨਾਉ ਪਾਰਖੀ ਕਲੀ ਕਾਲ ਵਿਡਾਣੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੨੯)

ਸੰਸਾਰ ਅੰਦਰ ਸੱਚ ਦੀ ਪਰਖ ਉਹ ਕਰ ਰਹੇ ਹਨ, ਜਿਨ੍ਹਾਂ ਸੱਚ ਕਦੇ ਜਾਣਿਆ ਹੀ ਨਹੀਂ। ਉਨ੍ਹਾਂ ਨੂੰ ਸੱਚ ਤੇ ਝੂਠ, ਨਿਆਂ ਤੇ ਅਨਿਆਂ , ਧਰਮ ਤੇ ਅਧਰਮ ਦਾ ਭੇਦ ਗਿਆਤ ਹੀ ਨਹੀਂ ਹੈ। ਅੱਜ ਸੰਸਾਰ ਅੰਦਰ ਪਾਪ ਹੋ ਰਹੇ ਹਨ ਤੇ ਪਾਪ ਦੀ ਹਿਮਾਇਤ ਡੱਟ ਕੇ ਹੋ ਰਹੀ ਹੈ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਇਹ ਪਾਪ ਹੈ ਹੀ ਨਹੀਂ। ਲੋਭ, ਕੂੜ ਨੇ ਪਾਪ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਇਸ ਦਾ ਵਿਆਪਕ ਤੇ ਘਾਤਕ ਪ੍ਰਭਾਵ ਮਨੁੱਖ ਦੇ ਜੀਵਨ 'ਤੇ ਪੈ ਰਿਹਾ ਹੈ। ਮਨੁੱਖ ਨੂੰ ਸੰਸਾਰ ਅੰਦਰ ਜੋ ਵੀ ਚੀਜ਼ ਮੋਹ ਰਹੀ ਹੈ, ਲੁਭਾਉਣੀ ਲੱਗ ਰਹੀ ਹੈ, ਦਰਅਸਲ ਉਹ ਉਸ ਦੇ ਦੁੱਖਾਂ ਦਾ ਮੂਲ ਹੈ। ਸੰਸਾਰ ਦਾ ਭਰਮ ਹੀ ਅਜਿਹਾ ਹੈ "ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥" ਸੱਚ ਦੀ ਪਰਖ ਨਾ ਹੋਣ ਕਾਰਣ ਹਰ ਮਨੁੱਖ ਪੜ੍ਹਿਆ-ਅਨਪੜ੍ਹ, ਧਨਵਾਨ-ਨਿਰਧਨ, ਕੁਲੀਨ-ਕੁਲਹੀਨ, ਰਾਜਾ-ਪਰਜਾ ਸਾਰੇ ਹੀ ਦੁੱਖ ਭੋਗ ਰਹੇ ਹਨ। ਸਮਾਜ ਅੰਦਰ ਕਦਰਾਂ-ਕੀਮਤਾਂ ਦੀ ਰਾਖੀ ਲਈ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਪਰ ਨਾ ਤਾਂ ਦੁੱਖ ਦੇ ਮੂਲ ਤੱਕ ਜਾਣ ਦੀ ਦ੍ਰਿਸ਼ਟੀ ਹੈ, ਨਾ ਹੀ ਨਿਦਾਨ ਦਾ ਗਿਆਨ ਹੈ ।

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੭੯)

ਸਮਾਜ ਅੰਦਰ ਜਦੋਂ ਵੱਡੀ ਘਟਨਾ ਵਾਪਰਦੀ ਹੈ, ਵੱਡਾ ਦੁੱਖ ਪੈਦਾ ਹੁੰਦਾ, ਤਾਂ ਕੁੱਝ ਫੌਰੀ ਕਦਮ ਚੁੱਕ ਲਏ ਜਾਂਦੇ ਹਨ, ਕੁੱਝ ਕਾਨੂੰਨ ਬਣ ਜਾਂਦੇ ਹਨ। ਮੁੱਖ ਮਨੋਰਥ ਹੁੰਦਾ ਹੈ ਕਿ ਲੋਕਾਂ ਅੰਦਰ ਵਿਆਪਤ ਰੋਹ ਸ਼ਾਂਤ ਕੀਤਾ ਜਾ ਸਕੇ। ਕਾਨੂੰਨ ਹਨ, ਤੰਤਰ ਹੈ ਪਰ ਸਮਾਜ ਦੀਆਂ ਤੰਦਾਂ ਨਿਰੰਤਰ ਟੁੱਟਦੀਆਂ ਹੀ ਜਾ ਰਹੀਆਂ ਹਨ। ਇਹ ਹੈਰਾਨ ਕਰਨ ਵਾਲੀ ਗੱਲ ਨਹੀਂ ਕਿਉਂਕਿ ਬਾਹਰਲੇ ਨਿਦਾਨ ਮਨੁੱਖ ਦੀ ਬਿਰਤੀ ਨਹੀਂ ਬਦਲ ਸਕਦੇ। ਕਾਨੂੰਨ ਮਨੁੱਖ ਨੂੰ ਪਾਬੰਦ ਕਰ ਸਕਦੇ ਹਨ, ਉਸ ਦੀਆਂ ਗਤੀਵਿਧੀਆਂ 'ਤੇ ਅੰਕੁਸ਼ ਲਗਾ ਸਕਦੇ ਹਨ ਪਰ ਅੰਤਰ ਅਵਸਥਾ ਨਹੀਂ ਬਦਲ ਸਕਦੇ। ਕੂੜ ਬਿਰਤੀ ਮੌਕਾ ਮਿਲਦੀਆਂ ਹੀ ਪਾਪ ਕਰਮਾਂ ਵੱਲ ਮੁਖ ਮੋੜ ਦਿੰਦੀ ਹੈ। ਅਲਪ ਸੁਖ ਲਈ ਕੀਤੇ ਪਾਪ ਦਾ ਦੰਡ ਜੀਵਨ ਭਰ ਭੋਗਣਾ ਪੈਂਦਾ ਹੈ।

ਲੋੜ ਹੈ ਕਿ ਦੁੱਖ ਦੀ ਜੜ੍ਹ ਦੀ ਪਛਾਣ ਹੋਵੇ ਤੇ ਦੁੱਖ ਨੂੰ ਮੂਲ ਤੋਂ ਨਾਸ਼ ਕਰਨ ਲਈ ਉਪਚਾਰ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਵੈਦ ਜਗਤ ਵਿਚ ਦੂਜਾ ਨਹੀਂ, ਜਿਸ ਵਿਚ ਵਾਰਤਾ ਹੀ ਨਿਦਾਨ ਨਾਲ ਆਰੰਭ ਹੁੰਦੀ ਹੈ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥" ਪ੍ਰਮਾਤਮਾ ਦੇ ਹੁਕਮ ਅੰਦਰ ਰਹਿਣ ਲਈ ਨਿਮਰਤਾ ਤੇ ਸਮਰਪਣ ਚਾਹੀਦੇ। ਉਸ ਦੀ ਰਜ਼ਾ ਵਿਚ ਰਹਿਣ ਲਈ ਸੰਤੋਖ, ਸੰਜਮ ਤੇ ਵਿਵੇਕ ਚਾਹੀਦੇ। ਜੋ ਪ੍ਰਮਾਤਮਾ ਬਖਸ਼ ਰਿਹਾ ਹੈ, ਉਸ ਲਈ ਸ਼ੁਕਰਾਨਾ ਹੋਵੇ। ਮਨੁੱਖੀ ਸਮਾਜ ਗੁਰੂ ਨਾਨਕ ਸਾਹਿਬ ਦੀ ਪਾਵਨ ਬਾਣੀ ਦੀ ਇਸ ਇੱਕ ਪੰਕਤੀ ਦਾ ਮਰਮ ਹੀ ਜਾਣ ਕੇ ਧਾਰਨ ਕਰ ਲਵੇ, ਤਾਂ ਉਸ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਨਹੀਂ ਤਾਂ ਠੱਗਣ ਵਾਲਿਆਂ ਦੀ ਭੀੜ ਹੈ, ਜੋ ਸੰਸਾਰ ਨੂੰ ਠੱਗਣ ਤੇ ਕੁਰਾਹੇ ਪਾਉਣ ਵਿਚ ਸਿੱਧਤਾ ਪ੍ਰਾਪਤ ਹੈ। ਲੋਕ ਦਿਨ-ਰਾਤ ਠੱਗੇ ਜਾ ਰਹੇ ਹਨ ਤੇ ਠੱਗੇ ਜਾਂਦੇ ਰਹਿਣਗੇ।

# ਧੋਖਾ

ਡਾਕਟਰ ਅਜੀਤ ਸਿੰਘ ਕੋਟਕਪੂਰਾ
ਸੰਪਰਕ ਨੰਬਰ : 65746-44066
ਪੰਜਾਬ ਮੇਲ USA



ਮੋਹਨ ਸਿੰਘ ਦਾ ਪਰਿਵਾਰ ਇਕ ਪਿੰਡ ਵਿਚ ਰਹਿੰਦਾ ਸੀ। ਉਹ ਬੈਂਕ ਵਿਚ ਕੰਮ ਕਰਦਾ ਸੀ। ਉਸ ਦੀ ਪਤਨੀ ਸ਼ੀਲਾ ਤੇ ਇਕ ਬੱਚੀ ਇਕ ਛੋਟੇ ਜਿਹੇ ਘਰ 'ਚ ਰਹਿੰਦੀਆਂ ਸਨ। ਬੱਚੀ ਨਿਰਮਲ ਜਿਸ ਨੂੰ ਪਿਆਰ ਨਾਲ ਉਹ ਨਿੰਮੋ ਆਖਦੇ ਸਨ, ਪੰਜਵੀ ਜਮਾਤ ਵਿਚ ਪੜ੍ਹ ਰਹੀ ਸੀ। ਪੜ੍ਹਾਈ ਵਿਚ ਉਹ ਹੁਸ਼ਿਆਰ ਸੀ ਅਤੇ ਕਲਾਸ ਵਿਚੋਂ ਹਮੇਸ਼ਾਂ ਹੀ ਪਹਿਲੇ ਨੰਬਰ 'ਤੇ ਆਇਆ ਕਰਦੀ ਸੀ। ਉਸ ਦੀ ਮਾਂ ਉਸ ਦਾ ਪੂਰਾ ਧਿਆਨ ਰੱਖ ਰਹੀ ਸੀ। ਸ਼ੀਲਾ ਦੱਸ ਜਮਾਤਾਂ ਪੜ੍ਹੀ ਹੋਈ ਸੀ, ਇਸ ਲਈ ਉਹ ਨਿੰਮੋ ਦੀ ਪੜ੍ਹਾਈ ਵਿਚ ਮਦਦ ਕਰਦੀ ਸੀ। ਜਦੋਂ ਨਿੰਮੋ ਨੇ ਪੰਜਵੀਂ ਪਾਸ ਕਰ ਲਈ ਉਸ ਨੂੰ ਕੁੜੀਆਂ ਵਾਲੇ ਸਕੂਲ ਵਿਚ ਛੇਵੀਂ ਵਿਚ ਦਾਖਲ ਕਰ ਲਿਆ ਗਿਆ। ਉਸ ਸਕੂਲ ਦੀ ਪ੍ਰਿੰਸੀਪਲ ਉਸ ਬੈਂਕ 'ਚ ਅਕਸਰ ਜਾਇਆ ਕਰਦੀ ਸੀ ਤੇ ਇਸ ਤਰ੍ਹਾਂ ਉਹ ਨਿੰਮੋ ਦੇ ਪਿਤਾ ਜੀ ਨੂੰ ਜਾਣਦੀ ਸੀ। ਨਿੰਮੋ ਨੂੰ ਹੁਸ਼ਿਆਰ ਦੇਖਦੇ ਹੋਏ ਉਸ ਨੇ ਵੀ ਉਸ ਦਾ ਵਿਸ਼ੇਸ਼ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ। ਨਿੰਮੋ ਇਥੇ ਵੀ ਆਪਣੀ ਹੁਸ਼ਿਆਰੀ ਦਾ ਸਿੱਕਾ ਜਮਾਂ ਲਿਆ ਤੇ ਉਹ ਪਹਿਲੇ ਸਥਾਨ 'ਤੇ ਰਹਿਣ ਦੇ ਨਾਲ ਨਾਲ ਸਾਰੇ ਅਧਿਆਪਕਾਂ ਦੀ ਆਗਿਆਕਾਰ ਲੜਕੀ ਸੀ। ਉਹ ਖੇਡਾਂ ਵਿਚ ਵੀ ਹਿਸਾ ਲੈਂਦੀ ਸੀ। ਨਿੰਮੋ ਦੀ ਮਾਂ ਸ਼ੀਲਾ ਵੀ ਕਦੇ-ਕਦੇ ਸਕੂਲ ਵਿਚ ਉਸ ਦੇ ਅਧਿਆਪਕਾਂ ਨੂੰ ਮਿਲ ਉਸ ਬਾਰੇ ਪਤਾ ਲੈਣ ਜਾਇਆ ਕਰਦੀ ਸੀ। ਦਸਵੀਂ ਕਲਾਸ 'ਚ ਉਹ ਸਾਰੇ ਸਕੂਲ ਦੀਆਂ ਵਿਦਿਆਰਥਣਾਂ ਵਿਚੋਂ ਪਹਿਲੇ ਨੰਬਰ 'ਤੇ ਹੀ ਨਹੀਂ ਆਈ, ਸਗੋਂ ਆਪਣੇ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਮੋਹਨ ਸਿੰਘ ਅਤੇ ਸ਼ੀਲਾ ਆਪਣੀ ਲੜਕੀ ਦੀ ਇਸ ਪ੍ਰਾਪਤੀ ਉਪਰ ਬਹੁਤ ਹੀ ਖੁਸ਼ ਸਨ। ਭਾਵੇਂ ਉਨ੍ਹਾਂ ਦੀ ਆਰਥਿਕ ਸਮਰਥਾ ਉਸ ਨੂੰ ਕਾਲਜ ਵਿਚ ਦਾਖਲ ਕਰਵਾ ਸਕਣ ਦੇ ਯੋਗ ਨਹੀਂ ਸੀ, ਫਿਰ ਵੀ ਪ੍ਰਿੰਸੀਪਲ ਅਤੇ ਹੋਰ ਅਧਿਆਪਕਾਂ ਦੀ ਸਲਾਹ ਤੇ ਉਸ ਨੂੰ ਨੇੜੇ ਦੇ ਸ਼ਹਿਰ ਦੇ ਕਾਲਜ ਵਿਚ ਦਾਖਲ ਕਰਵਾ ਦਿੱਤਾ ਸੀ। ਸਕੂਲ ਦੀ ਪ੍ਰਿੰਸੀਪਲ ਨੇ ਸਕੂਲ ਦੀ ਅਧਿਆਪਕਾਂ ਨੂੰ ਨਿੰਮੋ ਦੇ ਨਾਲ ਭੇਜ ਕੇ ਕਾਲਜ ਦੀ ਫੀਸ ਮੁਆਫ ਕਰਵਾ ਦਿੱਤੀ ਸੀ ਅਤੇ ਕਿਤਾਬਾਂ ਦੀ ਮਦਦ ਵੀ ਦਿਲਵਾ ਦਿੱਤੀ ਸੀ। ਨਿੰਮੋ ਮਨ ਲਗਾ ਕੇ ਪੜ੍ਹਾਈ ਵਿਚ ਜੁੱਟ ਗਈ। ਰੋਜ਼ਾਨਾ ਉਹ ਪਿੰਡ ਤੋਂ ਬਸ ਵਿਚ ਜਾਂਦੀ ਸੀ ਅਤੇ ਬੱਸ 'ਤੇ ਹੀ ਵਾਪਸ ਆਉਂਦੀ ਸੀ। ਬੱਸ ਵਿਚ ਹੋਰ ਵੀ ਪਿੰਡਾਂ ਦੇ ਵਿਦਿਆਰਥੀ ਵੀ ਆਇਆ ਕਰਦੇ ਸਨ। ਨਾਲ ਦੇ ਪਿੰਡ ਦਾ ਸੰਦੀਪ ਸਿੰਘ ਜਿਸ ਨੂੰ ਉਸ ਦੇ ਸਾਥੀ ਸਿੱਪੀ ਆਖਦੇ ਸਨ, ਵੀ ਉਸੇ ਬੱਸ 'ਤੇ ਆਇਆ ਕਰਦਾ ਸੀ, ਜਿਹੜਾ ਸੁੰਦਰ ਸੀ ਚੰਗਾ ਡੀਲ ਡੌਲ ਸੀ ਅਤੇ ਚੰਗੇ ਕੱਪੜੇ ਪਹਿਨ ਕੇ ਆਇਆ ਕਰਦਾ ਸੀ, ਨਿੰਮੋ ਦੀ ਜਮਾਤ ਵਿਚ ਹੀ ਪੜ੍ਹਦਾ ਸੀ। ਉਹ ਆਪਣੇ ਸਕੂਲ ਵਿਚੋਂ ਪਹਿਲੇ ਨੰਬਰ 'ਤੇ ਆਇਆ ਸੀ ਅਤੇ ਪੜ੍ਹਾਈ ਵਿਚ ਹੁਸ਼ਿਆਰ ਸੀ। ਪੜ੍ਹਾਈ ਵਿਚ ਨਿੰਮੋ ਤੇ ਸਿੱਪੀ ਦਾ ਮੁਕਾਬਲਾ ਸੀ। ਉਹ ਪੜ੍ਹਾਈ ਵਿਚ ਇੱਕ ਦੂਜੇ ਦੀ ਮਦਦ ਵੀ ਕਰਦੇ ਸਨ। ਪ੍ਰੰਤੂ ਦੋਵੇਂ ਪਹਿਲੇ ਨੰਬਰ 'ਤੇ ਆਉਣ ਲਈ ਯਤਨਸ਼ੀਲ ਸਨ। ਕਾਲਜ ਦੇ ਹੋਰ ਵਿਦਿਆਰਥੀ ਉਨ੍ਹਾਂ ਦੋਵਾਂ ਤੇ ਈਰਖਾ ਕਰਦੇ ਸਨ। ਉਨ੍ਹਾਂ ਬਾਰੇ ਗ਼ਲਤ ਗੱਲਾਂ ਬਣਾਉਣ ਲੱਗ ਪਏ ਸਨ। ਜਦੋਂ ਬੱਸ ਵਿਚ ਹੁੰਦੇ ਨਿੰਮੋ ਤੇ ਸਿੱਪੀ ਇਕੱਠੇ ਬੈਠ ਜਾਂਦੇ ਸਨ ਅਤੇ ਪੜ੍ਹਾਈ ਬਾਰੇ ਇਕ ਦੂਜੇ ਨਾਲ ਗੱਲਾਂ ਕਰਦੇ ਸਨ। ਇਸ ਤਰ੍ਹਾਂ ਕਾਲਜ ਵਿਚੋਂ ਵਾਪਿਸ ਆਉਣ 'ਤੇ ਕਰਿਆ ਕਰਦੇ ਸਨ। ਉਨ੍ਹਾਂ ਨੇ ਸਖਤ ਮਿਹਨਤ ਕਰ ਕਾਲਜ ਵਿਚੋਂ ਬੀ.ਐੱਸ.ਸੀ. ਚੰਗੇ ਨੰਬਰਾਂ ਵਿਚ ਪਾਸ ਕਰ ਲਈ। ਸਿੱਪੀ ਹੋਰ ਅਗਲੇਰੀ ਪੜ੍ਹਾਈ ਕਰਨਾ ਚਾਹੁੰਦਾ ਸੀ। ਉਸ ਦੇ ਮਾਪਿਆਂ ਨੇ ਉਸ ਦਾ ਸਾਥ ਦਿੱਤਾ ਤੇ ਕਾਲਜ ਵਿਚ ਦਾਖਲ ਕਰਵਾ ਦਿੱਤਾ। ਪ੍ਰੰਤੂ ਨਿੰਮੋ ਦੇ ਘਰ ਦੀਆਂ ਦੀ ਸਮਰਥਾ ਘੱਟ ਹੋਣ ਕਾਰਨ ਉਹ ਉਸ ਦਾ ਵਿਆਹ ਕਰ ਕੇ ਆਪਣੇ ਸਿਰ ਤੋਂ ਬੋਝ ਨੂੰ ਘੱਟ ਕਰਨਾ ਚਾਹੁੰਦੇ ਸਨ। ਇਸ ਕਾਰਨ ਉਨ੍ਹਾਂ ਨੇ ਨਿੰਮੋ ਲਈ ਸੁਚੱਜਾ ਲੜਕਾ ਲੱਭਣ ਲਈ ਵਿਚੋਲੇ ਨੂੰ ਆਖ ਦਿੱਤਾ ਸੀ।

ਨਿੰਮੋ ਲਈ ਨੇੜੇ ਦੇ ਸ਼ਹਿਰ ਤੋਂ ਰਿਸ਼ਤਾ ਆਇਆ। ਨਿੰਮੋ ਦੇ ਮਾਪੇ ਇਸ 'ਤੇ ਬੜੇ ਹੀ ਖੁਸ਼ ਹੋਏ। ਘਰ ਦਾ ਇੱਕਲਾ ਹੀ ਮੁੰਡਾ ਸੀ। ਉਨ੍ਹਾਂ ਦੇ ਘਰ ਦੇ ਅਗਲੇ ਹਿਸੇ ਵਿਚ ਦੱਸ ਦੁਕਾਨਾਂ ਬਣੀਆਂ ਹੋਈਆਂ ਸਨ, ਜੋ ਕਿਰਾਏ ਉਪਰ ਚੜ੍ਹੀਆਂ ਹੋਈਆਂ ਸਨ ਅਤੇ ਕਿਰਾਏ ਤੋਂ ਚੰਗੀ ਆਮਦਨ ਆ ਰਹੀ ਸੀ ਅਤੇ ਆਪਣੇ ਰਹਿਣ ਲਈ ਦੁਕਾਨਾਂ ਦੇ ਉਪਰ ਹੀ ਘਰ ਬਣਿਆ ਹੋਇਆ ਸੀ। ਲੜਕੇ ਦੇ ਮਾਪੇ ਸੇਵਾ ਨਿਵਰਤ ਹੋ ਚੁੱਕੇ ਸਨ ਅਤੇ ਸਰਕਾਰ ਤੋਂ ਦੋਹਾਂ ਨੂੰ ਹੀ ਪੈਨਸ਼ਨ ਵੀ ਮਿਲ ਰਹੀ ਸੀ। ਇਕ ਹੋਰ ਮਨ ਨੂੰ ਲੁਭਾਉਣ ਵਾਲੀ ਗੱਲ ਇਹ ਸੀ ਕਿ ਲੜਕਾ ਕੁਝ ਵੀ ਖਾਂਦਾ-ਪੀਂਦਾ ਨਹੀਂ ਸੀ, ਭਾਵ ਨਸ਼ਿਆਂ ਦੇ ਨੇੜੇ ਵੀ ਨਹੀਂ ਜਾਂਦਾ ਸੀ। ਛੋਟਾ ਜਿਹਾ ਪਰਿਵਾਰ ਸੀ ਲੜਕੇ ਦੀ ਇਕ ਵੱਡੀ ਭੈਣ ਮਹਿਕ ਸੀ, ਜੋ ਵਿਆਹੀ ਹੋਈ ਸੀ। ਸਭ ਤੋਂ ਵੱਡੀ ਗੱਲ ਜੋ ਮੇਰੇ ਮਾਪਿਆਂ ਨੂੰ ਮੋਹ ਗਈ ਸੀ ਕਿ ਲੜਕੇ ਦੇ ਪਰਿਵਾਰ ਦੀ ਕੋਈ ਮੰਗ ਵੀ ਨਹੀਂ ਸੀ। ਵਿਚੋਲੇ ਨੇ ਸਪੱਸ਼ਟ ਕਰ ਦਿੱਤਾ ਕਿ ਤੁਸੀਂ ਡਰੋ ਨਾ ਉਨ੍ਹਾਂ ਦੇ ਘਰ ਕਿਸੇ ਵੀ ਚੀਜ਼ ਦੀ ਕਮੀ ਨਹੀਂ ਹੈ। ਮੈਂ ਤਾਂ ਆਪਣੀ ਮਰਜ਼ੀ ਮਾਪਿਆਂ ਦੇ ਸਿਰ ਸੁੱਟੀ ਹੋਈ ਸੀ। ਮੈਂ ਇਹ ਸਮਝਦੀ ਸੀ ਕਿ ਮਾਪੇ ਮੇਰੇ ਬਾਰੇ ਫੈਸਲਾ ਸੋਚ ਸਮਝ ਕੇ ਹੀ ਕਰਨਗੇ। ਹੁਣ ਮੇਰੇ ਮਾਪਿਆਂ ਕੋਲ ਨਾਂਹ ਕਰਨ ਲਈ ਕੋਈ ਵੀ ਵਜਾ ਨਹੀਂ ਸੀ। ਮੇਰੇ ਪਿਤਾ ਜੀ ਨੇ ਵਿਚੋਲੇ ਨੂੰ ਬੁਲਾ ਕੇ ਆਪਣੀ ਰਜ਼ਾਮੰਦੀ ਜ਼ਾਹਿਰ ਕਰ ਦਿੱਤੀ। ਜਦੋਂ ਲੜਕੇ ਵਾਲਿਆਂ ਨੂੰ ਮੇਰੇ ਮਾਪਿਆਂ ਦੀ ਰਜ਼ਾਮੰਦੀ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਨੇ ਦੋ ਮਹੀਨਿਆਂ ਅੰਦਰ ਵਿਆਹ ਲੈਣ ਬਾਰੇ ਆਖਿਆ। ਇਕ ਵਾਰ ਤਾਂ ਮੇਰੇ ਮਾਪੇ ਘਬਰਾ ਗਏ ਕਿ ਇਤਨੀ ਛੇਤੀ ਸਾਰਾ ਪ੍ਰਬੰਧ ਕਿਵੇਂ ਕੀਤਾ ਜਾਵੇਗਾ। ਵਿਚੋਲੇ ਨੂੰ ਬੁਲਾ ਕੇ ਸਮਾਂ ਵਧਾਉਣ ਬਾਰੇ ਗੱਲ ਕੀਤੀ ਤਾਂ ਵਿਚੋਲੇ ਨੇ ਕਿਹਾ ਕਿ ਲੜਕੀ ਤਾਂ ਟੋਰਨੀ ਹੀ ਹੈ ਕੀ ਅੱਗੇ ਤੇ ਕੀ ਪਿੱਛੇ। ਉਨ੍ਹਾਂ ਦੀ ਕੋਈ ਮੰਗ ਤਾਂ ਹੈ ਹੀ ਨਹੀਂ ਅਤੇ ਨਾ ਕੋਈ ਦਾਜ ਬਣਾਉਣਾ ਹੈ ਅਤੇ ਬਰਾਤ ਵਿਚ ਕੇਵਲ ਘਰ ਦੇ ਜੀਅ ਹੀ ਆਉਣੇ ਹਨ। ਜ਼ਿਆਦਾ ਫਿਕਰ ਕਰਨ ਦੀ ਲੋੜ ਨਹੀਂ ਹੈ। ਦੋ ਮਹੀਨੇ ਬਾਅਦ ਦੀ ਤਾਰੀਖ ਮਿਥ ਲਈ ਗਈ। ਮਿਥਿਆ ਸਮਾਂ ਤੁਰੰਤ ਹੀ ਬੀਤ ਜਾਂਦਾ ਹੈ। ਵਿਆਹ ਵਾਲਾ ਦਿਨ ਆ ਗਿਆ। ਨਿੰਮੋ ਨੂੰ ਲਾਲ ਜੋੜੇ ਵਿਚ ਤਿਆਰ ਕੀਤਾ ਗਿਆ ਅਤੇ ਗੁਰਦੁਆਰੇ ਵਿਚ ਮੇਰਾ ਆਨੰਦ ਕਾਰਜ ਜਰਨੈਲ ਸਿੰਘ ਨਾਲ ਕਰ ਦਿੱਤਾ ਗਿਆ। ਜਦੋਂ ਮੈਂ ਸਹੁਰੇ ਘਰ ਪੁੱਜੀ ਤਾਂ ਮੇਰੀ ਸੱਸ ਨੇ ਮੇਰਾ ਘੁੰਡ ਥੋੜਾ ਹੋਰ ਨੀਵਾਂ ਕਰ ਦਿੱਤਾ। ਪਾਣੀ ਵਾਰਨ ਤੋਂ ਪਿੱਛੋਂ ਮੈਨੂੰ ਵੇਹੜੇ ਅੰਦਰ ਹੀ ਵਿਛਾਈ ਵਾਲੀ ਮੰਜੀ ਤੇ ਮੈਨੂੰ ਬਿਠਾ ਦਿੱਤਾ। ਰੌਲੇ-ਰੱਪੇ ਤੋਂ ਮੈਨੂੰ ਲੱਗ ਰਿਹਾ ਸੀ ਕਿ ਵੇਹੜੇ ਅੰਦਰ ਖੂਬ ਰੌਣਕ ਸੀ। ਹੌਲੀ-ਹੌਲੀ ਅਵਾਜ਼ਾਂ ਘਟਣ ਲੱਗੀਆਂ ਅਤੇ ਘਰ ਅੰਦਰ ਚਹਿਲ-ਪਹਿਲ ਵੀ ਘਟੀ ਹੋਈ ਲੱਗ ਰਹੀ ਸੀ। ਹਨੇਰੇ ਨੇ ਦਿਨ ਦੇ ਚਾਨਣ ਉੱਤੇ ਚਾਦਰ ਪਾ ਦਿੱਤੀ। ਮੈਨੂੰ ਵੀ ਘੁੰਡ ਵਿਚੋਂ ਹਨੇਰਾ ਪਸਰਦਾ ਪ੍ਰਤੀਤ ਹੋਣ ਲੱਗ ਪਿਆ। ਮੈਨੂੰ ਮਹਿਕ ਨੇ ਉਸ ਮੰਜੇ ਤੋਂ ਉਠਾਇਆ ਤੇ ਕਮਰੇ ਦੇ ਅੰਦਰ ਲੈ ਗਈ। ਅਗਲੇ ਦਿਨ ਸ਼ਾਮ ਤੱਕ ਨੇੜੇ ਦੇ ਰਿਸ਼ਤੇਦਾਰ ਜਿਹੜੇ ਵਿਆਹ ਵੇਖਣ ਲਈ ਆਏ ਸਨ, ਚਲੇ ਗਏ। ਘਰ ਵਿਚ ਮਹਿਕ ਤੇ ਉਸ ਦਾ ਘਰ ਵਾਲਾ ਅਰਥਾਤ ਇਸ ਘਰ ਦਾ ਜਵਾਈ ਮਲਕੀਤ ਸਿੰਘ ਹੀ ਰਹਿ ਗਏ।

ਮੇਰੇ ਵਿਆਹ ਨੂੰ ਹਾਲੇ ਚਾਰ ਦਿਨ ਹੀ ਹੋਏ ਸਨ ਅਤੇ ਜਦੋਂ ਮੈਂ ਰਸੋਈ ਵਿਚ ਸਵੇਰ ਦੀ ਚਾਹ ਬਣਾ ਰਹੀ ਸੀ। ਵੇਹੜੇ ਅੰਦਰ ਮੇਰੇ ਸੱਸ ਸਹੁਰਾ, ਮਹਿਕ ਤੇ ਮਲਕੀਤ ਬੈਠੇ ਸਨ। ਜਰਨੈਲ ਹਾਲੇ ਆਪਣੇ-ਆਪਣੇ ਕਮਰੇ ਅੰਦਰ ਹੀ ਸੀ। ਮੇਰੇ ਕੰਨਾਂ ਅੰਦਰ ਮੇਰੀ ਸੱਸ ਦੀ ਆਵਾਜ਼ ਸੁਣੀ ਕਿ ਮਰੇ ਪਰਾਂਹ ਅਜਿਹਾ ਵਿਚੋਲਾ, ਘੱਟੋ-ਘਟ ਨਿੰਮੋ ਨੂੰ ਚਾਰ ਟੂੰਮਾਂ ਤਾਂ ਪਾ ਦਿੰਦੇ। ਉਨ੍ਹਾਂ ਨੇ ਨੱਕ, ਕੰਨਾਂ ਤੋਂ ਬੁੱਚੀ ਹੀ ਤੋਰ ਦਿੱਤੀ। ਪਿੰਡ ਵਿਚ ਸਾਡੀ ਬਣੀ ਬਣਾਈ ਇੱਜ਼ਤ ਮਿੱਟੀ ਵਿਚ ਰੋਲ ਦਿੱਤੀ।

ਇਹ ਸੁਣ ਮੇਰਾ ਸਹੁਰਾ ਬੋਲਿਆ, "ਥੋੜਾ ਹੋਲੀ ਬੋਲ ਨਿੰਮੋ ਸੁਣਦੀ ਹੋਵੇਗੀ।"

ਮੇਰੀ ਸੱਸ "ਜੇ ਸੁਣਦੀ ਹੈ, ਤਾਂ ਕੀ ਮੈਨੂੰ ਡਰ ਮਾਰਿਆ। ਮੈਂ ਕੋਈ ਝੂਠ ਪਈ ਆਖਦੀ ਹਾਂ। ਸਾਰਾ ਪਿੰਡ ਹੀ ਗੱਲਾਂ ਕਰਦਾ ਪਿਆ ਹੈ।

ਮੇਰੀ ਸੱਸ ਨੇ ਅਤੇ ਸਹੁਰੇ ਪਰਿਵਾਰ ਨੇ ਇਹ ਨਹੀਂ ਸੋਚਿਆ ਕਿ ਮੈਂ 14 ਜਮਾਤਾਂ ਪੜ੍ਹੀ ਹਾਂ ਤੇ ਸਾਡਾ ਜਰਨੈਲ ਦਸਵੀਂ ਫੇਲ ਹੈ। ਮੇਰੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ, ਜਦੋਂ ਕਿ ਮੇਰੇ ਮਾਪਿਆਂ ਨੇ ਕਿਸੇ ਪਾਸੇ ਤੋਂ ਵੀ ਕੋਈ ਕਸਰ ਨਹੀਂ ਛੱਡੀ ਸੀ। ਵਿਆਹ ਉਪਰ ਉਨ੍ਹਾਂ ਨੇ ਆਪਣੀ ਸਮਰੱਥਾ ਤੋਂ ਵੱਧ ਕੇ ਖਰਚ ਕੀਤਾ ਸੀ। ਪਰੰਤੂ ਇਸ ਵਿਆਹ ਤੋਂ ਮੇਰਾ ਸਹੁਰਾ ਪਰਿਵਾਰ ਬਿਲਕੁਲ ਵੀ ਖੁਸ਼ ਨਹੀਂ ਸੀ। ਸਾਰਿਆਂ ਦੇ ਮਨ ਅੰਦਰ ਇਹ ਭਰਿਆ ਹੋਇਆ ਸੀ ਕਿ ਮੈਂ ਦਾਜ ਵਿਚ ਕੁਝ ਵੀ ਨਹੀਂ ਲੈ ਕੇ ਆਈ। ਜੋ ਕੁਝ ਵੀ ਮੇਰੇ ਮਾਪਿਆਂ ਨੇ ਮੈਨੂੰ ਦਿੱਤਾ ਸੀ, ਉਹ ਕਿਸੇ ਨੂੰ ਵੀ ਨਜ਼ਰ ਨਹੀਂ ਆ ਰਿਹਾ ਸੀ। ਉਹ ਦਾਜ ਤਾਂ ਲੈਣਾ ਚਾਹੁੰਦੇ ਸਨ ਪਰ ਮੰਗਣਾ ਨਹੀਂ ਚਾਹੁੰਦੇ ਸਨ।

ਇ੍ਹਨਾਂ ਚਾਰ-ਪੰਜ ਦਿਨਾਂ ਦੇ ਅੰਦਰ ਮੇਰੇ ਤੇ ਜਰਨੈਲ ਵਿਚ ਕੋਈ ਵਿਆਹੇ ਹੋਣ ਬਾਰੇ ਗੱਲ ਕਥ ਨਾ ਹੋਈ। ਜਰਨੈਲ ਰੋਜ਼ਾਨਾ ਨਸ਼ੇ ਦਾ ਡੱਕਿਆਂ ਘਰ ਵੜਦਾ ਸੀ ਅਤੇ ਆ ਕੇ ਬਿਸਤਰੇ 'ਤੇ ਬੇਹੋਸ਼ਿਆਂ ਵਾਂਗ ਡਿੱਗ ਪੈਂਦਾ ਸੀ। ਉਸ ਨੂੰ ਜਹਾਨ ਦੀ ਕੋਈ ਸੂਰਤ ਨਹੀਂ ਰਹਿੰਦੀ ਸੀ। ਸਵੇਰੇ ਸਿਰ ਦੁਖਣ ਦਾ ਆਖਦਾ ਸੀ, ਮੈਂ ਚਾਹ ਲਈ ਜਾਂਦੀ ਸੀ, ਤਾਂ ਉਹ ਪਿੱਛੋਂ ਕੋਈ ਨਸ਼ਾ ਕਰ ਲੈਂਦਾ ਸੀ। ਇਕ ਦਿਨ ਮੈਂ ਉਸ ਨੂੰ ਨਸ਼ੇ ਦਾ ਟੀਕਾ ਲਾਉਂਦਾ ਵੇਖ ਲਿਆ ਸੀ। ਮੈਂ ਮਹਿਕ ਨੂੰ ਦੱਸਿਆ ਤਾਂ ਉਸ ਨੇ ਕਿਹਾ ਹਾਂ ਨਸ਼ੇ ਤਾਂ ਇਹ ਕਰਦਾ ਹੈ, ਅਸੀਂ ਸੋਚਿਆ ਵਿਆਹ ਤੋਂ ਬਾਅਦ ਠੀਕ ਹੋ ਜਾਵੇਗਾ। ਤੂੰ ਇਸ ਨੂੰ ਸੰਭਾਲ ਲਵੇਂਗੀ।

ਮੈਂ ਮਹਿਕ ਨੂੰ ਕਿਹਾ ਕਿ ਮੇਰੇ ਤਾਂ ਹਾਲੇ ਤੱਕ ਇਹ ਨੇੜੇ ਵੀ ਨਹੀਂ ਢੁਕਿਆ, ਇਹ ਤਾਂ ਨਸ਼ੇ ਦੀ ਦੁਨੀਆਂ ਵਿਚ ਗਰਕਿਆਂ ਰਹਿੰਦਾ ਹੈ। ਮੈਂ ਕੀ ਕਰ ਸਕਦੀ ਹਾਂ। ਤੁਸੀਂ ਮੇਰੇ ਨਾਲ ਧੋਖਾ ਕੀਤਾ ਹੈ। ਵਿਚੋਲੇ ਨੇ ਸਾਨੂੰ ਬਿਲਕੁਲ ਹੀ ਨਸ਼ੇ ਬਾਰੇ ਚਾਨਣ ਨਹੀਂ ਕੀਤਾ ਸੀ, ਸਗੋਂ ਉਸ ਨੇ ਤਾਂ ਆਖਿਆ ਸੀ ਕਿ ਲੜਕਾ ਬਿਲਕੁਲ ਹੀ ਕੋਈ ਨਸ਼ਾ ਨਹੀਂ ਕਰਦਾ ਹੈ। ਆਪਣੀਆਂ ਚੁਸਤ ਚਲਾਕੀਆਂ ਕਰ ਮੇਰੇ ਭੋਲੇ ਮਾਂ-ਬਾਪ ਨੂੰ ਫਸਾ ਕੇ ਮੈਨੂੰ ਡੋਬ ਹੀ ਦਿੱਤਾ ਹੈ।

ਮੈਂ ਇਹ ਗੱਲਾਂ ਮਹਿਕ ਨਾਲ ਇਸ ਲਈ ਕੀਤੀਆਂ ਸਨ ਕਿ ਉਹ ਆਪਣੇ ਮਾਪਿਆਂ ਨੂੰ ਦੱਸ ਦੇਵੇ ਕਿ ਮੈਨੂੰ ਜਰਨੈਲ ਦੇ ਨਸ਼ਈ ਹੋਣ ਬਾਰੇ ਪਤਾ ਲੱਗ ਗਿਆ ਹੈ। ਮਹਿਕ ਨੇ ਮਲਕੀਤ ਨਾਲ ਗੱਲ ਕੀਤੀ। ਅਗਲੇ ਦਿਨ ਮਲਕੀਤ ਨੇ ਜਰਨੈਲ ਦਾ ਪੂਰਾ ਧਿਆਨ ਰੱਖਿਆ, ਉਸ ਨੂੰ ਸ਼ਰਾਬ ਨਾ ਪੀਣ ਦਿੱਤੀ ਪਰ ਜਰਨੈਲ ਨੇ ਉਸ ਤੋਂ ਚੋਰੀ ਨਸ਼ੇ ਦੇ ਟੀਕੇ ਲਾ ਲਏ ਸਨ। ਜਦੋਂ ਜਰਨੈਲ ਸੌਣ ਵਾਸਤੇ ਆਇਆ, ਤਾਂ ਮਲਕੀਤ ਉਸ ਦੇ ਨਾਲ ਹੀ ਸੀ। ਮਲਕੀਤ ਨੇ ਆਪ ਵੀ ਸ਼ਰਾਬ ਪੀਤੀ ਹੋਈ ਲੱਗਦੀ ਸੀ। ਜਰਨੈਲ ਨੂੰ ਟੀਕਿਆਂ ਦਾ ਨਸ਼ਾ ਹੋ ਗਿਆ ਸੀ, ਉਹ ਤਾਂ ਮੇਰੇ ਨਾਲ ਕੋਈ ਵੀ ਗੱਲ ਨਾ ਕਰ ਸਕਿਆ, ਮੰਜੇ 'ਤੇ ਡਿਗਦਿਆਂ ਹੀ ਬੇਹੋਸ਼ ਹੋ ਗਿਆ। ਮਲਕੀਤ ਨੇ ਉਸ ਨੂੰ ਹਿਲਾ ਕੇ ਦੇਖਿਆ। ਮਲਕੀਤ ਨੇ ਜਰਨੈਲ ਨੂੰ ਨੇੜੇ ਹੋ ਦੇਖਿਆ ਤਾਂ ਉਹ ਸਮਝ ਗਿਆ ਕਿ ਜਰਨੈਲ ਨੂੰ ਤਾਂ ਕੋਈ ਹੋਸ਼ ਹੀ ਨਹੀਂ ਹੈ। ਮਲਕੀਤ ਵੀ ਨਸ਼ੇ ਵਿਚ ਸੀ। ਉਹ ਮੇਰੇ ਬਿਸਤਰੇ 'ਤੇ ਬੈਠ ਮੇਰੇ ਨਾਲ ਗੱਲਾਂ ਕਰਨ ਲੱਗ ਪਿਆ। ਉਸ ਨੇ ਮੈਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਤੇ ਮੇਰੇ ਨੇੜੇ ਹੋਣਾ ਚਾਹਿਆ। ਮੈਨੂੰ ਉਸ ਦੀ ਨੀਅਤ ਮਾੜੀ ਜਾਪੀ। ਮੈਨੂੰ ਉਸ ਨੇ ਛੋਹਣ ਦੀ ਕੋਸ਼ਿਸ਼ ਕੀਤੀ। ਉਹ ਆਪਣੀ ਹਵਸ ਮੱਠੀ ਕਰਨਾ ਚਾਹੁੰਦਾ ਸੀ। ਜਿਸ ਨੂੰ ਮੈਂ ਸਮਝ ਗਈ। ਮੈਂ ਭੱਜ ਕੇ ਬਾਹਰ ਨਿਕਲ ਗਈ ਤੇ ਮਹਿਕ ਨੂੰ ਬਹੁਤ ਹੀ ਜ਼ੋਰ ਨਾਲ ਅਤੇ ਗੁੱਸੇ ਭਰੀ ਆਵਾਜ਼ ਲਗਾਈ। ਮਲਕੀਤ ਵੀ ਘਬਰਾ ਗਿਆ। ਉਹ ਕਮਰੇ ਵਿਚੋਂ ਬਾਹਰ ਨਿਕਲ ਆਇਆ ਤੇ ਮੈਨੂੰ ਜ਼ਬਰਦਸਤੀ ਫੜ ਕੇ ਅੰਦਰ ਲਿਜਾਣ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਹਾ ਕਿ ਫਿਕਰ ਨਾ ਕਰ ਜਰਨੈਲ ਤਾਂ ਹੁਣ ਉੱਠ ਨਹੀਂ ਸਕਦਾ। ਮਹਿਕ ਤੇ ਪਰਿਵਾਰ ਘਰ ਵਿਚ ਨਹੀਂ ਹਨ। ਤੂੰ ਚਿੰਤਾ ਨਾ ਕਰ ਮੈਂ ਤਾਂ ਮਦਦ ਹੀ ਕਰ ਰਿਹਾ ਹਾਂ। ਉਸ ਨੇ ਮੇਰੇ ਨਾਲ ਜ਼ਬਰਦਸਤੀ ਕੀਤੀ ਅਤੇ ਮੇਰੀ ਇੱਜ਼ਤ ਤਾਰ-ਤਾਰ ਕਰ ਦਿਤੀ। ਮੈਂ ਤੀਵੀਂ ਮਾਨੀ ਕੀ ਕਰ ਸਕਦੀ ਸੀ। ਮੈਨੂੰ ਛੱਡ ਮਲਕੀਤ ਥੱਲੇ ਆਪਣੇ ਕਮਰੇ ਵਿਚ ਚਲਾ ਗਿਆ। ਮੈਂ ਸਵੇਰੇ ਉੱਠ ਸਾਰਾ ਪਰਿਵਾਰ ਇਕੱਠਾ ਕਰ ਲਿਆ ਤੇ ਮਲਕੀਤ ਦੀ ਕਰਤੂਤ ਸਾਰਿਆਂ ਨੂੰ ਦੱਸ ਦਿੱਤੀ। ਮਹਿਕ ਨੇ ਮੇਰੀ ਕੋਈ ਮਦਦ ਨਾ ਕੀਤੀ, ਸਗੋਂ ਮਲਕੀਤ ਨਾਲ ਹੱਸ-ਹੱਸ ਗੱਲਾਂ ਕਰ ਰਹੀ ਸੀ। ਸੱਸ ਅਤੇ ਸਹੁਰੇ ਦਾ ਰਵੱਈਆ ਵੀ ਮੇਰੇ ਪ੍ਰਤੀ ਘਿਰਣਾ ਭਰਿਆ ਸੀ। ਜਰਨੈਲ ਨੇ ਵੀ ਆਪਣੇ ਜੀਜੇ ਨੂੰ ਕੁਝ ਨਾ ਕਿਹਾ। ਮੈਨੂੰ ਇਸ ਤਰ੍ਹਾਂ ਜਾਪਿਆ ਕਿ ਇਹ ਜੋ ਵੀ ਹੋਇਆ, ਇਸ ਵਿਚ ਸਾਰੇ ਪਰਿਵਾਰ ਦੀ ਰਜ਼ਾਮੰਦੀ ਸੀ। ਮੈਨੂੰ ਇਹ ਬਿਲਕੁਲ ਵੀ ਮਨਜ਼ੂਰ ਨਹੀਂ ਸੀ। ਮੈਂ ਜਰਨੈਲ ਨਾਲ ਵਿਆਹੀ ਸੀ, ਉਸ ਦਾ ਮੇਰੇ ਉਪਰ ਹੱਕ ਸੀ। ਮਲਕੀਤ ਮੇਰੇ ਉਪਰ ਆਪਣਾ ਹੱਕ ਜਤਾਉਣਾ ਚਾਹੁੰਦਾ ਸੀ ਤੇ ਮੈਨੂੰ ਆਪਣੀ ਔਰਤ ਬਣਾਉਣ ਲਈ ਲਾਲਚ ਵੀ ਦੇਣ ਲੱਗਿਆ। ਮੈਂ ਬਿਲਕੁਲ ਇਨਕਾਰ ਕਰ ਦਿੱਤਾ।

ਮੇਰੇ ਮਾਪਿਆਂ ਨੇ ਇਹ ਸਮਝਾਇਆ ਸੀ ਕਿ ਹੁਣ ਤੇਰੇ ਸੱਸ ਸਹੁਰਾ ਹੀ ਤੇਰੇ ਮਾਪੇ ਹਨ, ਤੂੰ ਉਨ੍ਹਾਂ ਦੀ ਸੇਵਾ ਕਰਨੀ ਹੈ, ਜਰਨੈਲ ਹੀ ਤੇਰਾ ਭਵਿੱਖ ਹੈ ਅਤੇ ਤੇਰਾ ਇਹੋ ਹੀ ਨਸੀਬ ਹੈ। ਇਹੋ ਹੀ ਤੇਰਾ ਘਰ ਪਰਿਵਾਰ। ਪ੍ਰੰਤੂ ਮੈਂ ਇਸ ਮਲਕੀਤ ਦੀ ਘਟੀਆ ਯੋਜਨਾ ਲਈ ਬਿਲਕੁਲ ਵੀ ਤਿਆਰ ਨਹੀਂ ਸਾਂ। ਇਸ ਕਾਰਨ ਮੈਂ ਇਸ ਨੂੰ ਆਪਣਾ ਨਸੀਬ ਮੰਨਣ ਤੋਂ ਇਨਕਾਰ ਕਰ ਦਿੱਤਾ। ਮਹਿਕ ਅਤੇ ਉਸ ਦੇ ਮਾਪਿਆਂ ਦੇ ਵਤੀਰੇ ਨੇ ਮੈਨੂੰ ਇਸ ਪਰਿਵਾਰ ਨੂੰ ਅਪਣਾਉਣਾ ਬਿਲਕੁਲ ਵੀ ਠੀਕ ਨਾ ਲੱਗਾ। ਇਸ ਲਈ ਮੈਂ ਤਿੰਨਾਂ ਕੱਪੜਿਆਂ ਵਿਚ ਹੀ ਘਰੋਂ ਨਿਕਲ ਪਈ। ਸਹੁਰੇ ਪਰਿਵਾਰ ਵਿਚੋਂ ਮੈਨੂੰ ਕਿਸੇ ਨੇ ਵੀ ਰੋਕਣ ਦਾ ਯਤਨ ਨਾ ਕੀਤਾ। ਆਪਣੇ ਮਾਪਿਆਂ ਨੂੰ ਮੈਂ ਤੰਗ ਨਹੀਂ ਕਰਨਾ ਚਾਹੁੰਦੀ ਸੀ। ਆਪਣੇ ਪਿੰਡ ਜਾਣ ਦੀ ਥਾਂ ਮੈਂ ਸਿੱਪੀ ਦੇ ਪਿੰਡ ਵਲ ਰੁੱਖ ਕਰ ਲਿਆ। ਮੇਰੀ ਕਿਸਮਤ ਨੂੰ ਸਿੱਪੀ ਘਰੇ ਹੀ ਸੀ। ਰਾਤ ਹੋ ਚੁੱਕੀ ਸੀ। ਸਿੱਪੀ ਨੇ ਮੇਰੇ ਹਾਲ-ਚਾਲ ਪੁੱਛਿਆ। ਮੇਰੇ ਸਹੁਰੇ ਪਰਿਵਾਰ ਬਾਰੇ ਪੁੱਛਿਆ। ਜਦੋਂ ਉਸ ਨੇ ਮੇਰੇ ਜਰਨੈਲ ਬਾਰੇ ਪੁੱਛਿਆ ਤਾਂ ਮੈਂ ਫਿਸ ਪਈ।

ਮੈਂ ਆਪਣੇ ਵਿਚੋਲੇ ਨੂੰ ਬਹੁਤ ਮੰਦਾ ਆਖਿਆ ਤੇ ਦੱਸਿਆ ਕਿ ਉਸ ਨੇ ਧੋਖਾ ਕੀਤਾ ਹੈ, ਮੈਨੂੰ ਨਸ਼ੱਈ ਦੇ ਪੱਲੇ ਪਾ ਦਿਤਾ ਹੈ। ਰੋਜ਼ਾਨਾ ਨਸ਼ਾ ਕਰਦਾ ਹੈ, ਨਸ਼ੇ ਦੇ ਟੀਕੇ ਲਾਉਂਦਾ ਹੈ। ਮੇਰਾ ਜੀਵਨ ਤਾਂ ਬਰਬਾਦ ਕਰ ਦਿੱਤਾ ਹੈ, ਮੈਂ ਆਪਣੇ ਮਾਪਿਆਂ ਨੂੰ ਨਹੀਂ ਦੱਸਿਆ ਕਿਉਂ ਜੋ ਉਨ੍ਹਾਂ ਨੇ ਆਪਣਾ ਜੋੜਿਆ ਹੋਇਆ ਧਨ ਮੇਰੇ ਉਪਰ ਖਰਚ ਕਰ ਦਿੱਤਾ। ਉਨ੍ਹਾਂ ਵਿਚ ਮੈਨੂੰ ਸੰਭਾਲਣ ਦੀ ਸਮਰਥਾ ਨਹੀਂ ਹੈ। ਮੈਂ ਸਿੱਪੀ ਨੂੰ ਮਲਕੀਤ ਦੀ ਮਾੜੀ ਕਰਤੂਤ ਬਾਰੇ ਵੀ ਦੱਸਿਆ। ਜਿਸ ਨੂੰ ਸੁਣ ਉਹ ਆਪੇ ਤੋਂ ਬਾਹਰ ਹੋ ਗਿਆ। ਉਹ ਆਪ ਮੁਹਾਰਾ ਹੀ ਬੋਲਿਆ,

"ਰੱਬ ਕਰੇ ਉਹ ਮਰੇ ਵਿਚੋਲਾ ਜਿਸ ਨੇ ਰੱਖਿਆ ਐਡਾ ਓਹਲਾ।"

ਉਸ ਨੇ ਸਾਰੀ ਗਾਥਾ ਸੁਣ ਮੈਨੂੰ ਸਮਝਾਇਆ ਕਿ ਮੈਨੂੰ ਆਪਣੇ ਮਾਪਿਆਂ ਕੋਲ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਸਾਰਾ ਕੁਝ ਬਿਆਨ ਕਰ ਦੇਣਾ ਚਾਹੀਦਾ ਹੈ। ਇਸ ਤੋਂ ਅੱਗੇ ਫੈਸਲਾ ਫੇਰ ਲਵਾਂਗੇ। ਮੈਂ ਹਰ ਕਿਸਮ ਨਾਲ ਤੇਰੀ ਮਦਦ ਲਈ ਤਿਆਰ ਹਾਂ। ਰਾਤ ਮੈਂ ਉਸ ਦੇ ਘਰ ਬਿਤਾਈ। ਉਸ ਨੂੰ ਉਸ ਦੇ ਜੀਵਨ ਬਾਰੇ ਪੁੱਛਿਆ। ਉਸ ਨੇ ਦੱਸਿਆ ਕਿ ਮੈਂ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਲਈ ਯਤਨ ਕਰ ਰਿਹਾ ਹਾਂ। ਭਾਵੇਂ ਹਾਲੇ ਤੱਕ ਕਿਤੇ ਵੀ ਹੱਥ ਨਹੀਂ ਅੜਿਆ। ਯਤਨ ਜਾਰੀ ਹਨ। ਮੈਂ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਹਾਂ। ਇਮਤਿਹਾਨ ਦੀ ਤਾਰੀਕ ਵੀ ਨੇੜੇ ਹੈ। ਇਮਤਿਹਾਨ ਦੇਣ ਤੋਂ ਬਾਅਦ ਮੈਂ ਤੇਰੀ ਪੂਰੀ ਤਰ੍ਹਾਂ ਨਾਲ ਮਦਦ ਕਰ ਸਕਦਾ ਹਾਂ। ਉਤਨਾ ਚਿਰ ਤੂੰ ਆਪਣੇ ਪੇਕਿਆਂ ਦੇ ਘਰ ਹੀ ਰਹਿਣਾ ਹੈ ਅਤੇ ਸਹੁਰੇ ਘਰ ਜਾਣ ਦੀ ਕੋਈ ਵੀ ਜ਼ਰੂਰਤ ਨਹੀਂ ਹੈ। ਉਨ੍ਹਾਂ ਦਾ ਵਰਤਾਵ ਬਹੁਤ ਹੀ ਮਾੜਾ ਹੈ। ਮੈਂ ਨਹੀਂ ਚਾਹੁੰਦਾ ਕਿ ਤੂੰ ਘਬਰਾ ਕਿ ਕੋਈ ਵੀ ਗ਼ਲਤ ਕਦਮ ਉਠਾਵੇਂ। ਅਗਲੇ ਦਿਨ ਨਿੰਮੋ ਆਪਣੇ ਘਰ ਲਈ ਚੱਲ ਪਈ। ਪਿੰਡ ਪੁੱਜੀ। ਮਾਪਿਆਂ ਨੂੰ ਮਿਲੀ। ਉਨ੍ਹਾਂ ਨੇ ਜਦੋਂ ਜਰਨੈਲ ਦੇ ਨਾ ਆਉਣ ਬਾਰੇ ਪੁੱਛਿਆ, ਤਾਂ ਉਸ ਨੇ ਦੱਸ ਦਿਤਾ ਕਿ ਮੈਂ ਇੱਕਲੀ ਹੀ ਆਈ ਹਾਂ ਅਤੇ ਉਸ ਘਰ ਨੂੰ ਹਮੇਸ਼ਾ ਲਈ ਛੱਡ ਆਈ ਹਾਂ। ਨਿੰਮੋ ਦਾ ਬਾਪ ਆਪਣੇ ਬੈਂਕ ਵਿਚ ਜਾ ਚੁੱਕਾ ਸੀ। ਆਪਣੀ ਮਾਂ ਨੂੰ ਉਸ ਨੇ ਸਹੁਰੇ ਵਾਪਰੀਆਂ ਸਾਰੀਆਂ ਘਟਨਾਵਾਂ ਦੱਸ ਦਿਤੀਆਂ। ਇਹ ਵੀ ਦੱਸਿਆ ਕਿ ਉਹ ਗਹਿਣੇ ਥੋੜੇ ਪਾਉਣ ਬਾਰੇ ਵੀ ਮੰਦਾ ਹੀ ਬੋਲਦੇ ਹਨ। ਜਰਨੈਲ ਤਾਂ ਹਮੇਸ਼ਾ ਹੀ ਨਸ਼ੇ ਵਿਚ ਰਹਿੰਦਾ ਹੈ। ਉਹ ਮੇਰੇ ਨਾਲ ਵਿਆਹੇ ਹੋਣ ਬਾਰੇ ਕੋਈ ਵੀ ਰਿਸ਼ਤਾ ਨਹੀਂ ਬਣਾ ਸਕਿਆ। ਮੈਂ ਕੁਆਰੀ ਕੁੜੀ ਹੀ ਰਹਿਣਾ ਸੀ, ਜੇ ਉਨ੍ਹਾਂ ਦੇ ਜਵਾਈ ਮਲਕੀਤ ਵਲੋਂ ਮੇਰੇ ਨਾਲ ਜ਼ਬਰਦਸਤੀ ਨਾ ਕੀਤੀ ਹੁੰਦੀ। ਮਲਕੀਤ ਮੈਨੂੰ ਆਪਣੀ ਜਨਾਨੀ ਬਣਾਉਣਾ ਚਾਹੁੰਦਾ ਸੀ। ਮੈਂ ਇਨਕਾਰ ਕਰ ਉਸ ਘਰ ਨਾਲੋਂ ਸਾਰੇ ਰਿਸ਼ਤੇ ਤੋੜ ਆਈ ਹਾਂ। ਮੈਂ ਤੁਹਾਡੇ 'ਤੇ ਬੋਝ ਨਹੀਂ ਬਣਾਂਗੀ। ਮੈਂ ਮਿਹਨਤ ਕਰਾਂਗੀ, ਮੁਕਾਬਲੇ ਦੇ ਇਮਿਤਿਹਾਨ ਦੇਵਾਂਗੀ। ਕਾਮਯਾਬੀ ਪ੍ਰਾਪਤ ਕਰ ਸਮਾਜ ਵਿਚ ਆਪਣੀ ਵੱਖਰੀ ਥਾਂ ਬਣਾਵਾਂਗੀ। ਮੈਂ ਤੁਹਾਡੇ ਕੋਲ ਥੋੜਾ ਸਮਾਂ ਹੀ ਰਹਾਂਗੀ। ਤੁਸੀਂ ਫਿਕਰ ਨਹੀਂ ਕਰਨਾ ਹੈ। ਤੁਸੀਂ ਮੇਰੇ ਬਾਪੂ ਨੂੰ ਸਮਝਾ ਦੇਣਾ, ਉਹ ਗੁੱਸਾ ਨਾ ਕਰਨ। ਮੈਂ ਆਪਣੀ ਮਿਹਨਤ ਸਦਕਾ ਹੀ ਆਪਣੀ ਅਗਲੇਰੀ ਜ਼ਿੰਦਗੀ ਸੁਖਾਲੀ ਕਰਨ ਦਾ ਯਤਨ ਕਰਾਂਗੀ। ਮੈਂ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਮਾਜ ਵਿਚ ਚੰਗਾ ਕਰ ਦਿਖਾਵਾਂਗੀ।

ਜਦੋਂ ਮੋਹਨ ਸਿੰਘ ਸ਼ਾਮ ਵੇਲੇ ਕੰਮ ਤੋਂ ਘਰ ਆਇਆ, ਤਾਂ ਆਪਣੀ ਧੀ ਨੂੰ ਘਰ ਵਿਚ ਦੇਖ ਕੇ ਖੁਸ਼ ਹੋਇਆ। ਉਸ ਨੂੰ ਪਿਆਰ ਨਾਲ ਮਿਲਿਆ। ਇਸ ਤੋਂ ਅੱਗੇ ਕਿ ਉਹ ਕੁਝ ਹੋਰ ਪੁੱਛਦਾ, ਨਿੰਮੋ ਦੀ ਮਾਂ ਨੇ ਉਸ ਨੂੰ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ। ਰਾਤ ਦਾ ਰੋਟੀ ਪਾਣੀ ਖਾ ਕੇ ਮੋਹਨ ਸਿੰਘ ਨੇ ਨਿੰਮੋ ਨੂੰ ਆਰਾਮ ਕਰਨ ਲਈ ਆਖਿਆ। ਆਪ ਵੀ ਉਹ ਆਰਾਮ ਕਰਨ ਲਈ ਆਪਣੇ ਕਮਰੇ ਵਿਚ ਚਲੇ ਗਏ। ਸ਼ੀਲਾ ਨੇ ਮੋਹਨ ਸਿੰਘ ਨੂੰ ਨਿੰਮੋ ਦੇ ਸਹੁਰੇ ਘਰ ਵਿਚ ਹੋਈਆਂ ਸਾਰੀਆਂ ਘਟਨਾਵਾਂ ਵੇਰਵੇ ਸਹਿਤ ਦੱਸ ਦਿਤੀਆਂ ਅਤੇ ਅਗਲੀਆਂ ਯੋਜਨਾਵਾਂ ਬਾਰੇ ਵੀ ਜਾਣਕਾਰੀ ਦੇ ਦਿੱਤੀ। ਅਗਲੇਰੇ ਦਿਨ ਜਦੋਂ ਮੋਹਨ ਸਿੰਘ ਬੈਂਕ ਲਈ ਤਿਆਰ ਹੋ ਰਿਹਾ ਸੀ, ਤਾਂ ਉਸ ਸਮੇਂ ਉਸ ਨੇ ਨਿੰਮੋ ਨੂੰ ਸਮਝਾ ਦਿੱਤਾ ਕਿ ਤੇਰੇ ਸਹੁਰੇ ਪਰਿਵਾਰ ਵਲੋਂ ਤੇਰੇ ਨਾਲ ਚੰਗਾ ਸਲੂਕ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਅਸੀਂ ਤੇਰੀ ਮਦਦ ਕਰ ਕੇ ਪੂਰੀ ਤਰ੍ਹਾਂ ਢੁੱਕਵਾਂ ਜਵਾਬ ਦੇਵਾਂਗੇ। ਤੂੰ ਆਪਣਾ ਮਨ ਅਗਲੇਰੀ ਯੋਜਨਾ ਵਿਚ ਲਾ ਤੇ ਕਾਮਯਾਬੀ ਜ਼ਰੂਰ ਤੇਰਾ ਸਾਥ ਦੇਵੇਗੀ। ਅਸੀਂ ਆਰਥਿਕ ਪੱਖੋਂ ਵੀ ਤੇਰਾ ਸਾਥ ਦੇਵਾਂਗੇ। ਘਬਰਾਉਣ ਦੀ ਲੋੜ ਨਹੀਂ। ਪੜ੍ਹਾਈ ਵੱਲ ਪੂਰਾ ਧਿਆਨ ਦਿਓ। ਵਾਹਿਗੁਰੂ ਸਾਡੀ ਮਦਦ ਕਰੇਗਾ। ਉਹ ਆਪਣੇ ਸੇਵਕਾਂ ਦਾ ਇਮਿਤਿਹਾਨ ਲੈਂਦਾ ਹੈ। ਅਸੀਂ ਉਸ ਦੀ ਕਸਵਟੀ 'ਤੇ ਪੂਰੇ ਉਤਰਨ ਦਾ ਯਤਨ ਕਰਾਂਗੇ।

ਸਿੱਪੀ ਨੇ ਲਿਖਤੀ ਇਮਿਤਿਹਾਨ ਦਿੱਤਾ ਇੰਟਰਵਿਊ ਦਿੱਤਾ। ਕੁਝ ਸਮੇਂ ਦੀ ਉਡੀਕ ਤੋਂ ਬਾਅਦ ਉਸ ਦਾ ਨਤੀਜਾ ਆ ਗਿਆ। ਉਸ ਦਾ ਸਾਰੀ ਸੂਚੀ ਵਿਚ ਤੀਸਰੇ ਨੰਬਰ 'ਤੇ ਸਥਾਨ ਸੀ। ਸਾਰੇ ਪਿੰਡ ਵਿਚ ਖਬਰ ਹੋ ਗਈ, ਸਭ ਨੇ ਵਧਾਈ ਦਿੱਤੀ। ਉਸ ਨੂੰ ਕੁਝ ਸਮੇਂ ਬਾਅਦ ਉਸ ਨੂੰ ਕਿਸੇ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਜਾਣਾ ਸੀ। ਸਿੱਪੀ ਨੇ ਮਿਠਿਆਈ ਦਾ ਡੱਬਾ ਲਿਆ ਤੇ ਨਿੰਮੋ ਦੇ ਘਰ ਵੱਲ ਤੁਰ ਪਿਆ। ਪਹਿਲਾਂ ਬੈਂਕ ਵਿਚ ਗਿਆ, ਜਿਥੇ ਮੋਹਨ ਸਿੰਘ ਕੰਮ ਕਰਦਾ ਸੀ। ਮੋਹਨ ਸਿੰਘ ਨੂੰ ਮਿਲ ਕੇ ਦੱਸਿਆ। ਮੋਹਨ ਸਿੰਘ ਨੇ ਵਧਾਈ ਦਿੱਤੀ ਅਤੇ ਕਿਹਾ ਕਿ ਤੁਸੀਂ ਘਰੇ ਚਲੋ, ਮੈਂ ਕੁਝ ਦੇਰ ਵਿਚ ਆਉਂਦਾ ਹਾਂ। ਘਰ ਵਿਚ ਨਿੰਮੋ ਵੀ ਆਈ ਹੋਈ ਹੈ। ਉਸ ਨੂੰ ਮਿਲ ਕੇ ਸ਼ਾਮ ਨੂੰ ਗੱਲਾਂ ਕਰਾਂਗੇ। ਉਹ ਵੀ ਤੇਰਾ ਨਤੀਜਾ ਸੁਣ ਕੇ ਬਹੁਤ ਹੀ ਖੁਸ਼ ਹੋਵੇਗੀ। ਸਿੱਪੀ ਘਰੇ ਪੁੱਜ ਗਿਆ ਨਿੰਮੋ ਅਤੇ ਸ਼ੀਲਾ ਨੂੰ ਮਿਲਿਆ। ਨਿੰਮੋ ਨੇ ਨਤੀਜੇ ਬਾਰੇ ਪੁੱਛਿਆ, ਤਾਂ ਸਿੱਪੀ ਨੇ ਡੱਬਾ ਅੱਗੇ ਕਰ ਦਿੱਤਾ ਤੇ ਨਤੀਜੇ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਮੈਂ ਬੈਂਕ ਵਿਚ ਗਿਆ ਸੀ ਉਥੇ ਤੇਰੇ ਡੈਡੀ ਨੂੰ ਮਿਲ ਕੇ ਆਇਆ ਹਾਂ। ਉਨ੍ਹਾਂ ਨੇ ਹੀ ਦੱਸਿਆ ਕਿ ਤੁਸੀਂ ਇਸ ਸਮੇਂ ਘਰ ਵਿਚ ਹੀ ਹੋ ਅਤੇ ਮੈਂ ਇਧਰ ਆ ਗਿਆ ਹਾਂ। ਉਹ ਵੀ ਥੋੜੀ ਦੇਰ ਤੱਕ ਆ ਜਾਣਗੇ। ਇਹ ਸੁਣ ਉਹ ਦੋਵੇਂ ਖੁਸ਼ ਹੋ ਗਈਆਂ। ਨਤੀਜੇ ਦੀ ਵਧਾਈ ਦਿੱਤੀ ਅਤੇ ਨਾਲ ਹੀ ਤਿੰਨਾਂ ਨੇ ਮੂੰਹ ਮਿੱਠਾ ਕੀਤਾ। ਏਧਰ ਉਧਰ ਦੀਆਂ ਗੱਲਾਂ ਕਰ ਰਹੇ ਸਨ ਕਿ ਮੋਹਨ ਸਿੰਘ ਵੀ ਘਰੇ ਪਹੁੰਚ ਗਿਆ। ਸਾਰਿਆਂ ਨੇ ਮਿਲ ਕੇ ਚਾਹ ਪੀਤੀ ਮਿਠਾਈ ਖਾਧੀ ਅਤੇ ਖੁਸ਼ੀ ਮਨਾਈ।

ਨਿੰਮੋ ਨੇ ਸਿੱਪੀ ਨੂੰ ਤਿਆਰੀ ਵਿਚ ਮਦਦ ਲਈ ਆਖਿਆ। ਸਿੱਪੀ ਨੇ ਕਿਹਾ ਕਿ ਜੋ ਕਿਤਾਬਾਂ ਮੇਰੇ ਕੋਲ ਪਈਆਂ ਹਨ ਮੈਂ ਇਕ ਅੱਧੇ ਦਿਨ ਵਿਚ ਛੱਡ ਜਾਵਾਂਗਾ। ਤੁਸੀਂ ਪੜ੍ਹਾਈ ਸ਼ੁਰੂ ਕਰੋ। ਹਰ ਹਫਤੇ ਆ ਕੇ ਮੈਂ ਤੁਹਾਡੀਆਂ ਮੁਸ਼ਕਲਾਂ ਦੇ ਹੱਲ ਸਮਝਾ ਜਾਇਆ ਕਰਾਂਗਾ। ਜੇ ਹੋਰ ਕਿਸੇ ਕਿਤਾਬ ਦੀ ਲੋੜ ਹੋਈ, ਤਾਂ ਮੈਂ ਲਿਆ ਕੇ ਦੇ ਦੇਵਾਂਗਾ। ਮਨ ਲਾ ਕੇ ਮਿਹਨਤ ਕਰੋ। ਕਾਮਯਾਬੀ ਜ਼ਰੂਰ ਮਿਲੇਗੀ। ਰਾਤ ਦੀ ਰੋਟੀ ਖਾ ਕੇ ਉਹ ਦੇਰ ਤੱਕ ਗੱਲਾਂ ਕਰਦੇ ਰਹੇ। ਮੋਹਨ ਸਿੰਘ ਅਤੇ ਸ਼ੀਲਾ ਵੀ ਖੁਸ਼ ਸਨ ਕਿ ਸਿੱਪੀ ਨੇ ਮਦਦ ਕਰਨ ਦਾ ਵਾਅਦਾ ਕੀਤਾ ਹੈ। ਨਿੰਮੋ ਇਸ ਦੀ ਮਦਦ ਨਾਲ ਜ਼ਰੂਰ ਹੀ ਇਮਿਤਿਹਾਨ ਕਲੀਅਰ ਕਰ ਲਵੇਗੀ ਅਤੇ ਸਿੱਪੀ ਦੀ ਅਗਵਾਈ ਸਦਕਾ ਇੰਟਰਵਿਊ ਵਿਚ ਵੀ ਸਫਲ ਹੋ ਜਾਵੇਗੀ। ਨਿੰਮੋ ਨੇ ਤਿਆਰੀ ਸ਼ੁਰੂ ਕਰ ਦਿੱਤੀ। ਸਿੱਪੀ ਕਦੇ-ਕਦੇ ਆ ਕੇ ਉਸ ਦੀਆਂ ਮੁਸ਼ਕਲਾਂ ਹਲ ਕਰਵਾ ਜਾਂਦਾ ਅਤੇ ਹੋਰ ਨੁਕਤੇ ਦੱਸ ਜਾਇਆ ਕਰਦਾ ਸੀ। ਮੋਹਨ ਸਿੰਘ ਅਤੇ ਸ਼ੀਲਾ ਨੂੰ ਉਸ ਦੇ ਆਉਣ 'ਤੇ ਕੋਈ ਇਤਰਾਜ਼ ਨਹੀਂ ਸੀ ਕਿਉਂ ਜੋ ਉਹ ਕਾਲਜ ਸਮੇਂ ਤੋਂ ਹੀ ਇਕ ਦੂਸਰੇ ਨੂੰ ਮਿਲਦੇ ਰਹਿੰਦੇ ਸਨ। ਸਿੱਪੀ ਨੂੰ ਨੇੜੇ ਦੇ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਲਗਾ ਦਿੱਤਾ ਗਿਆ। ਉਸ ਦੇ ਮਾਪਿਆਂ ਨੂੰ ਹੁਣ ਉਸ ਦੇ ਵਿਆਹ ਦੀ ਕਾਹਲੀ ਹੋ ਗਈ ਸੀ। ਪ੍ਰੰਤੂ ਸਿੱਪੀ ਨੇ ਉਨ੍ਹਾਂ ਨੂੰ ਕਾਹਲੇ ਨਾ ਪੈਣ ਲਈ ਸਮਝਾ ਦਿੱਤਾ ਅਤੇ ਕਿਹਾ ਕਿ ਕਾਹਲੀ ਅੱਗੇ ਟੋਏ ਹੋਇਆ ਕਰਦੇ ਹਨ। ਉਸ ਦੇ ਮਾਪੇ ਵੀ ਸਮਝਦਾਰ ਸਨ, ਉਹ ਸਿੱਪੀ ਦੇ ਕਹਿਣ 'ਤੇ ਮੰਨ ਗਏ। ਉਧਰ ਨਿੰਮੋ ਦਾ ਇਮਤਿਹਾਨ ਹੋ ਗਿਆ। ਉਸ ਨੂੰ ਚੰਗੇ ਨੰਬਰ ਆਉਣ ਦੀ ਉਮੀਦ ਸੀ। ਉਸ ਨੂੰ ਇੰਟਰਵਿਊ ਲਈ ਬੁਲਾ ਲਿਆ ਗਿਆ। ਉਹ ਸਿੱਪੀ ਨੂੰ ਨਾਲ ਲੈ ਕੇ ਇੰਟਰਵਿਊ 'ਤੇ ਗਈ। ਰਸਤੇ ਵਿਚ ਸਿੱਪੀ ਨੇ ਕੁਝ ਨੁਕਤੇ ਸਮਝਾਏ। ਇੰਟਰਵਿਊ ਠੀਕ ਹੋ ਗਿਆ। ਵਾਪਸੀ ਵਕਤ ਉਨ੍ਹਾਂ ਨੇ ਨਿੰਮੋ ਦੇ ਆਉਣ ਵਾਲੇ ਜੀਵਨ ਸਬੰਧੀ ਵਿਚਾਰ ਕੀਤੀ। ਸਿੱਪੀ ਨੇ ਪੁੱਛਿਆ ਕਿ ਕੀ ਤੁਸੀਂ ਮਲਕੀਤ ਨੂੰ ਸਜ਼ਾ ਦੇਣੀ ਚਾਹੁੰਦੇ ਹੋ ਅਤੇ ਜਰਨੈਲ ਨਾਲ ਆਪਣਾ ਜੀਵਨ ਗੁਜ਼ਾਰਨਾ ਚਾਹੁੰਦੇ ਹੋ। ਇਹ ਸੁਣ ਨਿੰਮੋ ਥੋੜਾ ਗੁੱਸੇ ਵਿਚ ਆ ਗਈ। ਉਸ ਦਸਵੀਂ ਫੇਲ ਨਾਲ ਮੈਂ ਕਿਵੇਂ ਜ਼ਿੰਦਗੀ ਕੱਢ ਸਕਦੀ ਹਾਂ। ਜਿਥੋਂ ਤੱਕ ਮਲਕੀਤ ਦਾ ਸਬੰਧ ਹੈ, ਉਸ ਨੂੰ ਤਾਂ ਮੈਂ ਸਬਕ ਸਿਖਾਵਾਂਗੀ ਅਤੇ ਮਹਿਕ ਨੂੰ ਵੀ ਮੈਂ ਬੇਕਸੂਰ ਨਹੀਂ ਸਮਝਦੀ। ਉਸ ਨੇ ਮੇਰੀ ਇੱਜ਼ਤ ਤਾਰ-ਤਾਰ ਕਰਨ ਵਿਚ ਮਲਕੀਤ ਦਾ ਪੂਰਾ ਸਾਥ ਦਿਤਾ। ਸਿੱਪੀ ਨੇ ਕਿਹਾ ਕਿ ਮੈਂ ਮਲਕੀਤ ਬਾਰੇ ਪਤਾ ਕਰਾਂਗਾ ਕਿ ਉਹ ਹੁਣ ਕਿੱਥੇ ਹੈ ਤੇ ਕੀ ਕਰਦਾ ਹੈ।

ਜੇ ਤੈਨੂੰ ਚੰਗਾ ਲੱਗੇ ਤਾਂ ਆਪਾਂ ਦੋਵੇਂ ਰਲ ਕੇ ਅਗਲੇਰਾ ਜੀਵਨ ਬਿਤਾ ਸਕਦੇ ਹਾਂ। ਕੋਈ ਜ਼ੋਰ-ਜ਼ਬਰਦਸਤੀ ਨਹੀਂ ਹੈ। ਜੇ ਕਰ ਤੁਹਾਨੂੰ ਮੇਰਾ ਇਹ ਸੁਝਾਅ ਮਨਜ਼ੂਰ ਨਹੀਂ ਹੈ, ਤਾਂ ਆਪਾਂ ਚੰਗੇ ਦੋਸਤ ਬਣੇ ਰਹਿ ਕੇ ਆਪਣੇ ਆਪਣੇ ਵੱਖਰੇ-ਵੱਖਰੇ ਘਰ ਵਸਾ ਸਕਦੇ ਹਾਂ। ਤੁਸੀਂ ਵਿਚਾਰ ਕਰ ਲੈਣਾ। ਮਾਪਿਆਂ ਨਾਲ ਵਿਚਾਰ ਕਰ ਲੈਣਾ।

ਨਿੰਮੋ ਸ਼ਰਮਾ ਗਈ ਤੇ ਥੋੜਾ ਨਾਜ਼ ਨਾਲ ਬੋਲੀ ਕਿ ਤੁਹਾਨੂੰ ਇਹ ਸੁਪਨਾ ਕਿਵੇਂ ਆਇਆ ਕਿ ਮੈਨੂੰ ਇਹ ਸੁਝਾਅ ਮੈਨੂੰ ਮਨਜ਼ੂਰ ਨਹੀਂ ਵੀ ਹੋ ਸਕਦਾ। ਆਪਾਂ ਬਹੁਤ ਸਮੇਂ ਤੋਂ ਇਕ ਦੂਸਰੇ ਨੂੰ ਜਾਣਦੇ ਹਾਂ। ਮੈਂ ਤਾਂ ਮਾਪਿਆਂ ਦਾ ਕਹਿਣਾ ਮੰਨ ਕੇ ਜਰਨੈਲ ਨਾਲ ਵਿਆਹ ਕਰਵਾਉਣ ਲਈ ਹਾਂ ਕੀਤੀ ਸੀ ਅਤੇ ਤੁਹਾਨੂੰ ਇਕੱਲਾ ਛੱਡ ਦਿੱਤਾ ਸੀ, ਜਿਸ ਦੀ ਸਜ਼ਾ ਮੈਨੂੰ ਮਿਲੀ। ਹੁਣ ਮੈਂ ਤੁਹਾਨੂੰ ਆਪਣੀ ਸਾਰੀ ਹੱਡਬੀਤੀ ਸੁਣਾ ਦਿੱਤੀ ਤੇ ਤੁਸੀਂ ਮੈਨੂੰ ਦਾਗੀ ਨੂੰ ਵੀ ਕਬੂਲ ਕਰ ਲੈਣ ਬਾਰੇ ਸੋਚਿਆ ਹੈ। ਮੈਂ ਇਤਨੀ ਵੀ ਅਕ੍ਰਿਤਘਣ ਨਹੀਂ ਹਾਂ। ਤੁਸੀਂ ਮੈਨੂੰ ਮੁਆਫ ਕਰ ਦਿੱਤਾ ਹੈ ਅਤੇ ਮੈਨੂੰ ਅਗਲੇਰੇ ਜੀਵਨ ਵਿਚ ਸਾਥੀ ਕਬੂਲਣ ਲਈ ਤਿਆਰ ਹੋਏ ਹੋ। ਮੈਂ ਆਪਣੇ ਮਾਪਿਆਂ ਤੋਂ ਕੁਝ ਵੀ ਨਹੀਂ ਪੁੱਛਣਾ ਹੈ ਅਤੇ ਆਪਣੀ ਮਰਜ਼ੀ ਕਰਨੀ ਹੈ। ਜੇ ਚਾਹਾਂ ਤਾਂ ਅੱਜ ਵੀ ਤੇਰੇ ਨਾਲ ਤੇਰੇ ਘਰ ਤੇਰੀ ਦੁਲਹਨ ਬਣ ਕੇ ਜਾ ਸਕਦੀ ਹਾਂ। ਮੈਨੂੰ ਇਹ ਵੀ ਪਤਾ ਹੈ ਕਿ ਕੁਝ ਕਾਨੂੰਨੀ ਅੜਚਨਾਂ ਹਨ, ਜਿਸ ਕਰਕੇ ਇਹ ਕਦਮ ਅਸੀਂ ਨਹੀਂ ਚੁੱਕ ਸਕਦੇ।

ਸਿੱਪੀ ਨੇ ਕਿਹਾ ਕਿ ਭਾਵੇਂ ਮੈਂ ਤੇਰੇ ਲਈ ਹਰ ਮੁਸੀਬਤ ਝੱਲਣ ਲਈ ਤਿਆਰ ਹਾਂ। ਪ੍ਰੰਤੂ ਮੈਂ ਤੇਰੇ ਮਾਪਿਆਂ ਤੋਂ ਹੀ ਤੇਰਾ ਹੱਥ ਮੰਗਾਂਗਾ। ਬਾਕੀ ਕਾਰਵਾਈ ਵੀ ਹੌਲੀ-ਹੌਲੀ ਪੂਰੀ ਕਰ ਲਈ ਜਾਵੇਗੀ। ਜਰਨੈਲ ਨਾਲ ਤਲਾਕ ਲੈ ਲਿਆ ਜਾਵੇਗਾ। ਮਲਕੀਤ ਨੂੰ ਵੀ ਸਜ਼ਾ ਦਿੱਤੀ ਜਾਵੇਗੀ। ਉਦੋਂ ਤੱਕ ਤੇਰਾ ਨਤੀਜਾ ਵੀ ਆ ਜਾਵੇਗਾ। ਇਨ੍ਹਾਂ ਗੱਲਾਂ ਵਿਚ ਨਿੰਮੋ ਦਾ ਪਿੰਡ ਆ ਗਿਆ ਘਰੇ ਪੁਜੇ । ਮੋਹਨ ਸਿੰਘ ਅਤੇ ਸ਼ੀਲਾ ਉਡੀਕ ਕਰ ਰਹੇ ਸਨ। ਸਾਰਿਆਂ ਨੇ ਮਿਲ ਕੇ ਖਾਣਾ ਖਾਧਾ। ਅਗਲੇਰੀ ਜ਼ਿੰਦਗੀ ਇਕੱਠਿਆਂ ਬਿਤਾਉਣ ਬਾਰੇ ਹਾਲੇ ਉਨ੍ਹਾਂ ਨਿੰਮੋ ਦੇ ਮਾਪਿਆਂ ਨਾਲ ਕੋਈ ਗੱਲ ਨਾ ਛੇੜੀ। ਭਾਵੇਂ ਦੋਵੇਂ ਆਪੋ ਵਿਚ ਤਿਆਰ ਸਨ।

ਰਾਤ ਰੁੱਕ ਕੇ ਸਿੱਪੀ ਆਪਣੇ ਪਿੰਡ ਚਲਾ ਗਿਆ। ਘਰ ਜਾ ਕੇ ਜਦੋਂ ਸਿੱਪੀ ਦੇ ਮਾਪਿਆਂ ਨੇ ਫੇਰ ਵਿਆਹ ਬਾਰੇ ਪੁੱਛਿਆ, ਤਾਂ ਸਿੱਪੀ ਨੇ ਦੱਸ ਦਿੱਤਾ ਕਿ ਉਹ ਆਪਣੇ ਲਈ ਲੜਕੀ ਵੇਖ ਆਇਆ ਹੈ। ਛੇਤੀ ਹੀ ਤੁਹਾਨੂੰ ਉਸ ਦੇ ਮਾਪਿਆਂ ਨਾਲ ਮਿਲਾਇਆ ਜਾਵੇਗਾ। ਜੇ ਕਰ ਤੁਹਾਡੇ ਲੜਕੀ ਪਸੰਦ ਹੋਵੇਗੀ, ਤਾਂ ਹੀ ਮੈਂ ਵਿਆਹ ਲਈ ਤਿਆਰ ਹੋਵਾਂਗਾ। ਸਿੱਪੀ ਦੀ ਮੰਮੀ ਨੇ ਕਿਹਾ ਕਿ ਪੁੱਤਰ ਤੇਰੀ ਪਸੰਦ ਹੀ ਸਾਡੀ ਪਸੰਦ ਹੋਵੇਗੀ। ਸਾਨੂੰ ਪਤਾ ਹੈ ਸਾਡੇ ਪੁੱਤਰ ਦਾ ਫੈਸਲਾ ਗਲਤ ਨਹੀਂ ਹੋ ਸਕਦਾ। ਸਾਨੂੰ ਤਾਂ ਛੇਤੀ ਵਿਆਹ ਦੀ ਕਾਹਲੀ ਲੱਗੀ ਹੋਈ ਹੈ ਕਿ ਘਰ ਵਿਚ ਰੌਣਕ ਹੋ ਜਾਵੇ ।

ਕੁਝ ਦਿਨ ਪਿੱਛੋਂ ਨਿੰਮੋ ਦਾ ਨਤੀਜਾ ਆ ਗਿਆ, ਉਸ ਦਾ ਨਾਂ ਸਾਰੇ ਕਾਮਯਾਬ ਬੱਚਿਆਂ ਦੀ ਸੂਚੀ ਵਿਚ ਪਹਿਲੇ ਦੱਸ ਵਿਦਿਆਰਥੀਆਂ ਵਿਚ ਸੀ। ਮੋਹਨ ਸਿੰਘ ਅਤੇ ਸ਼ੀਲਾ ਤਾਂ ਬਹੁਤ ਹੀ ਖੁਸ਼ ਹੋਏ। ਮੋਹਨ ਸਿੰਘ ਨੇ ਅਗਲੇ ਦਿਨ ਬੈਂਕ ਅੰਦਰ ਮਿਠਾਈ ਵੰਡ ਕੇ ਆਪਣੀ ਖੁਸ਼ੀ ਸਾਰੇ ਸਟਾਫ ਨਾਲ ਸਾਂਝੀ ਕੀਤੀ। ਪਿੰਡ ਵਿਚੋਂ ਵੀ ਉਨ੍ਹਾਂ ਨੂੰ ਵਧਾਈਆਂ ਮਿਲੀਆਂ। ਉਨ੍ਹਾਂ ਸਭ ਦਾ ਮੂੰਹ ਮਿੱਠਾ ਕਰਵਾਇਆ। ਕੁਝ ਸਮਾਂ ਸਿਖਲਾਈ ਪ੍ਰਾਪਤ ਕਰ ਨਿੰਮੋ ਨੂੰ ਡਿਪਟੀ ਕਮਿਸ਼ਨਰ ਲਗਾ ਦਿੱਤਾ। ਸਿੱਪੀ ਨੂੰ ਨਾਲ ਲਿਜਾ ਕੇ ਉਸ ਨੇ ਹਾਜ਼ਰੀ ਦਿੱਤੀ। ਅਗਲੇਰੇ ਦਿਨਾਂ ਦੇ ਅੰਦਰ ਸਿੱਪੀ ਨੇ ਆਪਣੇ ਮਾਪਿਆਂ ਨੂੰ ਨਿੰਮੋ ਦੇ ਮਾਪਿਆਂ ਕੋਲ ਭੇਜਿਆ, ਤਾਂ ਜੋ ਆਪੋ ਵਿਚ ਗੱਲਾਂ ਬਾਤਾਂ ਕੇ ਵਿਆਹ ਦੀ ਤਾਰੀਕ ਬੰਨ ਲੈਣ। ਨਿੰਮੋ ਨੇ ਜਰਨੈਲ ਨਾਲ ਤਲਾਕ ਤਾਂ ਸਿੱਪੀ ਨੇ ਆਪਣਾ ਅਸਰ ਰਸੂਖ ਵਰਤ ਲੈ ਲਿਆ ਸੀ। ਉਦੋਂ ਹੀ ਉਸ ਨੂੰ ਇਹ ਵੀ ਪਤਾ ਲੱਗ ਗਿਆ ਸੀ ਮਲਕੀਤ ਦੀ ਮੌਤ ਜ਼ਿਆਦਾ ਨਸ਼ਾ ਲੈਣ ਕਾਰਨ ਹੋ ਚੁੱਕੀ ਸੀ। ਮਹਿਕ ਆਪਣੇ ਪੇਕਿਆਂ ਘਰੇ ਬੈਠੀ ਸੀ। ਉਸ ਕੋਲ ਬੱਚਾ ਵੀ ਕੋਈ ਨਹੀਂ ਸੀ। ਮਹਿਕ ਦਾ ਪਿਤਾ ਇਕ ਦੁਰਘਟਨਾ ਪਿੱਛੋਂ ਥੋੜੀ ਦੇਰ ਹਸਪਤਾਲ ਵਿਚ ਹੀ ਦਮ ਤੋੜ ਗਿਆ ਸੀ। ਉਸ ਦੀ ਮਾਂ ਨੂੰ ਉਸ ਦੁਰਘਟਨਾ ਵਿਚ ਸਿਰ ਵਿਚ ਅਜਿਹੀ ਸੱਟ ਲੱਗੀ ਸੀ ਕਿ ਉਹ ਬੋਲਣ ਤੋਂ ਵੀ ਅਸਮਰਥ ਸੀ।


ਨਿੰਮੋ ਤੇ ਸਿਪੀ ਦੇ ਮਾਪਿਆਂ ਨੇ ਮਿਲ ਕੇ ਆਉਂਦੇ ਐਤਵਾਰ ਨੂੰ ਗੁਰਦੁਆਰੇ ਵਿਚ ਦੋਹਾਂ ਦਾ ਅਨੰਦ ਕਾਰਜ ਕਰਵਾ ਦਿੱਤਾ। ਉਹ ਵਿਆਹ ਤੋਂ ਬਾਅਦ ਕੁਝ ਸਮਾਂ ਪਹਾੜਾਂ 'ਤੇ ਬਿਤਾਉਣ ਲਈ ਚਲੇ ਗਏ।

ਮਨਜਿੰਦਰ ਸਿੰਘ ਸਰੌਦ
94634-63136
ਪੰਜਾਬ ਮੇਲUSA



# ਰਾਵੀ . . .

## (ਕਹਾਣੀ)



ਸਤਿੰਦਰ ਦੀਆਂ ਆਦਤਾਂ ਨਿੱਤ ਦਿਨ ਕਰੂਪ ਚਿਹਰਾ ਅਖਤਿਆਰ ਕਰਦੀਆਂ ਗਈਆਂ। ਸ਼ਰਾਬ ਤੇ ਸ਼ਬਾਬ ਤੋਂ ਲੈ ਕੇ ਕੋਈ ਅਜਿਹਾ ਨਸ਼ਾ ਨਹੀਂ ਸੀ, ਜਿਸ ਨੂੰ ਉਸ ਨੇ ਕੀਤਾ ਨਾ ਹੋਵੇ। ਰਾਵੀ ਨੇ ਸ਼ੁਰੂ-ਸ਼ੁਰੂ ਵਿਚ ਟੋਕਣ ਦੀ ਕੋਸ਼ਿਸ਼ ਕੀਤੀ ਪਰ ਸਭ ਬੇਅਰਥ। ਰਾਵੀ ਦੇ ਵਿਆਹ ਹੋਏ ਨੂੰ ਤਿੰਨ ਕੁ ਸਾਲ ਦਾ ਸਮਾਂ ਬੀਤ ਚੁੱਕਿਆ ਸੀ ਪਰ ਉਸ ਦੀ ਕੁੱਖ ਅਜੇ ਤੱਕ ਹਰੀ ਨਹੀਂ ਸੀ ਹੋਈ। ਇੱਕ ਦਿਨ ਰਾਤ ਨੂੰ ਸਤਿੰਦਰ ਜਦ ਸ਼ਰਾਬ ਨਾਲ ਧੁੱਤ ਹੋ ਕੇ ਘਰ ਪਰਤਿਆ, ਤਾਂ ਰਾਵੀ ਦੇ ਮੂੰਹੋਂ ਸਹਿਜ ਸੁਭਾ ਨਿਕਲ ਗਿਆ ਕਿ ਸਤਿੰਦਰ ਆਖਰ ਇਹ ਕਦੋਂ ਤੱਕ ਚੱਲੇਗਾ, ਇੰਨਾ ਕਹਿਣ ਦੀ ਦੇਰ ਸੀ ਕਿ ਤਾੜ ਕਰਦਾ ਥੱਪੜ ਉਸ ਦੇ ਮੂੰਹ 'ਤੇ ਹਥੌੜੇ ਵਾਂਗ ਵੱਜਿਆ, ਫਿਰ ਦੂਜਾ, ਤੀਜਾ ਤੇ ਚੌਥਾ। ਉਹ ਸਾਰੀ ਰਾਤ ਸੌਂ ਨਾ ਸਕੀ, ਹਉਕੇ ਤੇ ਸਿਸਕੀਆਂ ਭਰਦੀ ਨੇ ਰਾਤ ਗੁਜ਼ਾਰ ਦਿੱਤੀ, ਉਹ ਪਹਿਲੀ ਵਾਰ ਇਨ੍ਹਾਂ ਰੋਈ ਸੀ। ਉਸ ਨੇ ਤਾਂ ਸਦਾ ਨੱਚਣ, ਕੁੱਦਣ ਅਤੇ ਹੱਸਣ ਖੇਡਣ ਵਾਲੀ ਜ਼ਿੰਦਗੀ ਨੂੰ ਰੱਜ ਕੇ ਮਾਣਿਆ ਸੀ। ਮਾਪੇ ਗ਼ਰੀਬ ਜ਼ਰੂਰ ਸਨ ਪਰ ਉਨ੍ਹਾਂ ਨੇ ਇਕਲੌਤੀ ਧੀ ਨੂੰ ਕਦੇ ਵੀ ਨਿਰਾਸ਼ ਨਹੀਂ ਸੀ ਹੋਣ ਦਿੱਤਾ।

ਰਾਵੀ ਅੱਜ ਬੇਹੱਦ ਉਦਾਸ ਸੀ। ਉਸ ਦੀਆਂ ਅੱਖਾਂ ਦੇ ਵਿਚੋਂ ਅੱਥਰੂ ਸੁਪਨੇ ਬਣ-ਬਣ ਕੇ ਕਿਰ ਰਹੇ ਸਨ ਤੇ ਅੱਖਾਂ ਦੇ ਕੋਏ ਕਿਸੇ ਡੂੰਘੀ ਖਾਈ ਅੰਦਰ ਅਲੋਪ ਹੋ ਚੁੱਕੀ ਰੂਹ ਦੀ ਹਾਲਤ ਬਿਆਨ ਕਰਦੇ ਸਨ। ਘੰਟਿਆਂਬੱਧੀ ਉਸ ਨੇ ਆਪਣਾ ਸਿਰ ਦੋਵਾਂ ਹੱਥਾਂ ਵਿਚ ਫੜ ਨੀਵੀਂ ਪਾ, ਬੀਤੇ ਸਮੇਂ ਨੂੰ ਹੰਝੂਆਂ ਰਾਹੀਂ ਆਪਣੇ ਜ਼ਿਹਨ ਤੋਂ ਉਤਾਰਨ ਦਾ ਯਤਨ ਕੀਤਾ, ਤਾਂ ਕਿ ਉਹ ਆਪਣੇ ਡਰਾਉਣੇ ਅਤੀਤ ਤੋਂ ਮੁਕਤੀ ਪਾ ਸਕੇ। ਉਸ ਨੂੰ ਆਪਣੇ ਬਾਪ ਦੇ ਆਖੇ ਬੋਲ ਬਾਰ-ਬਾਰ ਯਾਦ ਆਉਂਦੇ ਸਨ ਕਿ ਧੀਏ ਹੋ ਸਕਦੈ ਜੋ ਤੈਨੂੰ ਅੱਜ ਚੰਗਾ ਲੱਗ ਰਿਹੈ, ਉਹ ਅਸਲ ਸੱਚ ਤੇ ਸਹੀ ਨਾ ਹੋਵੇ ਪਰ ਯਾਦ ਰੱਖੀ ਇੱਕ ਦਿਨ ਤੈਨੂੰ ਮੇਰੇ ਇਨ੍ਹਾਂ ਬੋਲਾਂ ਦੀ ਅਸਲ ਸੱਚਾਈ ਸਮਝ ਜ਼ਰੂਰ ਆਵੇਗੀ। ਰਾਵੀ ਕੋਸ ਰਹੀ ਸੀ ਉਸ ਭੈੜੇ ਸਮੇਂ ਨੂੰ ਕਿ ਕਿਵੇਂ ਉਸ ਨੇ ਆਪਣੇ ਪਿਓ ਦੀ ਆਵਾਜ਼ ਨੂੰ ਪੈਰ ਦੀ ਜੁੱਤੀ ਨਾਲ ਮਸਲ ਦਿੱਤਾ ਅਤੇ ਮਰਜ਼ੀ ਨਾਲ ਖੁੱਲ੍ਹੀਆਂ ਫ਼ਿਜ਼ਾਵਾਂ ਵਿਚ ਆਜ਼ਾਦੀ ਮਾਨਣ ਦੇ ਨਾਂ 'ਤੇ ਆਪਣੀ ਪਸੰਦ ਦੇ ਮੁੰਡੇ ਸਤਿੰਦਰ ਨਾਲ ਵਿਆਹ ਕਰਵਾ ਲਿਆ। ਉਸ ਦਿਨ ਤੋਂ ਰਾਵੀ ਦੀ ਕਿਸਮਤ ਨੇ ਵੱਡੀ ਪਲਟੀ ਖਾਧੀ। ਸਤਿੰਦਰ ਚਾਂਦੀ ਦਾ ਚਮਚਾ ਮੂੰਹ ਵਿਚ ਲੈ ਕੇ ਪੈਦਾ ਹੋਏ ਇਨਸਾਨਾਂ ਵਿਚੋਂ ਸੀ। ਉਸ ਨੂੰ ਇੱਕ ਗ਼ਰੀਬ ਪਰਿਵਾਰ ਦੀਆਂ ਮਜਬੂਰੀਆਂ ਦਾ ਕੀ ਪਤਾ। ਸਵੇਰ ਤੋਂ ਸ਼ਾਮ ਤੱਕ ਗੱਡੀਆਂ ਵਿਚ ਸਫਰ, ਏਅਰ ਕੰਡੀਸ਼ਨ ਕਮਰਿਆਂ ਵਿਚ ਬੈਠ ਜ਼ਿੰਦਗੀ ਦੇ ਹਸੀਨ ਪਲਾਂ ਨੂੰ ਮਾਨਣਾ ਹੀ ਉਸ ਦੀ ਅਸਲ ਜ਼ਿੰਦਗੀ ਸੀ। ਪਿਓ ਨੇ ਮੇਵਿਆਂ ਨਾਲ ਪਾਲੇ ਪੁੱਤ ਨੂੰ ਕਦੇ ਤੱਤੀ ਵਾਅ ਦੇ ਬੁੱਲੇ ਦਾ ਸਾਹਮਣਾ ਨਹੀਂ ਸੀ ਕਰਨ ਦਿੱਤਾ। ਮਾੜੇ ਕੰਮਾਂ ਤੋਂ ਵਰਜਣਾਂ ਤਾਂ ਦੂਰ ਦੀ ਗੱਲ, ਪੁੱਛਣਾ ਵੀ ਮੁਨਾਸਬ ਨਾ ਸਮਝਣਾ।

ਸਤਿੰਦਰ ਦੀਆਂ ਆਦਤਾਂ ਨਿੱਤ ਦਿਨ ਕਰੂਪ ਚਿਹਰਾ ਅਖਤਿਆਰ ਕਰਦੀਆਂ ਗਈਆਂ। ਸ਼ਰਾਬ ਤੇ ਸ਼ਬਾਬ ਤੋਂ ਲੈ ਕੇ ਕੋਈ ਅਜਿਹਾ ਨਸ਼ਾ ਨਹੀਂ ਸੀ, ਜਿਸ ਨੂੰ ਉਸ ਨੇ ਕੀਤਾ ਨਾ ਹੋਵੇ। ਰਾਵੀ ਨੇ ਸ਼ੁਰੂ-ਸ਼ੁਰੂ ਵਿਚ ਟੋਕਣ ਦੀ ਕੋਸ਼ਿਸ਼ ਕੀਤੀ ਪਰ ਸਭ ਬੇਅਰਥ। ਰਾਵੀ ਦੇ ਵਿਆਹ ਹੋਏ ਨੂੰ ਤਿੰਨ ਕੁ ਸਾਲ ਦਾ ਸਮਾਂ ਬੀਤ ਚੁੱਕਿਆ ਸੀ ਪਰ ਉਸ ਦੀ ਕੁੱਖ ਅਜੇ ਤੱਕ ਹਰੀ ਨਹੀਂ ਸੀ ਹੋਈ। ਇੱਕ ਦਿਨ ਰਾਤ ਨੂੰ ਸਤਿੰਦਰ ਜਦ ਸ਼ਰਾਬ ਨਾਲ ਧੁੱਤ ਹੋ ਕੇ ਘਰ ਪਰਤਿਆ, ਤਾਂ ਰਾਵੀ ਦੇ ਮੂੰਹੋਂ ਸਹਿਜ ਸੁਭਾ ਨਿਕਲ ਗਿਆ ਕਿ ਸਤਿੰਦਰ ਆਖਰ ਇਹ ਕਦੋਂ ਤੱਕ ਚੱਲੇਗਾ, ਇੰਨਾ ਕਹਿਣ ਦੀ ਦੇਰ ਸੀ ਕਿ ਤਾੜ ਕਰਦਾ ਥੱਪੜ ਉਸ ਦੇ ਮੂੰਹ 'ਤੇ ਹਥੌੜੇ ਵਾਂਗ ਵੱਜਿਆ, ਫਿਰ ਦੂਜਾ, ਤੀਜਾ ਤੇ ਚੌਥਾ। ਉਹ ਸਾਰੀ ਰਾਤ ਸੌਂ ਨਾ ਸਕੀ, ਹਉਕੇ ਤੇ ਸਿਸਕੀਆਂ ਭਰਦੀ ਨੇ ਰਾਤ ਗੁਜ਼ਾਰ ਦਿੱਤੀ, ਉਹ ਪਹਿਲੀ ਵਾਰ ਇਨ੍ਹਾਂ ਰੋਈ ਸੀ। ਉਸ ਨੇ ਤਾਂ ਸਦਾ ਨੱਚਣ, ਕੁੱਦਣ ਅਤੇ ਹੱਸਣ ਖੇਡਣ ਵਾਲੀ ਜ਼ਿੰਦਗੀ ਨੂੰ ਰੱਜ ਕੇ ਮਾਣਿਆ ਸੀ। ਮਾਪੇ ਗ਼ਰੀਬ ਜ਼ਰੂਰ ਸਨ ਪਰ ਉਨ੍ਹਾਂ ਨੇ ਇਕਲੌਤੀ ਧੀ ਨੂੰ ਕਦੇ ਵੀ ਨਿਰਾਸ਼ ਨਹੀਂ ਸੀ ਹੋਣ ਦਿੱਤਾ। ਪੂਰੇ ਤੇਈ ਵਰ੍ਹੇ ਰਾਵੀ ਦੇ ਮਾਂ ਪਿਓ ਨੇ ਉਸ ਨੂੰ ਇੱਕ ਪੁੱਤਰ ਦੀ ਤਰ੍ਹਾਂ ਪਾਲਿਆ ਅਤੇ ਰਾਵੀ ਨੇ ਵੀ ਉਨ੍ਹਾਂ ਦੀ ਪੈੜ ਦੇ ਵਿਚ ਪੈੜ ਧਰਦਿਆਂ ਖੁਸ਼ੀ ਨਾਲ ਰੱਜ ਕੇ ਸੱਧਰਾਂ ਨੂੰ ਮਾਣਿਆ। ਪਤਾ ਹੀ ਨਹੀਂ ਲੱਗਿਆ ਉਸ ਨੇ ਕਦ ਬੀ.ਏ., ਐੱਮ.ਏ. ਕਰ ਇੱਕ ਪ੍ਰਾਈਵੇਟ ਕਾਲਜ ਵਿਚ ਟੀਚਰ ਲਈ ਅਪਲਾਈ ਕਰ ਦਿੱਤਾ। ਦਿਨਾਂ ਵਿਚ ਹੀ ਉਸ ਦੀ ਚੋਣ ਹੋ ਗਈ ਤੇ ਫਿਰ ਇੱਕ ਦਿਨ ਉੱਥੇ ਹੀ ਉਸੇ ਕਾਲਜ ਦੇ ਮਾਲਕ ਦੇ ਮੁੰਡੇ ਨਾਲ ਉਸ ਨੇ ਆਪਣੀ ਗ੍ਰਿਹਸਥੀ ਜ਼ਿੰਦਗੀ ਦਾ ਸਫਰ ਸ਼ੁਰੂ ਕਰਨ ਦਾ ਵੱਡਾ ਫੈਸਲਾ ਮਾਪਿਆਂ ਦੀ ਆਸ ਦੇ ਉਲਟ ਕਰ ਲਿਆ।

ਸ਼ੁਰੂ ਵਿਚ ਕਾਫ਼ੀ ਕੁਝ ਠੀਕ ਰਿਹਾ ਪਰ ਹੌਲੀ-ਹੌਲੀ ਸਮੇਂ ਨੇ ਆਪਣੇ ਪੰਖ ਖਿਲਾਰਨੇ ਸ਼ੁਰੂ ਕਰ ਦਿੱਤੇ ਤੇ ਅੱਜ ਸਤਿੰਦਰ ਇਕ ਵੱਡੇ ਐਬੀ ਦੇ ਰੂਪ ਵਿਚ ਰਾਵੀ ਲਈ ਆਉਣ ਵਾਲਾ ਮਾੜਾ ਭਵਿੱਖ ਬਣ ਕੇ ਸਾਹਮਣੇ ਖੜ੍ਹਾ ਸੀ। ਸਤਿੰਦਰ ਦੇ ਮਾਂ ਪਿਓ ਤਾਂ ਜਿਵੇਂ ਉਨ੍ਹਾਂ ਤੋਂ ਪਾਸਾ ਵੱਟ ਕੇ ਆਪਣੀ ਜ਼ਿੰਦਗੀ ਦੀ ਗੱਡੀ ਨੂੰ ਰੇੜ੍ਹ ਰਹੇ ਸਨ। ਰੋਜ਼ ਦੀ ਟੋਕਾ-ਟਾਕੀ ਤੇ ਨੋਕ-ਝੋਕ ਤੋਂ ਸਥਿਤੀ ਪਨਪਦੀ-ਪਨਪਦੀ ਤਲਾਕ ਤੱਕ ਜਾ ਪਹੁੰਚੀ। ਉਦੋਂ ਤੱਕ ਰਾਵੀ ਦਾ ਪਿਓ ਧੀ ਦੇ ਵਿਰਾਗ ਵਿਚ ਇਸ ਸੰਸਾਰ ਤੋਂ ਜਾ ਚੁੱਕਿਆ ਸੀ। ਹੁਣ ਜਿਵੇਂ ਰਾਵੀ ਨੇ ਗਮਾਂ ਨਾਲ ਡੂੰਘੀ ਸਾਂਝ ਪਾ ਲਈ ਹੋਵੇ, ਸਾਰਾ-ਸਾਰਾ ਦਿਨ ਮਾਂ ਦੀ ਬੁੱਕਲ ਵਿਚ ਸਿਰ ਰੱਖ ਕੇ ਪਿਓ ਨੂੰ ਯਾਦ ਕਰੀ ਜਾਣਾ ਰਾਵੀ ਦੀ ਆਦਤ ਬਣ ਚੁੱਕਿਆ ਸੀ। ਸਮਾਂ ਆਪਣੀ ਚਾਲੇ ਚੱਲਦਾ ਰਿਹਾ, ਇਹ ਕਿਸੇ ਦੇ ਰੋਕਿਆਂ ਨਹੀਂ ਰੁਕਦਾ। ਫਿਰ ਇੱਕ ਦਿਨ ਐਸਾ ਵੀ ਆਇਆ, ਜਦੋਂ ਉਸ ਨੂੰ ਸਤਿੰਦਰ ਦੀ ਮੌਤ ਦੀ ਖਬਰ ਮਿਲੀ ਤੇ ਉਸ ਦੀ ਅੱਖ ਵਿਚੋਂ ਹਿੰਝ ਤੱਕ ਨਾ ਡਿੱਗੀ, ਜਿਵੇਂ ਉਹ ਪੱਥਰ ਹੋ ਗਈ ਹੋਵੇ, ਸ਼ਾਇਦ ਉਸ ਨੂੰ ਪਤਾ ਸੀ ਕਿ ਇਹ ਹੋ ਕੇ ਰਹਿਣਾ ਹੈ। ਅਕਸਰ ਆਖਿਆ ਜਾਂਦੈ ਕਿ ਲੰਬੇ ਹਨੇਰੇ ਤੋਂ ਬਾਅਦ ਚਾਨਣ ਆਪਣੇ ਪੈਰ ਜ਼ਰੂਰ ਪਸਾਰਦਾ ਹੈ। ਰਾਵੀ ਦੀ ਦੂਰ ਦੀ ਮਾਸੀ ਦਾ ਪਰਿਵਾਰ ਕਾਫੀ ਚਿਰ ਤੋਂ ਵਿਦੇਸ਼ ਵਿਚ ਰਹਿੰਦਾ ਸੀ, ਉਹ ਦੇਰ ਬਾਅਦ ਮਿਲਣ ਆਏ, ਤਾਂ ਉਨ੍ਹਾਂ ਤੋਂ ਘਰ ਦੀ ਹਾਲਤ ਵੇਖੀ ਨਾ ਗਈ। ਉਨ੍ਹਾਂ ਨੇ ਲੰਬੀ ਜੱਦੋ-ਜਹਿਦ ਤੋਂ ਬਾਅਦ ਰਾਵੀ ਨੂੰ ਆਪਣੇ ਨਾਲ ਵਿਦੇਸ਼ ਜਾਣ ਲਈ ਮਨਾ ਲਿਆ ਤੇ ਉਸ ਦੀ ਮਾਂ ਨੂੰ ਸ਼ਹਿਰ ਰਹਿੰਦੇ ਆਪਣੇ ਬਾਕੀ ਪਰਿਵਾਰ ਕੋਲ ਛੱਡ ਦਿੱਤਾ। ਪੜ੍ਹਨ ਵਿਚ ਤੇਜ਼ ਰਾਵੀ ਥੋੜ੍ਹੇ ਸਮੇਂ ਦੇ ਸੰਘਰਸ਼ ਤੋਂ ਬਾਅਦ ਵਿਦੇਸ਼ੀ ਧਰਤੀ 'ਤੇ ਜਾ ਪਹੁੰਚੀ। ਮਾਂ ਤੋਂ ਦੂਰ ਜਾਣ ਦਾ ਹੇਰਵਾ ਉਸ ਦੇ ਦਿਲ ਦੀ ਸਰਦਲ ਨੂੰ ਜ਼ਰੂਰ ਮੱਲ੍ਹੀ ਬੈਠਾ ਸੀ। ਅੱਜ ਹੋਰ ਤੇ ਕੱਲ੍ਹ ਹੋਰ, ਰਾਵੀ ਨੇ ਹਰ ਕੰਮ ਨੂੰ ਰੂਹ ਨਾਲ ਕੀਤਾ, ਚੰਗੇ ਪੈਸੇ ਮਿਲ ਜਾਂਦੇ ਸਨ ਤੇ ਮਨ ਉਚਾਟ ਨਾ ਹੁੰਦਾ।

ਲੱਗਦਾ ਸੀ ਰਾਵੀ ਦੀ ਜ਼ਿੰਦਗੀ ਵਿਚ ਖੁਸ਼ੀ ਨੇ ਦੁਬਾਰਾ ਆ ਦਸਤਕ ਦਿੱਤੀ ਸੀ। ਰਿਸ਼ਤੇਦਾਰਾਂ ਨੇ ਛੇਤੀ ਹੀ ਪੇਪਰ ਤੇ ਪੈਸਾ ਭਰ ਕੇ ਉਸ ਨੂੰ ਇੱਥੋਂ ਹੀ ਸੈੱਟ ਕਰਨ ਦਾ ਮਨ ਬਣਾ ਲਿਆ। ਵਰ੍ਹੇ ਦਿਨਾਂ ਵਾਂਗ ਲੰਘੇ ਸਨ, ਸੂਰਜ ਚੜ੍ਹ ਕੇ ਛਿਪਦਾ ਰਿਹਾ, ਰਾਵੀ ਕਿੰਨਾ-ਕਿੰਨਾ ਚਿਰ ਮਾਂ ਨਾਲ ਫੋਨ 'ਤੇ ਦੁੱਖ-ਸੁੱਖ ਸਾਂਝਾ ਕਰਦੀ ਰਹਿੰਦੀ। ਮਾਂ ਵੀ ਖੁਸ਼ ਸੀ ਕਿ ਚਲੋ ਉਸ ਦੀ ਧੀ ਦੇ ਚਿਹਰੇ 'ਤੇ ਚਿਰਾਂ ਬਾਅਦ ਮੁਸਕਾਨ ਦੀ ਕਿਰਨ ਨੇ ਫੇਰਾ ਪਾਇਆ ਹੈ। ਹੁਣ ਇੱਕ ਵਾਰ ਫਿਰ ਰਾਵੀ ਦੇ ਹੱਥ ਪੀਲੇ ਕਰਨ ਦੀ ਗੱਲ ਚੱਲੀ, ਉਸ ਦੇ ਜੀਵਨ ਵਿਚ ਇਹ ਦੂਜਾ ਮੌਕਾ ਸੀ, ਉਹ ਬੜਾ ਸੋਚ ਸਮਝ ਕੇ ਪੈਰ ਪੁੱਟ ਰਹੀ ਸੀ। ਇਨ੍ਹਾਂ ਗੱਲਾਂਬਾਤਾਂ ਦੇ ਚੱਲਦਿਆਂ ਹੀ ਉਸ ਨੇ ਦੋ ਮਹੀਨੇ ਲਈ ਵਤਨੀਂ ਫੇਰਾ ਪਾਉਣ ਦੀ ਸੋਚੀ। ਵਤਨ ਦਾ ਨਾਮ ਸਾਹਮਣੇ ਆਉਂਦਿਆਂ ਹੀ ਉਸਨੂੰ ਝਰਨਾਹਟ ਮਹਿਸੂਸ ਹੋਣ ਲੱਗਦੀ, ਜਿਵੇਂ ਹੁਣ ਫਿਰ ਉਹ ਕਿਸੇ ਪਿੰਜਰੇ ਵਿਚ ਕੈਦ ਹੋਣ ਜਾ ਰਹੀ ਹੋਵੇ। ਜੱਕਾਂ-ਤੱਕਾਂ ਕਰਦਿਆਂ ਪਤਾ ਹੀ ਨਾ ਲੱਗਿਆ ਕਦੋਂ ਉਸ ਨੇ ਪੈਰ ਆਪਣੀ ਧਰਤੀ 'ਤੇ ਆ ਪਾਏ। ਰਿਸ਼ਤੇਦਾਰਾਂ ਨੂੰ ਪਹਿਲਾਂ ਤੋਂ ਆਖ ਦਿੱਤਾ ਸੀ, ਉਸ ਦੇ ਰਿਸ਼ਤੇ ਦੀ ਗੱਲ ਚੱਲੀ, ਤਾਂ ਇੱਕ ਦੂਰ ਦੇ ਸਨੇਹੀ ਨੇ ਰਾਵੀ ਲਈ ਮੁੰਡੇ ਦੀ ਦੱਸ ਪਾਈ। ਭਾਵੇਂ ਉਸ ਲਈ ਅਜੇ ਵੀ ਵਿਦੇਸ਼ ਵਿਚ ਹੋਣ ਕਾਰਨ ਮੁੰਡੇ ਵਾਲੇ ਲੱਖਾਂ ਰੁਪਏ ਚੁੱਕੀ ਫਿਰਦੇ ਸਨ। ਰਾਵੀ ਜਿਵੇਂ ਹੁਣ ਇਸ ਕਹਾਣੀ ਨੂੰ ਸਮਝੀ ਬੈਠੀ ਸੀ ਕਿ ਇਹ ਸਿਰਫ ਬਾਹਰਲੀ ਦੁਨੀਆਂ ਦੇ ਮੁਰੀਦ ਨੇ। ਦਿਨਾਂ ਵਿਚ ਹੀ ਉਸ ਦੀ ਜ਼ਿੰਦਗੀ ਦੇ ਹਮਸਫ਼ਰ ਦੀ ਚੋਣ ਹੋ ਗਈ, ਜੋ ਇੱਕ ਸਰਦੇ-ਪੁਜਦੇ ਘਰ ਦਾ ਸਾਊ ਮੁੰਡਾ ਸੀ। ਦੋ ਮਹੀਨੇ ਹਵਾ ਦੇ ਬੁੱਕੇ ਵਾਂਗ ਬੀਤ ਗਏ। ਰਾਵੀ ਦੀ ਵਿਆਹੁਤਾ ਜ਼ਿੰਦਗੀ ਨੇ ਅੰਗੜਾਈ ਭਰੀ। ਪਿਛਲੇ ਗਮਾਂ ਨੂੰ ਭੁੱਲਣ ਦਾ ਯਤਨ ਕੀਤਾ। ਨਵੀਆਂ ਖੁਸ਼ੀਆਂ ਉਸ ਦੇ ਵਿਹੜੇ ਦਾ ਸ਼ਿੰਗਾਰ ਬਣ-ਬਣ ਕੇ ਵਾਵਰੋਲਿਆਂ ਸੰਗ ਉੱਡਦੀਆਂ ਰਹੀਆਂ।

ਸਾਲ ਕੁ ਭਰ ਮਗਰੋਂ ਉਸ ਨੇ ਆਪਣੇ ਨਾਲ ਉਮਰ ਭਰ ਦਾ ਸਾਥ ਨਿਭਾਉਣ ਦਾ ਵਾਅਦਾ ਕਰਨ ਵਾਲੇ ਰਾਜਬੀਰ ਨੂੰ ਪੇਪਰ ਭਰ ਪੱਕੇ ਤੌਰ 'ਤੇ ਆਪਣੇ ਕੋਲ ਬੁਲਾ ਲਿਆ। ਰਾਵੀ ਦਾ ਮਾਂ ਨਾਲ ਰਾਬਤਾ ਲਗਾਤਾਰ ਬਣਿਆ ਰਹਿੰਦਾ ਸੀ। ਜਿਵੇਂ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਰਾਜਬੀਰ ਨੇ ਛੇ ਮਹੀਨਿਆਂ ਬਾਅਦ ਹੀ ਸਾਊਪੁਣੇ ਦਾ ਮੁਖੌਟਾ ਲਾਹ ਕੇ ਆਪਣੀ ਅਸਲੀ ਔਕਾਤ ਦੇ ਦਰਸ਼ਨ ਕਰਵਾਉਣੇ ਸ਼ੁਰੂ ਕਰ ਦਿੱਤੇ। ਉਸ ਨੇ ਗੱਲਾਂ-ਗੱਲਾਂ ਵਿਚ ਆਪਣੇ ਮਗਰਲੇ ਪਰਿਵਾਰ ਦੀ ਕਬੀਲਦਾਰੀ ਦੇ ਕਿੱਸਿਆਂ ਨੂੰ ਰਾਵੀ ਦੇ ਕੰਨਾਂ ਤੱਕ ਪੁੱਜਦਾ ਕਰ ਇੱਕ ਦਿਨ ਉਸ ਦੇ ਅੱਗੇ ਪੱਚੀ ਲੱਖ ਦੀ ਮੰਗ ਰੱਖ ਦਿੱਤੀ ਕਿ ਮੇਰੇ ਮਾਪਿਆਂ ਨੇ ਮੇਰੀ ਭੈਣ ਦਾ ਵਿਆਹ ਕਰਨੈ। ਰਾਵੀ ਨੇ ਬਥੇਰੇ ਵਾਸਤੇ ਪਾਏ ਕਿ ਉਸ ਨੇ ਪਹਿਲਾਂ ਹੀ ਉਨ੍ਹਾਂ ਦੇ ਵਿਆਹ 'ਤੇ ਆਏ ਸਾਰੇ ਖਰਚੇ ਨੂੰ ਚੁੱਕਿਆ ਹੈ, ਹੁਣ ਏਡੀ ਵੱਡੀ ਰਕਮ ਦਾ ਪ੍ਰਬੰਧ ਕਿੱਥੋਂ ਕਰਾਂ। ਮਹੀਨਾ ਭਰ ਉਨ੍ਹਾਂ ਵਿਚ ਤਕਰਾਰ ਹੁੰਦਾ ਰਿਹਾ। ਇਨ੍ਹਾਂ ਦਿਨਾਂ ਵਿਚ ਕਈ ਵਾਰ ਰਾਜਬੀਰ ਨੇ ਰਾਵੀ ਨੂੰ ਕੁੱਟਮਾਰ ਕਰਦਿਆਂ ਬਹੁਤ ਕੁੱਝ ਅਜਿਹਾ ਵੀ ਬੋਲ ਦਿੱਤਾ, ਜੋ ਉਸ ਦੇ ਬਰਦਾਸ਼ਤ ਤੋਂ ਬਾਹਰ ਸੀ। ਇਧਰ ਰਾਵੀ ਦੀ ਮਾਂ ਇਹ ਸਭ ਕੁਝ ਤੋਂ ਬੇਖ਼ਬਰ ਕਿਸੇ ਅਨੋਖੀ ਖੁਸ਼ੀ ਦੀ ਉਡੀਕ ਵਿਚ ਫੁੱਲੀ ਨਹੀਂ ਸੀ ਸਮਾਉਂਦੀ। ਇੱਕ ਦਿਨ ਸੂਰਜ ਦੇ ਛਿਪਾਅ ਨਾਲ ਰਾਜਬੀਰ ਇੱਕਦਮ ਘਰ ਪਰਤਿਆ। ਰਾਵੀ ਵੀ ਅਜੇ ਕੁਝ ਸਮਾਂ ਪਹਿਲਾਂ ਹੀ ਕੰਮ ਤੋਂ ਆਈ ਸੀ। ਉਸ ਨੇ ਆਉਂਦਿਆਂ ਹੀ ਇੱਕ ਕਾਗਜ਼ ਦਾ ਟੁਕੜਾ ਰਾਵੀ ਦੇ ਹੱਥ 'ਤੇ ਧਰ ਦਿੱਤਾ। ਇਹ ਟੁਕੜਾ ਮਹਿਜ਼ ਇਕ ਕਾਗਜ਼ ਨਹੀਂ ਸੀ, ਜਿਵੇਂ ਉਹ ਕੋਈ ਮਘਦਾ ਕੋਲਾ ਸੀ, ਕੋਈ ਤਿੱਖੀ ਛੁਰੀ ਸੀ, ਜੋ ਰਾਵੀ ਦੇ ਸੀਨੇ ਦੇ ਆਰ-ਪਾਰ ਹੋ ਗਈ ਸੀ। ਪਲ ਦੀ ਪਲ ਰਾਵੀ ਨੂੰ ਇੰਝ ਲੱਗਿਆ ਕਿ ਉਸ ਨੂੰ ਜਿਵੇਂ ਰਾਜਵੀਰ ਨੇ ਗਮਾਂ ਦੇ ਭਰੇ ਸਮੁੰਦਰ ਵਿਚ ਧੱਕ ਦਿੱਤਾ ਹੋਵੇ ਤੇ ਗਮ ਉਸ ਦੀ ਜਾਨ ਨੂੰ ਕੀੜਿਆਂ ਦੀ ਤਰ੍ਹਾਂ ਨੋਚ ਰਹੇ ਹੋਣ। ਉਹ ਤਿਲਮਿਲਾ ਉੱਠੀ ਸੀ, ਜਦ ਰਾਜਵੀਰ ਨੇ ਉਸ ਨੂੰ ਨਾਲ ਦੀ ਨਾਲ ਇਹ ਫ਼ੁਰਮਾਨ ਸੁਣਾ ਦਿੱਤਾ ਕਿ ਜਾਂ ਤਾਂ ਪੱਚੀ ਲੱਖ ਦਾ ਪ੍ਰਬੰਧ ਕਰ ਲੈ ਜਾਂ ਇਨ੍ਹਾਂ ਤਲਾਕ ਦੇ ਪੇਪਰਾਂ 'ਤੇ ਦਸਤਖ਼ਤ ਕਰਦੇ। ਮੈਨੂੰ ਪਿੰਡੋਂ ਮਾਂ ਦਾ ਸੁਨੇਹਾ ਆਇਐ ਕਿ ਲਾਗ ਦੇ ਪਿੰਡੋਂ ਕਿਸੇ ਕੁੜੀ ਨੇ ਵਿਆਹ ਕਰਵਾ ਕੇ ਇੱਧਰ ਆਉਣੈ ਤੇ ਉਹ ਤੀਹ ਲੱਖ ਦਿੰਦੇ ਨੇ।

ਰਾਵੀ ਲਈ ਸਮਾਂ ਜਿਵੇਂ ਰੁਕ ਗਿਆ ਸੀ। ਕੁਝ ਮਹੀਨਿਆਂ ਦੀ ਖੁਸ਼ੀ ਉਸ 'ਤੇ ਕੜਕਦੀ ਬਿਜਲੀ ਬਣ ਕੇ ਡਿੱਗੀ ਸੀ। ਰੱਬ ਨੂੰ ਕੋਸਦਿਆਂ ਉਸ ਨੇ ਅੱਖਾਂ ਵਿਚਲਾ ਨੀਰ ਨਦੀ ਦੇ ਪਾਣੀ ਵਾਂਗ ਵਹਾਇਆ। ਪਲ ਦੀ ਪਲ ਉਸਨੂੰ ਲੱਗਿਆ ਸ਼ਾਇਦ ਉਸ ਨੇ ਆਪਣੀ ਮਾਂ ਦੀ ਕੁੱਖ ਵਿਚੋਂ ਜਨਮ ਲੈ ਕੇ ਗੁਨਾਹ ਕੀਤਾ ਹੈ। ਹੁਣ ਉਸ ਨੂੰ ਇਸ ਦੁਨੀਆਂ 'ਤੇ ਰਹਿਣ ਦਾ ਕੋਈ ਹੱਕ ਨਹੀਂ, ਇਹ ਦੁਨੀਆਂ ਉਸ ਦੀ ਨਾ ਬਣ ਸਕੀ, ਉਹ ਹੁਣ ਬੋਝ ਸੀ ਇਸ ਧਰਤੀ 'ਤੇ। ਕਿੰਝ ਉਸ ਨੇ ਰਾਜਵੀਰ ਲਈ ਪ੍ਰਮਾਤਮਾ ਅੱਗੇ ਅਰਜੋਈ ਕਰ ਕੀ ਕੁਝ ਨਹੀਂ ਸੀ ਮੰਗਿਆ, ਉਹ ਤਾਂ ਉਸ ਦੇ ਰਹਿਮੋ-ਕਰਮ 'ਤੇ ਹੀ ਇੱਥੇ ਪਹੁੰਚਿਆ ਸੀ ਪਰ ਹੁਣ ਆਖਰ ਹੋ ਚੁੱਕੀ ਸੀ। ਰਾਵੀ ਨੇ ਸੋਚਿਆ ਕੇਸ ਕਰਦਿਆਂ ਜਾਂ ਪੁਲਿਸ ਨੂੰ ਬੁਲਾਵਾਂ, ਪਰ ਇਹ ਸਭ ਕੁਝ ਲਈ ਉਹ ਅੰਦਰੋਂ ਬੇਹੱਦ ਕਮਜ਼ੋਰ ਤੇ ਟੁੱਟ ਚੁੱਕੀ ਸੀ, ਉਸ ਦਾ ਹੌਸਲਾ ਨਾ ਪਿਆ। ਰਾਵੀ ਦੇ ਮਨ ਵਿਚ ਧੁਰ ਅੰਦਰ ਤੱਕ ਰਾਜਵੀਰ ਲਈ ਐਸੀ ਨਫ਼ਰਤ ਪੈਦਾ ਹੋਈ ਕਿ ਅੱਧੀ ਰਾਤ ਬੀਤਣ ਨੂੰ ਚੱਲੀ ਸੀ ਪਰ ਉਸ ਦੇ ਮਨ ਵਿਚ ਚੱਲ ਰਿਹਾ ਯੁੱਧ ਖ਼ਤਮ ਨਹੀਂ ਸੀ ਹੋ ਰਿਹਾ। ਅੰਤ ਉਸ ਨੇ ਹੌਸਲਾਂ ਕਰ ਮੇਜ਼ 'ਤੇ ਪਏ ਤਲਾਕ ਦੇ ਪੇਪਰਾਂ ਵੱਲ ਹੱਥ ਵਧਾਏ। ਉਸ ਦੇ ਸੀਨੇ ਅੰਦਰੋਂ ਇੱਕ ਚੀਸ ਉੱਠੀ ਤੇ ਗੁੱਸੇ ਦੇ ਜਵਾਰ ਭਾਟੇ ਨੇ ਦਸਤਕਾਂ ਰਾਹੀਂ ਆਪਣੇ ਮਨ ਦੇ ਵਲਵਲਿਆਂ ਨੂੰ ਉਜਾਗਰ ਕੀਤਾ ਕਿ ਹੁਣ ਮੈਂ ਤੇਰੀ ਬਣ ਕੇ ਲੈਣਾ ਵੀ ਕੀ ਹੈ, ਜਾਹ ਵੇ ਚੰਦਰਿਆ, ਤੈਨੂੰ ਕਿਸੇ ਜਨਮ ਢੋਈ ਨਾ ਮਿਲੇ ਕਹਿੰਦਿਆਂ ਸਾਰ ਉਸ ਦੀਆਂ ਅੱਖਾਂ ਵਿਚੋਂ ਗੁੱਸੇ ਅਤੇ ਰੋਸ ਦੇ ਅੱਥਰੂ ਤ੍ਰਿਪ-ਤ੍ਰਿਪ ਵਗਣ ਲੱਗੇ। ਇੰਨਾ ਆਖ ਉਸ ਨੇ ਗਲ ਪਾਈ ਚੁੰਨੀ ਨੂੰ ਸਿਰ 'ਤੇ ਲੈਂਦਿਆਂ ਇਕੱਲੇ ਹੀ ਆਪਣੇ ਵਰਗੀਆਂ ਹੋਰ ਦੁਖੀ ਲੜਕੀਆਂ ਅਤੇ ਦੀਨ ਦੁਖੀਆਂ ਦੀ ਸੇਵਾ ਲਈ ਸਿਦਕ ਅਤੇ ਸਿਰੜ ਨਾਲ ਜ਼ਿੰਦਗੀ ਜਿਉਣ ਦਾ ਰਸਤਾ ਚੁਣ ਲਿਆ। ਉਸਨੂੰ ਲੱਗਿਆ ਜਿਵੇਂ ਹੁਣ ਉਸ ਦੀ ਜ਼ਿੰਦਗੀ ਦੇ ਗੁਆਚੇ ਪਲ ਅਤੇ ਬਾਪੂ ਦੀਆਂ ਕਹੀਆਂ ਗੱਲਾਂ ਦੀ ਪਰਵਾਜ਼ ਇੰਨੀ ਲੰਬੀ ਹੋ ਗਈ ਹੋਵੇ ਕਿ ਉਨ੍ਹਾਂ ਦੀ ਉਡੀਕ ਕਰਨੀ ਮੁਸ਼ਕਿਲ ਸੀ।

# ਪਿਤਾ ਦਾ ਦੁਖੀ ਮਨ ਅਤੇ ਪੁੱਤਰਾਂ ਦਾ ਪੱਛਮੀ ਰੁਝਾਨ

## "ਇੱਕ ਪਿਤਾ ਦੀ ਵਿਦਾਈ ਅਤੇ ਸਮਾਜ ਦੀ ਪ੍ਰੀਖਿਆ"

***ਲਖਨਊ ਦੇ ਇੱਕ ਸੇਵਾਮੁਕਤ ਕਰਨਲ ਨੇ ਆਪਣੇ ਪੁੱਤਰਾਂ ਨੂੰ ਦਿਲੋਂ ਲਿਖੀ ਚਿੱਠੀ ਲਿਖਣ ਤੋਂ ਬਾਅਦ ਖੁਦਕੁਸ਼ੀ ਕਰ ਲਈ। ਦੋਵੇਂ ਪੁੱਤਰ ਅਮਰੀਕਾ ਵਿਚ ਸੈਟਲ ਸਨ ਅਤੇ ਆਪਣੀ ਮਾਂ ਦੀ ਮੌਤ 'ਤੇ ਵੀ ਪੂਰੀ ਸੰਵੇਦਨਸ਼ੀਲਤਾ ਨਹੀਂ ਦਿਖਾ ਸਕੇ। ਪਿਤਾ ਨੇ ਚਿੱਠੀ ਵਿਚ ਲਿਖਿਆ ਕਿ ਉਸਨੇ ਦੇਸ਼ ਨੂੰ ਸਤਿਕਾਰ ਦਿੱਤਾ ਪਰ ਸਮਾਜ ਨੂੰ ਅਸੰਵੇਦਨਸ਼ੀਲ ਪੁੱਤਰ ਦਿੱਤੇ। ਇਹ ਘਟਨਾ ਸਿਰਫ਼ ਖੁਦਕੁਸ਼ੀ ਨਹੀਂ ਹੈ, ਸਗੋਂ ਭਾਰਤੀ ਪਰਿਵਾਰਕ ਕਦਰਾਂ-ਕੀਮਤਾਂ ਦੇ ਪਤਨ ਦਾ ਸ਼ੀਸ਼ਾ ਹੈ। ਆਧੁਨਿਕਤਾ ਦੀ ਦੌੜ ਵਿਚ, ਰਿਸ਼ਤਿਆਂ ਦੀ ਸੰਵੇਦਨਸ਼ੀਲਤਾ ਅਤੇ ਬਜ਼ੁਰਗਾਂ ਪ੍ਰਤੀ ਸਤਿਕਾਰ ਪਿੱਛੇ ਰਹਿ ਜਾਂਦਾ ਹੈ। - ਪ੍ਰਿਯੰਕਾ ਸੌਰਭ***

ਇੱਕ ਸਿਪਾਹੀ ਪਿਤਾ ਦੀ ਵਰਦੀ ਸਲਾਮੀ ਲਈ ਨਹੀਂ ਹੁੰਦੀ, ਸਗੋਂ ਸਤਿਕਾਰ ਅਤੇ ਸਮਰਪਣ ਦਾ ਪ੍ਰਤੀਕ ਹੁੰਦੀ ਹੈ। ਪਰ ਜਦੋਂ ਉਹੀ ਪਿਤਾ, ਆਖਰੀ ਸਾਹ ਲੈਣ ਤੋਂ ਪਹਿਲਾਂ, ਆਪਣੀ ਜ਼ਿੰਦਗੀ ਦੇ ਸਭ ਤੋਂ ਕੌੜੇ ਸ਼ਬਦਾਂ ਨਾਲ ਇੱਕ ਪੱਤਰ ਲਿਖਦਾ ਹੈ ਅਤੇ ਫਿਰ ਆਪਣੇ ਆਪ ਨੂੰ ਗੋਲੀ ਮਾਰ ਲੈਂਦਾ ਹੈ, ਤਾਂ ਇਹ ਸਿਰਫ਼ ਖੁਦਕੁਸ਼ੀ ਨਹੀਂ ਹੁੰਦੀ - ਇਹ ਇੱਕ ਸਮਾਜਿਕ ਮੌਤ ਹੁੰਦੀ ਹੈ। ਲਖਨਊ ਦੀ ਇੱਕ ਆਲੀਸ਼ਾਨ ਕਲੋਨੀ ਵਿਚ ਰਹਿਣ ਵਾਲੇ ਇੱਕ ਸੇਵਾਮੁਕਤ ਕਰਨਲ ਨੇ ਅਜਿਹਾ ਹੀ ਕੀਤਾ। ਦੋ ਪੁੱਤਰ, ਇੱਕ ਅਮਰੀਕਾ ਵਿਚ ਕਾਰਪੋਰੇਟ ਨੌਕਰੀ ਵਿਚ ਰੁੱਝਿਆ ਹੋਇਆ ਸੀ, ਦੂਜਾ ਆਪਣੇ ਪਰਿਵਾਰ ਨਾਲ ਜ਼ਿੰਦਗੀ ਵਿਚ ਰੁੱਝਿਆ ਹੋਇਆ ਸੀ। ਪਿਤਾ ਅਤੇ ਮਾਤਾ ਨੇ ਆਪਣੀ ਪੂਰੀ ਜ਼ਿੰਦਗੀ ਇਨ੍ਹਾਂ ਪੁੱਤਰਾਂ ਦੀ ਪਰਵਰਿਸ਼ ਵਿਚ ਬਿਤਾਈ ਸੀ। ਉੱਚ ਸਿੱਖਿਆ, ਬਿਹਤਰ ਜੀਵਨ, ਵਿਦੇਸ਼ੀ ਸਥਿਰਤਾ, ਸੰਸਾਰਿਕ ਸਹੂਲਤਾਂ - ਉਨ੍ਹਾਂ ਨੇ ਸਭ ਕੁਝ ਦਿੱਤਾ, ਪਰ ਅੰਤ ਵਿਚ ਇਕੱਲਤਾ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਹੀ ਮਾਪਿਆਂ 'ਤੇ ਆ ਪਈ।

ਕਿਹਾ ਜਾਂਦਾ ਹੈ ਕਿ ਹਰ ਪਿਤਾ ਚਾਹੁੰਦਾ ਹੈ ਕਿ ਉਸਦਾ ਪੁੱਤਰ ਉਸ ਤੋਂ ਵੱਡਾ ਬਣੇ, ਪਰ ਸ਼ਾਇਦ ਹੀ ਕੋਈ ਪਿਤਾ ਚਾਹੁੰਦਾ ਹੈ ਕਿ ਉਸਦਾ ਪੁੱਤਰ ਉਸਨੂੰ ਭੁੱਲ ਜਾਵੇ। ਜੇਕਰ ਪਿਤਾ ਸਾਰੀ ਰਾਤ ਆਪਣੇ ਪੁੱਤਰ ਦੇ ਬਿਸਤਰੇ ਕੋਲ ਬੈਠਾ ਰਹੇ, ਜਦੋਂ ਉਸਨੂੰ ਬੁਖਾਰ ਹੋਇਆ ਹੋਵੇ, ਅਤੇ ਉਹੀ ਪੁੱਤਰ ਆਪਣੀ ਮਾਂ ਦੀ ਮੌਤ 'ਤੇ ਕਹਿੰਦਾ ਹੈ ਕਿ "ਮੈਂ ਪਾਪਾ ਦੇ ਅੰਤਿਮ ਸੰਸਕਾਰ 'ਤੇ ਆਵਾਂਗਾ" - ਤਾਂ ਨਾ ਸਿਰਫ਼ ਰਿਸ਼ਤਾ ਟੁੱਟਦਾ ਹੈ, ਸਗੋਂ ਆਤਮਾ ਵੀ ਟੁੱਟ ਜਾਂਦੀ ਹੈ। ਉਸ ਪਿਤਾ ਨੇ ਚਿੱਠੀ ਵਿਚ ਕੋਈ ਗਾਲ੍ਹ ਜਾਂ ਤਾਅਨਾ ਨਹੀਂ ਮਾਰਿਆ ਜਾਂ ਕੋਈ ਗੁੱਸਾ ਨਹੀਂ ਦਿਖਾਇਆ। ਉਸਨੇ ਬੱਸ ਇਹੀ ਕਿਹਾ ਕਿ ਸ਼ਾਇਦ ਮੇਰੀ ਪਰਵਰਿਸ਼ ਵਿਚ ਕੋਈ ਕਮੀ ਸੀ, ਕਿਉਂਕਿ ਮੈਂ ਸਮਾਜ ਨੂੰ ਸੱਭਿਅਕ ਨਾਗਰਿਕ ਨਹੀਂ, ਸਗੋਂ ਅਸੰਵੇਦਨਸ਼ੀਲ ਬੱਚੇ ਦਿੱਤੇ ਹਨ।

ਇਹ ਵਾਕ ਜਿੰਨਾ ਸਰਲ ਹੈ, ਓਨਾ ਹੀ ਭਿਆਨਕ ਵੀ ਹੈ। ਇਹ ਕਿਸੇ ਪਿਤਾ ਦਾ ਦੁੱਖ ਨਹੀਂ, ਸਗੋਂ ਇੱਕ ਪੀੜ੍ਹੀ ਦਾ ਦੁੱਖ ਹੈ। ਇਹ ਕਿਸੇ ਇੱਕ ਕਰਨਲ ਦੀ ਕਹਾਣੀ ਨਹੀਂ ਹੈ। ਇਹ ਹਰ ਉਸ ਮਾਤਾ-ਪਿਤਾ ਦੀ ਹੈ, ਜੋ ਆਪਣੇ ਬੱਚੇ ਉੱਡਣਾ ਚਾਹੁੰਦਾ ਹੈ, ਪਰ ਬੁਢਾਪੇ ਵਿੱਚ ਆਪਣੇ ਪਰਛਾਵੇਂ ਨੂੰ ਵਾਪਸ ਆਉਂਦੇ ਨਹੀਂ ਦੇਖ ਸਕਦਾ। ਇਹ ਉਸ ਭਾਰਤੀ ਸਮਾਜ ਦੀ ਹੈ, ਜੋ ਪੁੱਤਰ ਦੇ ਅਮਰੀਕਾ ਜਾਣ 'ਤੇ ਮਾਣ ਕਰਦਾ ਹੈ, ਪਰ ਜਦੋਂ ਮਾਪਿਆਂ ਨੂੰ ਬਿਰਧ ਆਸ਼ਰਮ ਵਿਚ ਛੱਡ ਦਿੱਤਾ ਜਾਂਦਾ ਹੈ, ਤਾਂ ਚੁੱਪ ਹੋ ਜਾਂਦਾ ਹੈ। ਇਹ ਉਸ ਅਸੰਵੇਦਨਸ਼ੀਲਤਾ ਦਾ ਬਿਆਨ ਹੈ, ਜੋ ਆਧੁਨਿਕਤਾ ਦੇ ਮਖੌਟੇ ਪਿੱਛੇ ਰਿਸ਼ਤਿਆਂ ਦਾ ਗਲਾ ਘੁੱਟ ਰਹੀ ਹੈ।



ਪਿਤਾ ਦੇ ਪੱਤਰ ਵਿਚ ਕਿਹਾ ਗਿਆ ਸੀ ਕਿ ਹੁਣ ਕੋਈ ਵੀ ਉਸਦੀ ਲਾਸ਼ ਦੇ ਕੋਲ ਵੀ ਉਸਦਾ ਇੰਤਜ਼ਾਰ ਨਹੀਂ ਕਰੇਗਾ, ਇਸ ਲਈ ਉਹ ਖੁਦ ਜਾਂਦਾ ਹੈ, ਤਾਂ ਜੋ ਕੋਈ ਮਜਬੂਰੀ ਨਾ ਹੋਵੇ, ਕੋਈ ਬਹਾਨਾ ਨਾ ਹੋਵੇ, ਕੋਈ ਪੁੱਤਰ ਇਹ ਨਾ ਕਹਿ ਸਕੇ ਕਿ 'ਉਡਾਣ ਉਪਲਬਧ ਨਹੀਂ ਸੀ'। ਇਹ ਵਾਕ ਕਿਸੇ ਖ਼ਬਰ ਦਾ ਹਿੱਸਾ ਨਹੀਂ ਹੈ, ਇਹ ਇੱਕ ਸੱਭਿਆਚਾਰਕ ਹਾਰ ਦਾ ਐਲਾਨ ਹੈ। ਯੁੱਧ ਵਿਚ ਦੁਸ਼ਮਣਾਂ ਨਾਲ ਲੜਨ ਵਾਲਾ ਪਿਤਾ, ਜਿਸਨੇ ਸੇਵਾ ਵਿਚ ਦੇਸ਼ ਨੂੰ ਪਹਿਲ ਦਿੱਤੀ, ਆਪਣੇ ਘਰ ਵਿਚ ਇਕੱਲਤਾ ਨਾਲ ਹਾਰ ਗਿਆ। ਉਸਦੀ ਆਖਰੀ ਇੱਛਾ ਸੀ ਕਿ ਉਸਦੇ ਮੈਡਲ ਅਤੇ ਫੋਟੋਆਂ ਬਟਾਲੀਅਨ ਨੂੰ ਵਾਪਸ ਕਰ ਦਿੱਤੀਆਂ ਜਾਣ। ਸ਼ਾਇਦ ਉਹ ਨਹੀਂ ਚਾਹੁੰਦਾ ਸੀ ਕਿ ਉਸਦੀ ਫੋਟੋ ਉਸਦੇ ਬੱਚਿਆਂ ਦੇ ਡਰਾਇੰਗ ਰੂਮ ਵਿਚ ਇੱਕ ਝੂਠੀ ਯਾਦ ਵਜੋਂ ਲਟਕ ਜਾਵੇ।



ਅਸੀਂ ਇੱਕ ਅਜਿਹੇ ਸਮਾਜ ਵਿਚ ਰਹਿੰਦੇ ਹਾਂ, ਜਿੱਥੇ ਹਰ ਤਿਉਹਾਰ "ਪਰਿਵਾਰ ਨਾਲ ਸਮਾਂ ਬਿਤਾਓ" ਵਰਗੇ ਇਸ਼ਤਿਹਾਰਾਂ ਨਾਲ ਚਿੰਨ੍ਹਿਤ ਹੁੰਦਾ ਹੈ, ਪਰ ਅਸਲੀਅਤ ਵਿਚ, ਮਾਪਿਆਂ ਕੋਲ ਸਮਾਂ ਬਿਤਾਉਣ ਲਈ ਕੋਈ ਨਹੀਂ ਹੁੰਦਾ। ਵੀਡੀਓ ਕਾਲਾਂ ਰਾਹੀਂ ਰਿਸ਼ਤੇ ਕਾਇਮ ਰੱਖੇ ਜਾਂਦੇ ਹਨ, ਜਨਮਦਿਨ 'ਤੇ ਕੇਕ ਭੇਜ ਕੇ ਜ਼ਿੰਮੇਵਾਰੀ ਪੂਰੀ ਕੀਤੀ ਜਾਂਦੀ ਹੈ, ਅਤੇ 'ਕੰਮ ਦੇ ਦਬਾਅ' ਦੇ ਆਧਾਰ 'ਤੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਣ ਤੋਂ ਬਚਿਆ ਜਾ ਸਕਦਾ ਹੈ। ਕਰਨਲ ਸਾਹਿਬ ਦੇ ਪੁੱਤਰ ਲਈ, ਇਹ ਸਿਰਫ਼ 'ਇੱਕ ਹੋਰ ਦਿਨ' ਹੋਣਾ ਚਾਹੀਦਾ ਹੈ। ਪਰ ਉਸ ਦਿਨ ਚੁੱਪ-ਚਾਪ ਇੱਕ ਪਿਤਾ ਨੂੰ ਸ਼ਹੀਦ ਕਰ ਦਿੱਤਾ - ਇਸ ਵਾਰ ਬਿਨਾਂ ਕਿਸੇ ਦੁਸ਼ਮਣ ਦੇ, ਬਿਨਾਂ ਕਿਸੇ ਜੰਗ ਦੇ, ਬਿਨਾਂ ਕਿਸੇ ਹੁਕਮ ਦੇ।

ਇੱਕ ਅਜਿਹੇ ਸਮਾਜ ਵਿਚ ਜਿੱਥੇ ਮਾਵਾਂ ਆਪਣੇ ਪੁੱਤਰਾਂ ਨੂੰ ਸਿਖਾਉਂਦੀਆਂ ਸਨ ਕਿ ਮਾਪੇ ਬੁਢਾਪੇ ਵਿਚ ਰੱਬ ਵਰਗੇ ਹੁੰਦੇ ਹਨ, ਪੁੱਤਰ ਆਪਣੀ ਮਾਂ ਦੇ ਅੰਤਿਮ ਸੰਸਕਾਰ 'ਤੇ ਆਉਣ ਤੋਂ ਪਰਹੇਜ਼ ਕਰਨ ਲੱਗ ਪਏ ਹਨ। ਇਹ ਕਦਰਾਂ-ਕੀਮਤਾਂ ਦੀ ਪੀੜ੍ਹੀ ਨਹੀਂ, ਸਗੋਂ ਮੌਕਾਪ੍ਰਸਤੀ ਦੀ ਪੀੜ੍ਹੀ ਹੈ। ਜਿੱਥੇ "ਸਾਡੀਆਂ ਤਰਜੀਹਾਂ ਬਦਲ ਗਈਆਂ ਹਨ" ਵਰਗੇ ਵਾਕ ਰਿਸ਼ਤਿਆਂ ਦੀ ਕਬਰ 'ਤੇ ਪੱਥਰਾਂ ਵਾਂਗ ਰੱਖੇ ਗਏ ਹਨ। ਰਿਸ਼ਤੇ ਹੁਣ ਭਾਵਨਾਵਾਂ ਨਾਲ ਨਹੀਂ, ਸਗੋਂ ਸਹੂਲਤ ਨਾਲ ਬਣਾਏ ਜਾਂਦੇ ਹਨ। ਜੇ ਕੋਈ ਫ਼ੋਨ ਕਰਦਾ ਹੈ, ਤਾਂ ਮੈਂ ਗੱਲ ਕਰਾਂਗਾ। ਜੇ ਕੋਈ ਪੁੱਛਦਾ ਹੈ, ਤਾਂ ਮੈਂ ਆਵਾਂਗਾ। ਜੇ ਕੋਈ ਮਰ ਜਾਂਦਾ ਹੈ, ਤਾਂ ਮੈਂ ਉਨ੍ਹਾਂ ਬਾਰੇ ਸੋਚਾਂਗਾ। ਇਹ ਸਾਡਾ ਆਧੁਨਿਕ ਸੱਭਿਆਚਾਰ ਹੈ, ਜੋ ਮਾਪਿਆਂ ਨੂੰ ਸੇਵਾਮੁਕਤੀ ਤੋਂ ਬਾਅਦ ਸਿਰਫ਼ ਇੱਕ ਖਰਚਾ ਜਾਂ ਬੋਝ ਸਮਝਦਾ ਹੈ।

ਕੀ ਅਸੀਂ ਸੋਚਦੇ ਹਾਂ ਕਿ ਸਾਡੇ ਬੱਚਿਆਂ ਨਾਲ ਵੀ ਸਾਡੇ ਵਾਂਗ ਹੀ ਸਲੂਕ ਕੀਤਾ ਜਾਵੇਗਾ? ਕੀ ਅੱਜ ਜੋ ਬੀਜਿਆ ਜਾਂਦਾ ਹੈ, ਉਹ ਕੱਲ੍ਹ ਨੂੰ ਨਹੀਂ ਵੱਢਿਆ ਜਾਵੇਗਾ? ਕੀ ਸਾਡੇ ਪੁੱਤਰ ਸਿਰਫ਼ ਦਇਆ ਗੁਆਉਣ ਲਈ ਹੀ ਪੜ੍ਹਦੇ ਹਨ? ਜੇਕਰ ਸਿੱਖਿਆ ਸਿਰਫ਼ ਕਰੀਅਰ ਅਤੇ ਡਾਲਰ ਕਮਾਉਣ ਤੱਕ ਸੀਮਤ ਹੈ, ਤਾਂ ਇਹ ਇੱਕ ਆਦਰਸ਼ ਬੱਚਾ ਨਹੀਂ, ਸਗੋਂ ਇੱਕ ਅਸੰਵੇਦਨਸ਼ੀਲ ਮਸ਼ੀਨ ਪੈਦਾ ਕਰਦੀ ਹੈ।

ਕਰਨਲ ਸਾਹਿਬ ਨੇ ਆਪਣੇ ਆਪ ਨੂੰ ਗੋਲੀ ਨਹੀਂ ਮਾਰੀ, ਉਸਨੇ ਇੱਕ ਐਲਾਨ ਕੀਤਾ ਕਿ ਉਹ ਇੱਕ ਅਸਫਲ ਪਿਤਾ ਸੀ ਕਿਉਂਕਿ ਉਸਨੇ ਅਜਿਹੇ ਪੁੱਤਰ ਪੈਦਾ ਕੀਤੇ, ਜੋ ਲਾਸ਼ ਦੇਖਣ ਤੋਂ ਡਰਦੇ ਸਨ ਪਰ ਸੈਲਫੀ ਲੈਣ ਤੋਂ ਨਹੀਂ ਝਿਜਕਦੇ ਸਨ। ਉਹ ਇੱਕ ਅਜਿਹਾ ਸਮਾਜ ਛੱਡ ਗਿਆ ਜੋ ਬਜ਼ੁਰਗਾਂ ਦੀਆਂ ਗੱਲਾਂ ਨੂੰ ਬੋਰਿੰਗ ਸਮਝਦਾ ਹੈ ਅਤੇ ਬਜ਼ੁਰਗਾਂ ਦੇ ਹੰਝੂ ਸਿਰਫ਼ ਦੋਸ਼ ਦਾ ਵਿਸ਼ਾ ਹਨ, ਦਇਆ ਦਾ ਨਹੀਂ।

ਹੁਣ ਸਵਾਲ ਇਹ ਹੈ ਕਿ ਕੀ ਸਾਨੂੰ ਇਸ ਪੱਤਰ ਨੂੰ ਪੜ੍ਹਨ ਤੋਂ ਬਾਅਦ ਸਿਰਫ਼


**ਪ੍ਰਿਯੰਕਾ ਸੌਰਭ**
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA




ਅਫ਼ਸੋਸ ਪ੍ਰਗਟ ਕਰਨਾ ਚਾਹੀਦਾ ਹੈ ਜਾਂ ਆਤਮ-ਨਿਰੀਖਣ ਕਰਨਾ ਚਾਹੀਦਾ ਹੈ। ਕੀ ਅਸੀਂ ਸੱਚਮੁੱਚ ਅਜਿਹੀ ਦਿਸ਼ਾ ਵੱਲ ਵਧ ਰਹੇ ਹਾਂ, ਜਿੱਥੇ ਰਿਸ਼ਤਿਆਂ ਦੀ ਕੀਮਤ ਡਾਲਰ ਤੋਂ ਘੱਟ ਹੋਵੇ? ਕੀ ਅਸੀਂ ਆਪਣੇ ਬੱਚਿਆਂ ਨੂੰ ਸਿਖਾ ਰਹੇ ਹਾਂ ਕਿ ਸਫਲਤਾ ਦਾ ਮਤਲਬ ਪਿੱਛੇ ਮੁੜ ਕੇ ਨਹੀਂ ਦੇਖਣਾ ਹੈ? ਕਰਨਲ ਸਾਹਿਬ ਦਾ ਪੱਤਰ ਇੱਕ ਚੇਤਾਵਨੀ ਹੈ, ਉਨ੍ਹਾਂ ਸਾਰਿਆਂ ਲਈ ਜੋ ਸੋਚਦੇ ਹਨ ਕਿ ਵਿਦੇਸ਼ਾਂ ਵਿਚ ਵੱਸਣ ਨਾਲ ਜੜ੍ਹਾਂ ਖਤਮ ਹੋ ਜਾਂਦੀਆਂ ਹਨ। ਨਹੀਂ, ਜੜ੍ਹਾਂ ਹਮੇਸ਼ਾ ਰਹਿੰਦੀਆਂ ਹਨ। ਉਹ ਸੁੱਕ ਜਾਂਦੀਆਂ ਹਨ ਅਤੇ ਤਬਾਹੀ ਲਿਆਉਂਦੀਆਂ ਹਨ।

ਇਹ ਸਮਾਜ ਉਦੋਂ ਤੱਕ ਜਿਉਂਦਾ ਰਹੇਗਾ, ਜਦੋਂ ਤੱਕ ਬਜ਼ੁਰਗਾਂ ਦਾ ਸਤਿਕਾਰ ਕੀਤਾ ਜਾਵੇਗਾ। ਜਿਸ ਦਿਨ ਪੁੱਤਰ ਆਪਣੀ ਮਾਂ ਦੀ ਚਿਤਾ ਨੂੰ 'ਘਟਨਾ' ਸਮਝਣਾ ਸ਼ੁਰੂ ਕਰ ਦੇਣਗੇ, ਉਸ ਦਿਨ ਸੱਭਿਅਤਾ ਦਾ ਅੰਤ ਹੋਣਾ ਸ਼ੁਰੂ ਹੋ ਜਾਵੇਗਾ। ਜੋ ਅੱਜ ਕਰਨਲ ਸਾਹਿਬ ਨਾਲ ਹੋਇਆ, ਉਹ ਕੱਲ੍ਹ ਕਿਸੇ ਹੋਰ ਨਾਲ ਹੋਵੇਗਾ। ਸ਼ਾਇਦ ਤੁਹਾਡੇ ਨਾਲ। ਸ਼ਾਇਦ ਮੇਰੇ ਨਾਲ।

ਅੰਤ ਵਿਚ, ਮੈਂ ਬਸ ਇਹੀ ਕਹਿਣਾ ਚਾਹਾਂਗਾ, ਰਿਸ਼ਤਿਆਂ ਨੂੰ ਬਣਾਈ ਰੱਖੋ। ਆਪਣੇ ਮਾਪਿਆਂ ਨੂੰ ਸਮਾਂ ਦਿਓ। ਅਮਰੀਕਾ ਜਾਣਾ ਅਤੇ ਸਫਲਤਾ ਪ੍ਰਾਪਤ ਕਰਨਾ ਬੁਰਾ ਨਹੀਂ ਹੈ, ਪਰ ਜੇ ਉਸ ਉਡਾਣ ਵਿਚ ਭਾਵਨਾਵਾਂ ਪਿੱਛੇ ਰਹਿ ਜਾਣ, ਤਾਂ ਇਹ ਉਡਾਣ ਨਹੀਂ ਰਹਿੰਦੀ, ਇਹ ਭੁੱਲ ਜਾਂਦੀ ਹੈ।

ਕਰਨਲ ਸਾਹਿਬ ਦੀ ਖੁਦਕੁਸ਼ੀ ਸਿਰਫ਼ ਇੱਕ ਪਿਤਾ ਦੀ ਮੌਤ ਨਹੀਂ ਹੈ, ਇਹ ਸਾਡੇ ਸਮਾਜ ਦੀ ਆਤਮਾ ਦੀ ਹਾਰ ਹੈ ਅਤੇ ਜੇਕਰ ਅਸੀਂ ਹੁਣ ਨਹੀਂ ਜਾਗੇ, ਤਾਂ ਅਗਲੀ ਪੀੜ੍ਹੀ ਸਾਨੂੰ ਸਿਰਫ਼ ਜਨਮਦਿਨ ਕਾਰਡ ਅਤੇ ਅੰਤਿਮ ਸੰਸਕਾਰ ਲਈ ਟੋਲ-ਫ੍ਰੀ ਨੰਬਰ ਦੇਵੇਗੀ।

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



# ਮਨਮੋਹਨ ਸਿੰਘ ਢਿੱਲੋਂ ਦੀ ਕਿਤਾਬ 'ਜ਼ਿੰਦਗੀ ਲੋਕਾਂ 'ਚੋਂ ਹੀ ਲੱਭਦੀ ਹੈ'

ਸ. ਮਨਮੋਹਨ ਸਿੰਘ ਢਿੱਲੋਂ ਨੇ ਪੁਸਤਕ ਵਿਚ ਅਖਬਾਰਾਂ ਵਿਚ ਛਪੇ 22 ਲੇਖਾਂ ਨੂੰ ਸ਼ਾਮਲ ਕੀਤਾ ਹੈ। ਅਜਿਹੇ ਲੇਖ ਰਾਹ ਦਸੇਰਾ ਕਿਵੇਂ ਬਣਦੇ ਹਨ ਅਤੇ ਕਈ ਵਾਰ ਸਹਿਜ ਸੁਭਾ ਲਿਖੀ ਰਚਨਾ ਪਾਠਕ ਲਈ ਖ਼ਜ਼ਾਨਾ ਬਣ ਜਾਂਦੀ ਹੈ। ਛੋਟੀਆਂ ਰਚਨਾਵਾਂ ਵਾਲੀਆਂ ਕਿਤਾਬਾਂ ਵੱਡ ਅਕਾਰੀ ਦਸਤਾਵੇਜ਼ਾਂ ਨੂੰ ਜਨਮ ਦਿੰਦਿਆਂ ਹਨ। ਸ. ਨਵਤੇਜ ਸਿੰਘ ਦੀ ਇੱਕ ਛੋਟੀ ਜਿਹੀ ਕਹਾਣੀ ਬਾਰੇ ਡਾ. ਹਰਚੰਦ ਸਿੰਘ ਬੇਦੀ ਨੇ ਆਲੋਚਨਾ ਪੱਖ ਤੋਂ ਵੀਹ ਸਫ਼ੇ ਲਿਖ ਮਾਰੇ ਸਨ। ਢਿੱਲੋਂ ਕਹਿੰਦਾ ਹੈ ਕਿ ਮੇਰੇ ਅੰਦਰ ਮਿਡਲ ਲਿਖਣ ਦੀ ਚਿਣਗ ਪ੍ਰੋ. ਦਰਸ਼ਨ ਸਿੰਘ ਵਰਗੀ ਸ਼ਖ਼ਸ਼ੀਅਤ ਨੇ ਪੈਦਾ ਕੀਤੀ। ਉਸ ਵੱਲੋਂ ਲਿਖੇ ਗਏ ਨਿਬੰਧਾਂ ਦੇ ਸਿਰਲੇਖ ਰਚਨਾ ਨਾਲ ਢੁੱਕਵੇਂ ਮੇਲ ਖਾਂਦੇ ਅਤੇ ਦਿਲਚਸਪੀ ਪੈਦਾ ਕਰਦੇ ਹਨ, ਜਿਵੇਂ ਜ਼ਿੰਦਗੀ ਲੋਕਾਂ 'ਚੋਂ ਹੀ ਲੱਭਦੀ ਹੈ, ਕੁਝ ਵਰਤਾਰਿਆਂ 'ਚੋਂ ਉਭਰਦੇ ਸੁਆਲ, ਕਿਤਾਬਾਂ 'ਚ ਗਿਆਨ ਹੁੰਦੈ, ਕਿਤਾਬ ਰੱਦੀ 'ਚ ਵਿਕਣ ਦੀ ਸ਼ੈਅ ਨਹੀਂ, ਇਕ ਯਾਦ ਪੁਰਾਣੀ, ਜ਼ਿੰਦਗੀ ਦੀ ਇਕ ਖ਼ੁਸ਼ਗਵਾਰ ਯਾਦ, ਆਪਣਿਆਂ ਤੋਂ ਬਚੋ, ਇੰਜ ਮੋੜੇ ਤਾਂਤ੍ਰਿਕ ਨੇ ਪੈਸੇ, ਪੰਜਾਬੀ ਮੇਰੀ ਮਾਂ ਬੋਲੀ ਏ, ਰਮਾ ਭੈਣ ਜੀ ਕਿਹਾ ਕਰਦੇ ਸਨ, ਬੀਤੇ ਦੀਆਂ ਪੈੜਾਂ ਨਾਪਦਿਆਂ, ਗੁਰਬਖ਼ਸ਼ ਸਿੰਘ ਡਕੌਂਦਾ ਕਿਹਾ ਕਰਦੇ ਸਨ, ਪੰਚਾਇਤੀ ਰੇਡੀਓ, ਇੰਜ ਹੁੰਦੀ ਹੈ ਬੇਕਦਰੀ ਕਿਤਾਬਾਂ ਦੀ, ਨੋ ਮੈਨਜ਼ ਲੈਂਡ 'ਤੇ ਅਨੋਖਾ ਮੁਸ਼ਾਇਰਾ, ਜਦੋਂ ਥਾਣੇਦਾਰ ਨੇ ਕੀਤੀ ਤੌਬਾ, ਜੇ ਉਹ ਆਪਣੀ ਰੋਟੀ ਖਾਂਦੈ, ਅਗਲਾ ਸਫ਼ਰ ਮੈਂ ਆਪ ਤੈਅ ਕਰਾਂਗਾ, ਪੰਜਾਬੀ ਬੋਲਣੀ ਮਨ੍ਹਾਂ ਹੈ, ਜਿੱਥੇ ਸ਼ੁੱਧ ਹਵਾ ਵਿਕਦੀ ਹੈ, ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ, ਜਬ ਕੋਈ ਬੜਾ ਦਰੱਖ਼ਤ ਗਿਰਤਾ ਹੈ, ਦਰਜ ਕੀਤੇ ਹਨ। ਸ. ਮਨਮੋਹਨ ਸਿੰਘ ਢਿੱਲੋਂ ਨੇ ਸਾਰੀ ਉਮਰ ਪੱਤਰਕਾਰੀ ਕੀਤੀ ਹੈ, ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵੀ ਪ੍ਰੈੱਸ ਤੇ ਪੱਤਰਕਾਰੀ ਵਿਭਾਗ ਨਾਲ ਸਬੰਧਤ ਰਿਹਾ ਹੈ।

ਅਖ਼ਬਾਰ ਦੇ ਸੰਪਾਦਕੀ ਪੰਨੇ ਵਿਚਾਲੇ ਛਪਦੇ ਛੋਟੇ ਲੇਖਾਂ ਨੂੰ ਮਿਡਲ ਦਾ ਨਾਂ ਦਿੱਤਾ ਗਿਆ ਹੈ, ਉਹ ਅਖ਼ਬਾਰਾਂ 'ਚ ਛਪਦੇ ਅਜਿਹੇ ਲੇਖਾਂ ਨੂੰ ਲੰਮੇ ਸਮੇਂ ਤੋਂ ਨਿਰੰਤਰ ਪੜ੍ਹਦਾ ਆ ਰਿਹਾ ਹੈ। ਛੋਟੀ ਜਿਹੀ ਘਟਨਾ ਜਾਂ ਮੁੱਦੇ ਨੂੰ ਲੈ ਕੇ ਲਿਖਿਆ ਜਾਂਦਾ ਇਹ ਮਿਡਲ ਪ੍ਰਭਾਵ ਵੀ ਪਾਉਂਦਾ ਹੈ ਤੇ ਸਮਾਜ ਨੂੰ ਕੋਈ ਨਾ ਕੋਈ ਸੁਨੇਹਾ ਤੇ ਸੇਧ ਵੀ ਦਿੰਦਾ ਹੈ। ਇਸ ਬਾਰੇ ਇਕ ਦਿਨ ਲੇਖਕ ਨੂੰ ਖ਼ਿਆਲ ਆਇਆ ਕਿ ਉਸ ਕੋਲ ਵੀ ਅਜਿਹੇ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ 'ਤੇ ਮਿਡਲ ਲਿਖੇ ਜਾ ਸਕਦੇ ਹਨ।


ਕਿਸੇ ਮਸਲੇ 'ਤੇ ਗੱਲ ਸਮਝਾਉਂਦਿਆਂ ਉਸ ਦੇ ਉੱਚ ਅਧਿਕਾਰੀ ਨੇ ਉਸ ਨੂੰ ਇਹ ਗੱਲ ਆਖੀ ਸੀ ਕਿ "ਜੋ ਕੁਝ ਤੁਸੀਂ ਕਰ ਰਹੇ ਹੋ, ਸ਼ੌਕ ਵਜੋਂ ਕਰ ਰਹੇ ਹੋ, ਉਹ ਤੁਹਾਡੇ ਕਿਸੇ ਨੇੜਲੇ ਸਾਥੀ ਨੂੰ ਬਰਦਾਸ਼ਤ ਨਹੀਂ ਹੋ ਰਿਹਾ। ਉਸ ਨੇ ਤੁਹਾਡੀ ਸ਼ਿਕਾਇਤ ਕੀਤੀ ਹੈ।" "ਮੈਂ ਤੁਹਾਨੂੰ ਮਸ਼ਵਰਾ ਦਿੰਦਾ ਸੁਚੇਤ ਕਰਨਾ ਚਾਹੁੰਦਾ ਹਾਂ ਕਿ "ਆਪਣਿਆਂ ਤੋਂ ਬਚੋ"। "ਆਪਣਿਆਂ ਤੋਂ ਬਚੋ" ਮੁੱਦੇ ਨੂੰ ਲੈ ਕੇ ਮਿਡਲ ਲਿਖਿਆ ਗਿਆ ਸੀ। ਅਖ਼ਬਾਰ ਵਿਚ ਛਪੇ ਇਸ ਮਿਡਲ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਸੀ। ਦੂਜਾ ਮਿਡਲ ਉਸ ਦਾ "ਇੰਜ ਮੋੜੇ ਤਾਂਤ੍ਰਿਕ ਨੇ ਪੈਸੇ" ਛਪਿਆ ਤਾਂ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਤਰਕਸ਼ੀਲਾਂ ਨੇ ਬਹੁਤ ਸਲਾਹਿਆ ਅਤੇ ਅੱਗੋਂ ਵੀ ਅਜਿਹੇ ਮਿਡਲ ਲਿਖਣ ਲਈ ਸਲਾਹ ਦਿਤੀ।

ਇਕ ਹੋਰ ਮਿਡਲ "ਰਮਾ ਭੈਣ ਜੀ ਕਿਹਾ ਕਰਦੇ ਸਨ" ਛਪਿਆ ਸੀ। ਇਸ ਲੇਖ ਦੇ ਛਪਣ 'ਤੇ ਵੀ ਪਾਠਕਾਂ ਨੇ ਲੇਖਕ ਦੀ ਹੌਂਸਲਾ ਅਫਜ਼ਾਈ ਕੀਤੀ। ਜੇ ਕਿਸੇ ਦੇ ਔਲਾਦ ਨਹੀਂ ਹੁੰਦੀ, ਤਾਂ ਕਿਸੇ ਦਾ ਮੁੰਡਾ ਗੋਦ ਲੈਣ ਦੀ ਬਜਾਇ, ਕਿਸੇ ਕੁੜੀ ਨੂੰ ਹੀ ਗੋਦ ਲੈ ਲੈਣਾ ਚਾਹੀਦਾ ਹੈ। ਇਸ ਰਚਨਾ ਵਿਚ ਗੋਦ ਲਿਆ ਮੁੰਡਾ ਗਲਤ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦਾ ਆਦੀ ਬਣਦਾ ਹੈ, ਉਸ ਦਾ ਸਭ ਕੁਝ ਵਿਕ ਜਾਂਦਾ ਹੈ, ਅੰਤ ਉਹ ਮਰ ਜਾਂਦਾ ਹੈ। ਪਰ ਗੋਦ ਲੈਣ ਵਾਲੇ ਸਹਾਰਾ ਕੇਂਦਰਾਂ 'ਚ ਰੁਲਦੇ ਫਿਰਦੇ ਹਨ। ਉਨ੍ਹਾਂ ਦੀ ਦੇਖਭਾਲ ਵਾਲਾ ਕੋਈ ਨਹੀਂ। ਸਮਾਜਿਕ ਉਦੇੜ-ਖਦੇੜ ਨੂੰ ਬਾਖੂਬੀ ਬਿਆਨ ਕਰਦੀ ਇਹ ਰਚਨਾ ਹੈ।

"ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ ਦੀ ਥਾਂ ਹਿੰਦੀ ਬੋਲਣ ਲਈ ਮਜਬੂਰ ਕੀਤਾ ਜਾ ਰਿਹਾ ਸੀ, ਇਹ ਸਥਿਤੀ ਅੱਜ ਵੀ ਉਸੇ ਤਰ੍ਹਾਂ ਹੈ। ਅਧਿਆਪਕਾ ਨੇ ਮੈਨੂੰ ਸੱਦਿਆ ਸੀ ਕਿ ਤੁਹਾਡਾ ਬੇਟਾ ਸਕੂਲ ਵਿਚ ਪੰਜਾਬੀ ਬੋਲਦਾ ਹੈ, ਜਦੋਂਕਿ ਪੰਜਾਬੀ ਬੋਲਣ 'ਤੇ ਪਾਬੰਦੀ ਹੈ, ਇਸ ਲਈ ਬੱਚੇ ਨੂੰ ਸਮਝਾਉ ਕਿ ਸਕੂਲ ਵਿਚ ਹਿੰਦੀ ਹੀ ਬੋਲੇ। ਲੇਖਕ ਨੇ ਇਸ ਦਾ ਵਿਰੋਧ ਕੀਤਾ ਅਤੇ ਸ਼ਿਕਾਇਤ ਕਰਨ ਬਾਰੇ ਆਖਿਆ, ਤਾਂ ਉਨ੍ਹਾਂ ਬੇਟੇ ਨੂੰ ਦੁਬਾਰਾ ਹਿੰਦੀ ਬੋਲਣ ਲਈ ਮਜਬੂਰ ਨਹੀਂ ਸੀ ਕੀਤਾ ਅਤੇ ਸਕੂਲ ਵਿਚ ਮੇਰੇ ਬੱਚੇ ਦੇ ਦੋਸਤ ਵੀ ਪੰਜਾਬੀ ਬੋਲਦੇ ਰਹੇ ਸਨ।

ਇਥੇ ਕੇਵਲ ਚਾਰ ਕੁ ਮਿਡਲਾਂ ਬਾਰੇ ਜ਼ਿਕਰ ਕੀਤਾ ਹੈ, ਕਿਉਂਕਿ ਇਥੇ ਸਾਰਿਆਂ ਬਾਰੇ ਲਿਖਣਾ ਸੰਭਵ ਨਹੀਂ ਹੈ। "ਜ਼ਿੰਦਗੀ ਲੋਕਾਂ 'ਚੋਂ ਹੀ ਲੱਭਦੀ ਹੈ..." ਇਹ ਸੱਚ ਹੈ ਕਿ ਲੋਕਾਂ ਵਿਚ ਵਿਚਰ ਕੇ ਹੀ ਜ਼ਿੰਦਗੀ ਦੀ ਕੀਮਤ ਦਾ ਅਹਿਸਾਸ ਹੁੰਦਾ ਹੈ।

ਸ. ਮਨਮੋਹਨ ਸਿੰਘ ਢਿੱਲੋਂ ਦੇ ਇਨ੍ਹਾਂ ਲੇਖਾਂ ਵਿਚ ਤਾਜ਼ਗੀ ਅਤੇ ਸਮਾਜ ਦੀਆਂ ਵੱਖ-ਵੱਖ ਪਰਤਾਂ ਦਾ ਰਹੱਸ ਦਰਜ਼ ਹੈ। ਬਹੁਤ ਹੀ ਦਿਲਚਸਪ ਅਤੇ ਸੇਧ ਦੇਣ ਵਾਲੇ ਇਨ੍ਹਾਂ ਲੇਖਾਂ ਵਿਚ ਘਟਨਾਵਾਂ ਸੱਚ ਦੇ ਵਰਤਾਰੇ ਨੂੰ ਇੱਕ ਹਕੀਕਤ ਬਿਰਤਾਂਤ ਵਿਚ ਤਬਦੀਲ ਕਰ ਦਿੰਦੀਆਂ ਹਨ। ਇਸ ਕਿਤਾਬ ਨੂੰ ਡੀ.ਪੀ. ਪਬਲਿਸ਼ਰਜ਼ ਐਂਡ ਮੀਡੀਆ ਹਾਊਸ ਨੇ ਪ੍ਰਕਾਸ਼ਤ ਕੀਤਾ। ਇਸ ਦੀ ਕੀਮਤ 200 ਰੁ/- ਅਤੇ 80 ਪੰਨੇ ਹਨ। ਇਹ ਉਸ ਦੀ ਕਿਤਾਬ ਹੈ, ਉਸ ਦੇ ਪਾਠਕ ਜਨ ਦਾ ਘੇਰਾ ਦਿਨੋਂ-ਦਿਨ ਵਿਸ਼ਾਲ ਹੋ ਰਿਹਾ ਹੈ। ਮੈਂ ਲੇਖਕ ਨੂੰ ਬਹੁਤ ਮੁਬਾਰਕਬਾਦ ਦੇਂਦਾ ਹਾਂ ਅਤੇ ਪੁਸਤਕ ਨੂੰ ਜੀ ਆਇਆਂ ਕਹਿੰਦਾ ਹਾਂ।




# ਕੜਾਕੇ ਦੀ ਗਰਮੀ ਨੇ ਕੱਢੇ ਵੱਟ

*"ਹੀਟ ਵੇਵ ਦੌਰਾਣ ਘਰ ਤੋਂ ਬਾਹਰ ਜ਼ਿਆਦਾ ਰਹਿਣ ਨਾਲ ਥਕਾਵਟ, ਕਮਜ਼ੋਰੀ, ਚੱਕਰ ਆਉਣੇ, ਸਿਰ-ਪੀੜ, ਬੇਹੋਸ਼ੀ, ਖੁਸ਼ਕ ਚਮੜੀ, ਬੁਖਾਰ ਵਗੈਰਾ ਦੇ ਲੱਛਣ ਵੀ ਦੇਖਣ ਨੂੰ ਮਿਲਦੇ ਹਨ। ਲਾਪ੍ਰਵਾਹੀ ਕਈ ਬਾਰ ਮਹਿੰਗੀ ਵੀ ਪੈ ਸਕਦੀ ਹੈ। ਤੁਰੰਤ ਆਪਣੇ ਡਾਕਟਰ ਦੀ ਹੈਲਪ ਲਵੋ"- ਡਾ. ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




ਹੀਟ ਵੇਵ ਯਾਨਿ ਗਰਮੀ ਦੀ ਲਹਿਰ ਨੇ ਧਰਤੀ ਉੱਤੇ ਰਹਿਣ ਵਾਲੇ ਹਰ ਜੀਵ-ਜੰਤੂ ਦੇ ਵੱਟ ਕੱਢੇ ਹੋਏ ਹਨ। ਜਦੋਂ ਵਾਯੂਮੰਡਲ ਦਾ ਜ਼ਿਆਦਾ ਦਬਾਅ ਕੁੱਝ ਦਿਨ ਲਗਾਤਾਰ ਬਣਿਆ ਰਹਿੰਦਾ ਹੈ। ਵਾਯੂਮੰਡਲ ਦੇ ਉਪਰਲੇ ਲੈਵਲ ਤੋਂ ਹਵਾ ਧਰਤੀ ਤੱਕ ਪਹੁੰਚਦੇ ਸੰਕੁਚਿਤ ਹੋ ਜਾਣ ਨਾਲ ਤਾਪਮਾਨ 'ਚ ਤੇਜ਼ੀ ਨਾਲ ਵਾਧਾ ਹੋ ਜਾਂਦਾ ਹੈ। ਮੌਸਮ 'ਚ ਬਦਲਾਅ ਕਰਕੇ ਅਪ੍ਰੈਲ-ਜੂਨ ਦੇ ਮਹੀਨੇ 'ਚ ਗਰਮੀ ਦੀਆਂ ਤੇਜ਼ ਲਹਿਰਾਂ ਸਰੀਰ ਅਤੇ ਮਨ ਨੂੰ ਬਿਮਾਰ ਕਰ ਦਿੰਦੀਆਂ ਹਨ।

ਮਨੁੱਖੀ ਸਰੀਰ ਦਾ ਸਿਸਟਮ ਅਜਿਹਾ ਹੈ ਕਿ ਜਦ ਹਵਾ ਦੁਆਰਾ ਪਸੀਨਾ ਸੁੱਕ ਜਾਂਦਾ ਹੈ, ਤਾਂ ਸਰੀਰ 'ਤੇ ਠੰਢਾ ਅਸਰ ਹੁੰਦਾ ਹੈ। ਜਦੋਂ ਪਸੀਨਾ ਆਉਣਾ ਬੰਦ ਹੋ ਜਾਂਦਾ ਹੈ ਜਾਂ ਘੱਟ ਆਉਣ 'ਤੇ ਥਕਾਵਟ ਤੋਂ ਹੀਟ ਸਟ੍ਰੋਕ ਦੀ ਹਾਲਤ ਬਣ ਜਾਂਦੀ ਹੈ। ਦਿਮਾਗ ਦੇ ਖਾਸ ਰਿਫਲੈਕਸ ਕੇਂਦਰ ਸਰੀਰ ਅੰਦਰ ਗਰਮੀ ਦੀ ਪ੍ਰਤੀਕ੍ਰਿਆ ਨੂੰ ਕੰਟਰੋਲ ਕਰਕੇ ਬਚਾਅ ਕਰਦੇ ਹਨ। ਮੌਸਮ ਨੂੰ ਹਮੇਸ਼ਾ ਵਾਚ ਕਰਨ ਦੀ ਲੋੜ ਹੁੰਦੀ ਹੈ। ਹੈਲਥ ਅਥਾਰਿਟੀ ਦੀਆਂ ਸਿਫਾਰਸ਼ਾਂ ਦੀ ਪਾਲਨਾ ਕਰਕੇ ਪਰਿਵਾਰ ਸਮੇਤ ਇਸ ਮੌਸਮ ਦਾ ਸਹੀ ਅਨੰਦ ਲੈ ਸਕਦੇ ਹੋ। ਅੱਜਕੱਲ੍ਹ ਚੱਲ ਰਹੀ ਗਰਮੀ ਦੀ ਲਹਿਰ ਦੌਰਾਣ ਗਰਮੀਆਂ 'ਚ ਕਈ ਕਿਸਮ ਦੇ ਫੱਲ-ਸਬਜ਼ੀਆਂ ਸਰੀਰ ਅਤੇ ਮਨ ਨੂੰ ਹੈਲਦੀ ਰੱਖਣ 'ਚ ਮਦਦ ਕਰਦੇ ਹਨ।

## ਖਿਆਲ ਰੱਖੋ ਗਰਮੀਆਂ ਵਿਚ: ਤੰਦਰੁਸਤੀ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ:

- ਡੇਲੀ ਨਾਈਟ ਵੇਲੇ ਸੌਣ ਤੋਂ ਪਹਿਲਾਂ ਤਾਂਬੇ ਦੇ ਬਰਤਨ 'ਚ ਪਾਣੀ ਢੱਕ ਕੇ ਰੱਖ ਲਵੋ। ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਇਹ ਪਾਣੀ ਪੀਓ।
- ਘਰ ਤੋਂ ਬਾਹਰ ਜਾਣ ਵੇਲੇ ਅੰਬਰੇਲਾ, ਕੈਪ, ਹੈਟ, ਸਨਗਲਾਸ, ਸਨਸਕ੍ਰੀਨ ਲੋਸ਼ਨ ਲਗਾ ਕੇ ਆਪਣੀ ਚਮੜੀ ਅਤੇ ਅੱਖਾਂ ਦੀ ਰੱਖਿਆ ਕਰੋ।
- ਅੱਖਾਂ ਅੰਦਰ ਠੰਢਕ ਮਹਿਸੂਸ ਕਰਨ ਲਈ ਵਾਰ-ਵਾਰ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰਦੇ ਰਹੋ।
- ਮਾਂਸਪੇਸ਼ੀਆਂ ਦੀ ਸਹੀ ਕ੍ਰਿਆ ਲਈ ਸਰੀਰ ਅੰਦਰ ਇਲੈਕਟਰੋਲਾਈਟ ਤੱਤਾਂ ਦੀ ਲੋੜ ਹੁੰਦੀ ਹੈ।
- ਹਾਈਡ੍ਰੇਸ਼ਨ ਦੇ ਉੱਚ ਪੱਧਰ ਨੂੰ ਬਣਾਈ ਰੱਖਣ ਲਈ ਠੰਢੇ ਪਾਣੀ 'ਚ ਕਾਲਾ ਨਮਕ, ਸ਼ੱਕਰ, ਨਿੰਬੂ ਰੱਸ ਮਿਲਾ ਕੇ ਪਿਆਸ ਨਾ ਹੋਣ ਦੇ ਬਾਵਜੂਦ ਵੀ ਦਿਨ ਭਰ ਇਹ ਪਾਣੀ ਪੀਂਦੇ ਰਹੋ।
- ਅਲਕੋਹਲਿਕ ਡ੍ਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਅਲਕੋਹਲ ਡੀਹਾਈਡ੍ਰੇਸ਼ਨ ਨੂੰ ਹੋਰ ਬਦਤਰ ਬਣਾ ਸਕਦੀ ਹੈ।
- ਗਰਮ ਮੌਸਮ 'ਚ ਹਾਜ਼ਮੇ ਨੂੰ ਦਰੁੱਸਤ ਰੱਖਣ ਲਈ ਪ੍ਰੋਟੀਨਯੁਕਤ ਪਦਾਰਥ ਯੋਗਰਟ, ਦਹੀਂ ਦੀ ਲੱਸੀ, ਠੰਢਾ ਦੁੱਧ, ਕੱਚਾ ਪਨੀਰ, ਟੋਫੂ, ਦਾਲਾਂ, ਸੀਡਜ਼, ਫੱਲਾਂ ਦਾ ਰਸ, ਤਾਜ਼ੀ ਸਬਜ਼ੀਆਂ ਦਾ ਠੰਢਾ ਸੂਪ, ਮੈਂਗੋ ਸ਼ੇਕ, ਆਮਪਨਾ, ਨਿੰਬੂ-ਪਾਣੀ ਜਾਂ ਸਾਦਾ ਠੰਢਾ ਪਾਣੀ ਵਗੈਰਾ ਦੀ ਵਰਤੋਂ ਜ਼ਿਆਦਾ ਕਰੋ।
- ਗਰਮੀ ਦੀ ਲਹਿਰ ਦੌਰਾਣ ਘੱਟੋ-ਘੱਟ 8-10 ਗਿਲਾਸ ਪਾਣੀ ਪੀਓ।
- ਸਰੀਰ ਦੀ ਠੰਢਕ ਬਰਕਰਾਰ ਰੱਖਣ ਲਈ ਹਲਕੇ ਕੋਟਨ ਦੇ ਲਾਈਟ ਰੰਗ ਦੇ ਕੱਪੜੇ ਪਹਿਨ ਕੇ ਸਰੀਰ ਦੇ ਤਾਪਮਾਨ, ਪਸੀਨ ਤੇ ਹਵਾ ਦੇ ਅਵਾਗਮਨ ਦਾ ਆਉਣਾ ਬਰਾਬਰ ਰੱਖੋ।
- ਗਰਮ ਮੌਸਮ ਦੌਰਾਣ ਆਪਣ ਸਮਰਥਾ ਮੁਤਾਬਿਕ ਸੈਰ-ਕਸਰਤ ਜ਼ਰੂਰ ਕਰੋ। ਸਿੱਧੀ ਧੁੱਪ 'ਚ ਹੋਣ ਵਾਲੀ ਗਤੀਵਿਧੀ ਆਸਾਨੀ ਨਾਲ ਬਿਮਾਰ ਦਿੰਦੀ ਹੈ।
- ਆਪਣੇ ਪਾਲਤੂ ਜਾਨਵਰਾਂ ਨੂੰ ਖਾਣ ਲਈ ਬਰਫ ਦੇ ਟੁੱਕੜੇ ਦਿਨ ਭਰ ਦਿੰਦੇ ਰਹੋ। ਪੈਟਸ ਅਕਸਰ ਕਰੰਚੀ ਚੀਜ਼ਾਂ ਦਾ ਪੂਰਾ ਅਨੰਦ ਲੈਂਦੇ ਹਨ। ਇਹ ਤਰੀਕਾ ਤੁਹਾਡੇ ਪੈੱਟਸ ਨੂੰ ਗਰਮੀ 'ਚ ਠੰਢਕ ਮਹਿਸੂਸ ਕਰਾਉਂਦਾ ਹੈ।

ਨੋਟ: ਹੀਟ ਵੇਵ ਦੌਰਾਣ ਛੋਟੇ ਬੱਚੇ, ਬਜ਼ੁਰਗ, ਗਰਭਵਤੀ ਔਰਤਾਂ, ਰੋਗੀ, ਅਤੇ ਆਪਣੇ ਬੇ-ਜ਼ੁਬਾਨ ਪਾਲਤੂ ਪੈੱਟਸ ਦਾ ਪੂਰਾ ਧਿਆਣ ਰੱਖਣ ਦੀ ਲੋੜ ਹੁੰਦੀ ਹੈ। ਕੋਈ ਵੀ ਹੈਲਥ ਇਸ਼ੂ ਹੋਣ ਦੀ ਹਾਲਤ 'ਚ ਤੁਰੰਤ ਆਪਣੇ ਡਾਕਟਰ ਦੀ ਸਲਾਹ ਲਵੋ।



# ਅਮਰ ਕਥਾਵਾਂ (ਬਾਲ ਕਹਾਣੀਆਂ)

# ਸ਼ੁੱਧ ਉਚਾਰਨ ਦੀ ਮਹੱਤਤਾ

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254



ਪੰਜਾਬ ਮੇਲUSA

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਇੱਕ ਸਿੱਖ ਗੁਰਬਾਣੀ ਦਾ ਪਾਠ ਕਰ ਰਿਹਾ ਸੀ। ਉਸ ਨੇ ਗੁਰਬਾਣੀ ਦੀ ਤੁਕ ਇਸ ਤਰ੍ਹਾਂ ਪੜ੍ਹੀ, "ਕਰਤੇ ਕੀ ਮਿਤਿ ਕਰਤਾ ਜਾਨੈ ਕੇ ਜਾਨੈ ਗੁਰ ਸੂਰਾ।" ਗੁਰੂ ਜੀ ਨੇ ਹੁਕਮ ਕੀਤਾ, "ਇਸ ਸਿੱਖ ਨੂੰ ਫੜ ਕੇ ਇੱਕ ਲਾਠੀ ਮਾਰੋ।"

ਸਿੱਖਾਂ ਨੇ ਕਿਹਾ, "ਜੀ, ਇਹ ਤਾਂ ਬਾਣੀ ਪੜ੍ਹ ਰਿਹਾ ਸੀ। ਇਸ ਨੂੰ ਇਹ ਸਜ਼ਾ ਕਿਉਂ?" ਗੁਰੂ ਜੀ ਕਹਿਣ ਲੱਗੇ, "ਇਸ ਸਿੱਖ ਨੇ ਗੁਰਬਾਣੀ ਦੀ ਤੁਕ ਦਾ ਉਚਾਰਨ ਠੀਕ ਨਹੀਂ ਕੀਤਾ। ਇਸ ਨਾਲ ਅਰਥ ਦਾ ਅਨਰਥ ਹੋ ਗਿਆ ਹੈ। ਇਸ ਤੁਕ ਦੇ ਅਰਥ ਇਸ ਨੇ ਇਉਂ ਬਣਾ ਦਿੱਤੇ ਹਨ ਕਿ ਕਰਤੇ ਦੀ ਮਿੱਤ ਕਰਤਾ ਹੀ ਜਾਣਦਾ ਹੈ, ਗੁਰੂ ਉਸ ਦੀ ਮਿੱਤ ਨੂੰ ਕੀ ਜਾਣਦਾ ਹੈ? ਭਾਵ ਗੁਰੂ ਉਸ ਕਰਤੇ ਦੀ ਮਿੱਤ ਭਾਵ ਉਸ ਦੀ ਕੀਮਤ ਨੂੰ ਨਹੀਂ ਜਾਣਦਾ।

ਫਿਰ ਗੁਰੂ ਜੀ ਨੇ ਖ਼ੁਦ ਇਸ ਤੁਕ ਦਾ ਸ਼ੁੱਧ ਉਚਾਰਨ ਕੀਤਾ, "ਕਰਤੇ ਕੀ ਮਿਤਿ ਕਰਤਾ ਜਾਨੈ ਕੈ ਜਾਨੈ ਗੁਰ ਸੂਰਾ।"

ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, "ਦੇਖੋ ਭਾਈ, ਹੁਣ 'ਕੇ' ਦੀ ਥਾਂ 'ਕੈ' ਪੜ੍ਹਨ ਨਾਲ ਅਰਥ ਠੀਕ ਬਣ ਜਾਂਦਾ ਹੈ। ਹੁਣ ਇਸ ਤੁਕ ਦਾ ਅਰਥ ਇਉਂ ਹੋਇਆ ਕਿ ਕਰਤੇ ਦੀ ਮਿੱਤ ਜਾਂ ਕਰਤਾ ਆਪ ਜਾਣਦਾ ਹੈ ਅਤੇ ਜਾਂ ਗੁਰੂ ਸੂਰਾ। ਹੋਰ ਤੀਜਾ ਕੋਈ ਉਸ ਕਰਤੇ ਦੀ ਵਡਿਆਈ ਨੂੰ ਪੂਰੀ ਤਰ੍ਹਾਂ ਨਹੀਂ ਜਾਣ ਸਕਦਾ। ਗੁਰਬਾਣੀ ਵਿਚ ਗੁਰੂ ਅਤੇ ਪਰਮੇਸ਼ਰ ਇੱਕ-ਰੂਪ ਕਰ ਕੇ ਦਰਸਾਏ ਗਏ ਹਨ।"

ਸਿੱਖਾਂ ਨੂੰ ਸਮਝ ਆ ਗਈ ਕਿ ਗੁਰਬਾਣੀ ਦਾ ਸ਼ੁੱਧ ਉਚਾਰਨ ਕਰਨ ਨਾਲ ਹੀ ਗੁਰਬਾਣੀ ਦੇ ਅਰਥਾਂ ਦੀ ਠੀਕ ਸਮਝ ਆ ਸਕਦੀ ਹੈ। ਦੁਨਿਆਵੀ ਤੌਰ 'ਤੇ ਵੀ ਵਿੱਦਿਆ ਦੇ ਖੇਤਰ ਵਿਚ ਸ਼ੁੱਧ ਪੜ੍ਹਨਾ, ਸ਼ੁੱਧ ਲਿਖਣਾ ਅਤੇ ਸੁੰਦਰ ਲਿਖਣਾ ਵਿਦਿਆਰਥੀਆਂ ਲਈ ਬੜਾ ਲਾਭਕਾਰੀ ਹੁੰਦਾ ਹੈ।

## ਝੂਠ ਦਾ ਸਹਾਰਾ ਨਾ ਲਵੋ

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਦੋ ਦਿਨਾਂ ਦਾ ਸਮਾਗਮ ਚੱਲ ਰਿਹਾ ਸੀ। ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਦੋਵੇਂ ਦਿਨ ਸਮਾਗਮ 'ਚ ਹਾਜ਼ਰੀ ਭਰਨੀ ਹੈ। ਇੱਕ ਪਿੰਡ ਦੀ ਸੰਗਤ ਇੱਕ ਦਿਨ ਦਾ ਸਮਾਗਮ ਸਮਾਪਤ ਹੋਣ 'ਤੇ ਜਾਣਾ ਚਾਹੁੰਦੀ ਸੀ। ਉਸ ਪਿੰਡ ਦੀ ਸੰਗਤ ਨੇ ਸੋਚਿਆ ਕਿ ਗੁਰੂ ਜੀ ਨੇ ਜਾਣ ਦੀ ਆਗਿਆ ਨਹੀਂ ਦੇਣੀ। ਉਨ੍ਹਾਂ ਨੇ ਸੋਚ-ਸੋਚ ਕੇ ਇੱਕ ਤਰੀਕਾ ਵਰਤਿਆ। ਉਨ੍ਹਾਂ ਨੇ ਇੱਕ ਅਰਥੀ ਤਿਆਰ ਕਰ ਲਈ। ਆਪਣੇ ਵਿਚੋਂ ਇੱਕ ਬੰਦੇ ਨੂੰ ਉਸ ਵਿਚ ਲਿਟਾ ਲਿਆ। ਚਾਰ ਬੰਦਿਆਂ ਨੇ ਉਹ ਅਰਥੀ ਆਪਣੇ ਮੋਢਿਆਂ 'ਤੇ ਚੁੱਕ ਲਈ। ਗੁਰੂ ਜੀ ਤੋਂ ਆਗਿਆ ਲੈਣ ਲਈ ਉਹ ਅਰਥੀ ਸਮੇਤ ਆਏ। ਅਰਥੀ ਹੇਠਾਂ ਉਤਾਰ ਕੇ ਉਹ ਬੰਦੇ ਗੁਰੂ ਜੀ ਅੱਗੇ ਪੇਸ਼ ਹੋਏ।

ਗੁਰੂ ਜੀ ਨੂੰ ਉਨ੍ਹਾਂ ਵਿਚੋਂ ਇਕ ਮੁਖੀ ਬੰਦੇ ਨੇ ਬੇਨਤੀ ਕੀਤੀ, "ਮਹਾਰਾਜ, ਸਾਡਾ ਇਹ ਬੰਦਾ ਅਚਾਨਕ ਅਕਾਲ-ਚਲਾਣਾ ਕਰ ਗਿਆ ਹੈ। ਸਾਨੂੰ ਹੁਣ ਇਸ ਦੇ ਅੰਤਮ ਸਸਕਾਰ ਲਈ ਪਿੰਡ ਪਹੁੰਚਣਾ ਪੈਣਾ ਹੈ। ਸਾਨੂੰ ਜਾਣ ਦੀ ਆਗਿਆ ਦੇਣ ਦੀ ਕਿਰਪਾ ਕਰੋ।"

ਗੁਰੂ ਜੀ ਨੇ ਅਰਥੀ ਹੇਠਾਂ ਲਾਹੁਣ ਦਾ ਹੁਕਮ ਕੀਤਾ। ਰਾਗੀ ਜਥੇ ਨੂੰ ਕੀਰਤਨ ਸ਼ੁਰੂ ਕਰਨ ਲਈ ਕਿਹਾ। ਇੱਕ ਸਿੱਖ ਨੂੰ ਕੋਲ ਬੁਲਾ ਕੇ ਬਲਦੀ ਹੋਈ ਚੁਆਤੀ ਲਿਆਉਣ ਲਈ ਕਿਹਾ। ਗੁਰੂ ਜੀ ਨੇ ਉਸ ਪਿੰਡ ਦੀ ਸੰਗਤ ਨੂੰ ਕਿਹਾ ਕਿ ਇਸ ਵਿਅਕਤੀ ਦੀ ਦੇਹ ਦਾ ਅੰਤਮ ਸਸਕਾਰ ਇੱਥੇ ਹੀ ਕਰ ਦਿੱਤਾ ਜਾਵੇਗਾ।

ਸਿੱਖ ਬਲਦੀ ਹੋਈ ਚੁਆਤੀ ਲੈ ਕੇ ਆਇਆ। ਚੁਆਤੀ ਅਰਥੀ ਦੇ ਨੇੜੇ ਕਰਨ ਦੀ ਦੇਰ ਸੀ ਕਿ ਅਰਥੀ ਵਿਚ ਪਿਆ ਬੰਦਾ ਉੱਠ ਕੇ ਦੌੜ ਨਿਕਲਿਆ। ਉਸ ਨੂੰ ਦੌੜਦੇ ਜਾਂਦੇ ਦੇਖ ਕੇ ਸਾਰੀ ਸੰਗਤ ਦਾ ਹਾਸਾ ਛੁੱਟ ਗਿਆ।

ਆਗਿਆ ਲੈਣ ਵਾਲੀ ਸੰਗਤ ਨੇ ਸ਼ਰਮਿੰਦੇ ਹੋ ਕੇ ਮੁਆਫ਼ੀ ਮੰਗੀ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ, "ਭਾਈ ਸਿੱਖੋ! ਜੇ ਤੁਸੀਂ ਜ਼ਰੂਰ ਹੀ ਜਾਣਾ ਸੀ, ਤਾਂ ਸਾਨੂੰ ਆ ਕੇ ਕਹਿ ਦਿੰਦੇ। ਇਹ ਅਰਥੀ ਵਾਲਾ ਝੂਠਾ ਬਹਾਨਾ ਬਣਾਉਣ ਦੀ ਕੀ ਲੋੜ ਸੀ? ਜ਼ਿੰਦਗੀ ਵਿਚ ਕਦੇ ਵੀ ਆਪਣੀ ਗੱਲ ਮੰਨਵਾਉਣ ਲਈ ਝੂਠ ਜਾਂ ਕਪਟ ਦਾ ਸਹਾਰਾ ਨਹੀਂ ਲੈਣਾ ਚਾਹੀਦਾ। ਇਸ ਨਾਲ ਬਦਨਾਮੀ ਵੀ ਹੁੰਦੀ ਹੈ ਅਤੇ ਸੱਚ ਪਤਾ ਲੱਗਣ 'ਤੇ ਸ਼ਰਮਿੰਦੇ ਵੀ ਹੋਣਾ ਪੈਂਦਾ ਹੈ।"

ਝੂਠ ਦੇ ਕਦੇ ਪੈਰ ਨਹੀਂ ਹੁੰਦੇ। ਇੱਕ ਝੂਠ ਨੂੰ ਛੁਪਾਉਣ ਲਈ ਸੌ ਝੂਠ ਹੋਰ ਬੋਲਣੇ ਪੈਂਦੇ ਹਨ। ਇਸ ਲਈ ਸਾਨੂੰ ਸਦਾ ਸੱਚ ਹੀ ਬੋਲਣਾ ਚਾਹੀਦਾ ਹੈ।

## ਅਸਲੀ ਆਗਿਆਕਾਰੀ ਕੌਣ?

ਇਸਾਈ ਧਰਮ ਦੇ ਬਾਨੀ ਯਿਸੂ ਮਸੀਹ (Jesus Christ) ਨੂੰ ਚੇਲਿਆਂ ਨੇ ਪੁੱਛਿਆ, "ਆਪ ਜੀ ਆਗਿਆਕਾਰੀ ਚੇਲਾ ਕਿਸ ਨੂੰ ਮੰਨਦੇ ਹੋ?"

ਯਿਸੂ ਮਸੀਹ ਨੇ ਉੱਤਰ ਵਿਚ ਉਨ੍ਹਾਂ ਨੂੰ ਇੱਕ ਕਹਾਣੀ ਸੁਣਾਈ :

ਇੱਕ ਆਦਮੀ ਦੇ ਦੋ ਪੁੱਤਰ ਸਨ। ਇੱਕ ਦਿਨ ਉਸ ਨੇ ਆਪਣੇ ਵੱਡੇ ਪੁੱਤਰ ਨੂੰ ਕਿਹਾ, "ਬੇਟੇ ਜਾਓ। ਅੱਜ ਖੇਤਾਂ 'ਚ ਗੋਡੀ ਕਰਨ ਦੀ ਲੋੜ ਹੈ। ਜਾ ਕੇ ਗੋਡੀ ਕਰੋ। ਮੈਨੂੰ ਅੱਜ ਸ਼ਹਿਰ ਕੰਮ ਹੈ।"

ਵੱਡੇ ਪੁੱਤਰ ਨੇ ਉੱਤਰ ਦਿੱਤਾ, "ਪਿਤਾ ਜੀ, ਮੇਰੀ ਤਬੀਅਤ ਕੁਝ ਠੀਕ ਨਹੀਂ ਲੱਗਦੀ। ਅੱਜ ਮੇਰੇ ਲਈ ਇਹ ਕੰਮ ਕਰਨਾ ਮੁਸ਼ਕਲ ਹੈ।"

ਵੱਡੇ ਪੁੱਤਰ ਦਾ ਉੱਤਰ ਸੁਣ ਕੇ ਉਸ ਆਦਮੀ ਨੇ ਛੋਟੇ ਪੁੱਤਰ ਨੂੰ ਖੇਤਾਂ 'ਚ ਗੋਡੀ ਕਰਨ ਲਈ ਕਿਹਾ।

ਛੋਟਾ ਪੁੱਤਰ ਬੋਲਿਆ, "ਮੈਂ ਹੁਣੇ ਖੇਤਾਂ 'ਚ ਜਾ ਕੇ ਗੋਡੀ ਕਰਨ ਦਾ ਕੰਮ ਨਿਬੇੜਦਾ ਹਾਂ। ਤੁਸੀਂ ਬੇਫ਼ਿਕਰ ਹੋ ਕੇ ਸ਼ਹਿਰ ਜਾਓ।"

ਉਹ ਆਦਮੀ ਆਪਣੇ ਛੋਟੇ ਪੁੱਤਰ ਦਾ ਉੱਤਰ ਸੁਣ ਕੇ ਬੜਾ ਖੁਸ਼ ਹੋਇਆ। ਉਹ ਬੇਫ਼ਿਕਰ ਹੋ ਕੇ ਸ਼ਹਿਰ ਚਲਾ ਗਿਆ।

ਦੁਪਹਿਰ ਤੋਂ ਬਾਅਦ ਵਾਪਸੀ 'ਤੇ ਉਹ ਆਦਮੀ ਖੇਤਾਂ ਵਿਚ ਹੀ ਚਲਾ ਗਿਆ।

ਉਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਉਸ ਦਾ ਵੱਡਾ ਪੁੱਤਰ ਗੋਡੀ ਦੇ ਕੰਮ ਵਿਚ ਲੱਗਾ ਹੋਇਆ ਸੀ। ਬੱਸ ਥੋੜ੍ਹਾ ਜਿਹਾ ਕੰਮ ਬਾਕੀ ਸੀ। ਛੋਟਾ ਪੁੱਤਰ ਉਸ ਨੂੰ ਕਿਤੇ ਨਜ਼ਰ ਨਹੀਂ ਆਇਆ।

ਘਰ ਗਿਆ ਤਾਂ ਉਸ ਨੇ ਆਪਣੀ ਪਤਨੀ ਨੂੰ ਛੋਟੇ ਪੁੱਤਰ ਬਾਰੇ ਪੁੱਛਿਆ।

ਪਤਨੀ ਨੇ ਦੱਸਿਆ, "ਸਵੇਰੇ ਪਹਿਲਾਂ ਉਹ ਆਪਣੇ ਦੋਸਤਾਂ ਨਾਲ ਖੇਡਣ ਚਲਾ ਗਿਆ ਸੀ। ਘਰ ਆ ਕੇ ਦੁਪਹਿਰੇ ਥੱਕਿਆ ਹੋਣ ਕਰ ਕੇ ਉਹ ਸੌਂ ਗਿਆ ਸੀ। ਅਜੇ ਉਹ ਸੁੱਤਾ ਹੀ ਪਿਐ।" ਇਹ ਕਹਾਣੀ ਸੁਣਾ ਕੇ ਯਿਸੂ ਮਸੀਹ ਨੇ ਚੇਲਿਆਂ ਨੂੰ ਸਮਝਾਇਆ, "ਦੇਖੋ, ਛੋਟੇ ਪੁੱਤਰ ਨੇ ਕਿੰਨੀ ਫ਼ੁਰਤੀ ਨਾਲ ਆਪਣੇ ਪਿਤਾ ਦੀ ਆਗਿਆ ਆਪਣੇ ਬੋਲਾਂ ਨਾਲ ਮੰਨੀ। ਪਿਤਾ ਖੁਸ਼ ਹੋ ਗਿਆ ਪਰ ਉਹ ਖੇਤਾਂ 'ਚ ਗੋਡੀ ਕਰਨ ਨਹੀਂ ਗਿਆ। ਵੱਡੇ ਪੁੱਤਰ ਦੀ ਤਬੀਅਤ ਭਾਵੇਂ ਕੁਝ ਠੀਕ ਨਹੀਂ ਸੀ, ਫਿਰ ਵੀ ਉਸ ਨੇ ਪਿਤਾ ਦੀ ਆਗਿਆ 'ਤੇ ਅਮਲ ਕਰਨਾ ਜ਼ਰੂਰੀ ਸਮਝਿਆ। ਅਸਲੀ ਆਗਿਆਕਾਰੀ ਉਹੀ ਹੈ, ਜੋ ਆਗਿਆ ਨੂੰ ਅਮਲ ਵਿਚ ਲਿਆਉਂਦਾ ਹੈ। ਉਹ ਬੰਦਾ ਆਗਿਆਕਾਰੀ ਨਹੀਂ ਹੈ, ਜਿਹੜਾ ਮੂੰਹ ਨਾਲ ਤਾਂ 'ਹਾਂ ਜੀ, ਹਾਂ ਜੀ' ਕਹਿ ਕੇ ਉੱਤਰ ਦਿੰਦਾ ਹੈ ਪਰ ਉਸ 'ਤੇ ਅਮਲ ਨਹੀਂ ਕਰਦਾ।

## ਕਹੀ ਵੀ ਇਨ੍ਹਾਂ ਪਾਸ ਹੀ ਹੈ

ਇੱਕ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਬਾਬੀਆਂ ਨੇ ਇੱਕ ਸ਼ਬਦ ਪੜ੍ਹਿਆ। ਗੁਰਬਾਣੀ ਦੇ ਉਸ ਸ਼ਬਦ ਵਿਚ ਮਾਇਆ ਦੇ ਲੋਭ ਤੋਂ ਬਚਣ ਦਾ ਉਪਦੇਸ਼ ਸੀ। ਸਿੱਖਾਂ ਨੇ ਕਿਹਾ, "ਗੁਰੂ ਜੀ, ਰਾਗੀਆਂ ਨੇ ਬੜਾ ਹੀ ਸੁੰਦਰ ਸ਼ਬਦ ਪੜ੍ਹਿਆ ਹੈ। ਇਨ੍ਹਾਂ ਦੇ ਗਲੇ 'ਚ ਵੀ ਰਸ ਹੈ।"

ਗੁਰੂ ਜੀ ਕੁਝ ਨਹੀਂ ਬੋਲੇ।

ਦੂਜੀ ਵਾਰ ਸਿੱਖਾਂ ਵੱਲੋਂ ਸਿਫ਼ਤਾਂ ਦੇ ਪੁਲ ਬੰਨ੍ਹਣ 'ਤੇ ਗੁਰੂ ਜੀ ਨੇ ਕਿਹਾ, "ਹਾਂ ਭਾਈ ਸ਼ਬਦ ਤਾਂ ਇਨ੍ਹਾਂ ਨੇ ਸੋਹਣਾ ਪੜ੍ਹਿਆ ਹੈ ਪਰ ਕਹੀ ਵੀ ਇਨ੍ਹਾਂ ਪਾਸ ਹੀ ਹੈ।"

ਗੁਰੂ ਜੀ ਵੱਲੋਂ ਪਾਈ ਬੁਝਾਰਤ ਸਿੱਖਾਂ ਨੂੰ ਸਮਝ ਨਹੀਂ ਆਈ। ਪੁੱਛਣ 'ਤੇ ਗੁਰੂ ਜੀ ਨੇ ਇੱਕ ਕਹਾਣੀ ਸੁਣਾਈ, "ਕਿਸੇ ਪਿੰਡ ਵਿਚ ਪਿੰਡ ਦੇ ਮੁਖੀ ਦੀ ਕਹੀ ਗੁਆਚ ਗਈ। ਉਸ ਨੇ ਇੱਕ ਢੋਲੀ ਰਾਹੀਂ ਸਾਰੇ ਪਿੰਡ ਵਿਚ ਢੰਡੋਰਾ ਪਿਟਵਾਇਆ ਕਿ ਜਿਸ ਕੋਲ ਕਹੀ ਹੋਵੇ, ਵਾਪਸ ਕਰ ਦੇਵੇ। ਨਾ ਕਿਸੇ ਨੇ ਕਹੀ ਦਿੱਤੀ ਅਤੇ ਨਾ ਹੀ ਕੋਈ ਮੰਨਿਆ। ਫਿਰ ਪਿੰਡ ਦੇ ਘਰਾਂ ਦੀ ਤਲਾਸ਼ੀ ਵੀ ਲਈ ਗਈ। ਕਹੀ ਫਿਰ ਵੀ ਨਾ ਨਿਕਲੀ। ਪਿੰਡ 'ਚੋਂ ਕਿਸੇ ਨੇ ਕਿਹਾ ਕਿ ਪਿੰਡ ਦੇ ਬਾਹਰਵਾਰ ਢੋਲੀ ਦਾ ਘਰ ਤਾਂ ਦੇਖਿਆ ਨਹੀਂ, ਉਸ ਦਾ ਘਰ ਵੀ ਦੇਖੋ। ਤਲਾਸ਼ੀ ਲਈ ਤਾਂ ਢੋਲੀ ਦੇ ਘਰੋਂ ਹੀ ਕਹੀ ਨਿਕਲ ਆਈ। ਪਿੰਡ ਦੇ ਮੁਖੀ ਨੇ ਢੋਲੀ ਦਾ ਢੋਲ ਪਾੜ ਦਿੱਤਾ ਅਤੇ ਉਸ ਨੂੰ ਪਿੰਡ 'ਚੋਂ ਬੇਦਖਲ ਵੀ ਕਰ ਦਿੱਤਾ।"

ਇਹ ਕਹਾਣੀ ਸੁਣਾ ਕੇ ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, "ਭਾਈ, ਇਹ ਰਬਾਬੀ ਦੂਜਿਆਂ ਨੂੰ ਮਾਇਆ ਦੇ ਲੋਭ ਤੋਂ ਬਚਣ ਦਾ ਉਪਦੇਸ਼ ਸ਼ਬਦ ਗਾ ਕੇ ਦੇ ਰਹੇ ਸਨ ਪਰ ਇਨ੍ਹਾਂ ਦਾ ਧਿਆਨ ਮਿਲ ਰਹੀ ਮਾਇਆ ਵੱਲ ਹੀ ਸੀ। ਤਾਂ ਹੀ ਅਸੀਂ ਕਿਹਾ ਹੈ ਕਿ ਕਹੀ ਵੀ ਇਨ੍ਹਾਂ ਪਾਸ ਹੀ ਹੈ।"

ਰਬਾਬੀਆਂ ਸਮੇਤ ਹਾਜ਼ਰ ਸਿੱਖ ਗੁਰੂ ਜੀ ਦੀ ਸਿੱਖਿਆ ਨੂੰ ਸਮਝ ਗਏ ਕਿ ਦੂਜਿਆਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਉਸ ਉਪਦੇਸ਼ 'ਤੇ ਆਪ ਵੀ ਅਮਲ ਕਰਨਾ ਚਾਹੀਦਾ ਹੈ। ਜੇਕਰ ਅਸੀਂ ਦੂਜਿਆਂ ਨੂੰ ਸੱਚ ਬੋਲਣ ਦੀ ਅਤੇ ਲਾਲਚ ਨਾ ਕਰਨ ਦੀ ਸਿੱਖਿਆ ਦਿੰਦੇ ਹਾਂ ਤਾਂ ਸਾਨੂੰ ਖ਼ੁਦ ਵੀ ਲਾਲਚ ਤੋਂ ਬਚਦੇ ਹੋਏ ਸਦਾ ਸੱਚ ਬੋਲਣਾ ਚਾਹੀਦਾ ਹੈ।

## ਰੱਬ ਦੀਆਂ ਮੌਜਾਂ

ਸਾਰੇ ਪਾਸੇ ਸੁੱਖ ਵਰਤਾਈਂ ਬਾਬਾ ਨਾਨਕਾ।
ਮਾੜਿਆਂ ਹਾਲਾਤਾਂ ਤੋਂ ਬਚਾਈਂ ਬਾਬਾ ਨਾਨਕਾ।

ਨਸ਼ੇ ਦੇ ਦਰਿਆਵਾਂ ਵਿਚ ਡੁੱਬ ਗਈ ਜ਼ਵਾਨੀ ਅੱਜ
ਕਰਕੇ ਕਿਰਪਾ ਕਢਾਈਂ ਬਾਬਾ ਨਾਨਕਾ।

ਘਰੋਂ ਨਾ ਬੇਘਰ ਹੋਵੇ ਕੋਈ ਇਨਸਾਨ ਏਥੇ
ਸਿਰਾਂ ਉੱਤੋਂ ਛੱਤ ਨਾ ਉਠਾਈਂ ਬਾਬਾ ਨਾਨਕਾ।

ਕਰਦੇ ਜੋ ਸੇਵਾ ਮੰਨ ਤੇਰਿਆਂ ਸਿਧਾਂਤਾਂ ਤਾਈਂ
ਉਨ੍ਹਾਂ ਦਾ ਵੀ ਹੌਂਸਲਾ ਵਧਾਈਂ ਬਾਬਾ ਨਾਨਕਾ।

ਚੱਲੇ ਅੱਜ ਲੰਗਰ ਤੁਹਾਡੇ ਵੀਹ ਰੁਪਈਆਂ ਵਾਲਾ
ਵਰਤਾਉਣ ਤੇਰੇ ਪਿਆਰੇ ਥਾਈਂ ਥਾਈਂ ਬਾਬਾ ਨਾਨਕਾ।

ਭਵਸਾਗਰ ਦੇ ਵਿਚੋਂ ਤਾਰੇ ਗੁਰਬਾਣੀ ਤੇਰੀ
ਨਾਮ ਦੇ ਜਹਾਜ਼ 'ਤੇ ਚੜ੍ਹਾਈਂ ਬਾਬਾ ਨਾਨਕਾ।

ਭੱਠਲਾਂ ਦਾ ਗਿੱਲ ਮਲਕੀਤ ਡਿੱਗਾ ਚਰਨਾਂ 'ਤੇ
ਖੈਰ ਝੋਲੀ ਮੰਗਤੇ ਦੀ ਪਾਈਂ ਬਾਬਾ ਨਾਨਕਾ।

ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943



ਪੰਜਾਬ ਮੇਲUSA

## ਠੋਕਰਾਂ ਨੇ ਸਬਕ ਸਿਖਾਇਆ

ਹੁੰਦਾ ਨਾ ਕੋਈ ਪੜ੍ਹਿਆ-ਪੜ੍ਹਾਇਆ।
ਠੋਕਰਾਂ ਸਭ ਨੂੰ ਸਬਕ ਸਿਖਾਇਆ।

ਹੱਥੀਂ ਸਭ ਕੁਝ ਕਰਨਾ ਪੈਂਦਾ
ਮਿਲਦਾ ਨਾ ਸਭ ਕੀਤਾ-ਕਰਾਇਆ।

ਘਾਲ ਘਾਲਣੀ ਪਵੇਗੀ ਸਾਨੂੰ
ਕਿਤੇ ਨਹੀਂ ਹੈ ਬਣਿਆ-ਬਣਾਇਆ।

ਐਵੇਂ ਹੀ ਨਹੀਂ ਕੁਝ ਵੀ ਮਿਲਦਾ
ਘੱਟ-ਵੱਧ ਸਭ ਨੇ ਹੋਵੇ ਗਵਾਇਆ।

ਬੀਤੇ ਜ਼ਿੰਦਗੀ ਪਲ-ਪਲ ਮੇਰੀ
ਕੀ ਮੈਂ ਖੱਟਿਆ ਕੀ ਮੈਂ ਪਾਇਆ।

ਓਹੀ ਤੇ ਓਨਾਂ ਹੈ ਮਿਲਦਾ
ਜੋ ਕਰਮਾਂ ਵਿਚ ਲਿਖ ਲੈ ਆਇਆ।

ਲਿਖਿਆ ਮੈਂ ਜੋ ਇਸ ਕਵਿਤਾ ਵਿਚ
ਓਸ ਖ਼ੁਦਾ ਨੇ ਹੈ ਲਿਖਵਾਇਆ।

ਭਵਸਾਗਰ ਉਹ ਪਾਰ ਕਰੇਂਦੇ
ਜਿਨ੍ਹਾਂ ਓਹਦਾ ਨਾਮ ਧਿਆਇਆ।

'ਨਵ ਸੰਗੀਤ' ਨੂੰ ਮਾਣ ਇੱਕੋ ਤੇ
ਜੀਹਨੇ ਏਨਾਂ ਮਾਣ ਦਿਵਾਇਆ।

-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015



ਪੰਜਾਬ ਮੇਲUSA

## ਪਰਦੇਸੀ ਮੇਜ਼ਬਾਨ

ਸਵਾਗਤ ਹੈ ਤੁਸੀਂ ਆਏ ਘਰ ਸਾਡੇ,
ਆਉ ਜੀ! ਪਧਾਰੋ ਖੁੱਲ੍ਹੇ ਦਰ ਸਾਡੇ।
ਤੁਹਾਡਾ ਹਰ ਕਦਮ ਸਾਡੇ ਸਿਰ ਮੱਥੇ ,
ਜਿੱਥੇ ਪੈਰ ਧਰੋਂ ਅੱਖਾਂ ਵਿਛਾਵਾਂ ਉੱਥੇ।

ਸਾਡਿਆਂ ਦਰ 'ਤੇ ਹੋਈ ਹੈ ਆਹਟ
ਮਹਿਕਾਂ ਦੀ ਹੋਈ ਹੈ ਸਰਸਰਾਹਟ।
ਸੰਗ ਮੁਹੱਬਤ ਭਰਿਆ ਹੈ ਵਿਹੜਾ,
ਰੀਝਾਂ ਸੱਧਰਾਂ ਲਾਇਆ ਹੈ ਗੇੜਾ।

ਅਰਾਮ ਕਰੋ ਬੈਠੋ ਹੋਵੋ ਤਾਜ਼ਾ ਦਮ,
ਪੀਉ ਠੰਢਾ ਠਾਰ ਜਾਂ ਚਾਹ ਗਰਮ।
ਖਾਉ ਨਮਕੀਨ ਨਾਲ਼ੇ ਮਿਠਆਈ,
ਦੁੱਖ ਸੁੱਖ ਸਾਂਝੇ ਮਿਲ਼ ਕਰੋ ਭਾਈ।

ਪੀਣ ਵਾਲੇ ਜ਼ਰਾ ਇੱਧਰ ਆ ਜਾਓ,
ਹਾੜਾ ਇੱਕ ਜਾਂ ਦੋ ਤੁਸੀਂ ਵੀ ਲਾਓ।
ਨਵੀਂ ਸੁਣਾਈਏ ਕੋਈ ਸੁਣ ਛੱਡੀਏ,
ਮਿਲ਼ਕੇ ਖੁਸ਼ੀਆਂ ਦੇ ਫ਼ੁਹਾਰੇ ਛੱਡੀਏ।

ਮਸਾਂ ਮਸਾਂ ਜੁੜੀ ਹੈ ਅੱਜ ਮਹਿਫ਼ਲ,
ਖੁਸ਼ੀ ਬਿਨ ਵੀ ਹੈ ਜੀਣਾ ਨਿਹਫਲ।
ਰਲ ਮਿਲ ਪਾਈਏ ਹਾਸਾ ਤੇ ਠੱਠਾ,
ਬੋਝ ਦਿਮਾਗ ਦਾ ਕਰ ਲਓ ਮੱਠਾ।

ਪਾਣੀ ਦੀ ਥਾਂ ਆਓ ਡੱਫੀਏ ਅੱਗ,
ਤੇ ਗੱਲੀਂ ਬਾਤੀਂ ਜਿੱਤ ਲਈਏ ਜੱਗ।
ਧੰਨਵਾਦ ਦੋਸਤੋ ਤਹਿ ਦਿਲੋਂ ਤਮਾਮ,
ਰੋਮ ਰੋਮ ਆਖਦੈ ਨੂਰਪੁਰੀ ਸਲਾਮ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲUSA




# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

**FOR SALE & PURCHASE OF ANY KIND OF PROPERTY**

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com